Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA

REALTYONEGROUP
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।

Gurjatinder S. Randhawa
REALTOR
916-320-9444

Vol. 17, Issue- 739, 02 to 08 Mar. 2023, Ph: 916-320-9444, E-mail: punjabmailusa@yahoo.com, Web: punjabmailusa.com

## ਅਮਰੀਕਾ, ਕੈਨੇਡਾ, ਯੂਰੋਪੀ ਯੂਨੀਅਨ ਤੇ ਡੈਨਮਾਰਕ ਵੱਲੋਂ ਟਿਕਟੌਕ 'ਤੇ ਪਾਬੰਦੀ



■ ਵ੍ਹਾਈਟ ਹਾਊਸ ਵੱਲੋਂ ਆਪਣੀਆਂ ਸੰਘੀ ਏਜੰਸੀਆਂ ਨੂੰ 30 ਦਿਨਾਂ ਦੀ ਮੋਹਲਤ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ, ਯੂਰੋਪੀ ਯੂਨੀਅਨ, ਕੈਨੇਡਾ ਤੇ ਡੈਨਮਾਰਕ ਨੇ ਚੀਨੀ ਮਾਲਕੀ ਵਾਲੇ ਵੀਡੀਓ ਸ਼ੇਅਰਿੰਗ ਐਪ 'ਟਿਕਟੌਕ' ਉੱਤੇ ਪਾਬੰਦੀ ਲਾ ਦਿੱਤੀ ਹੈ। ਇਨ੍ਹਾਂ ਮੁਲਕਾਂ ਨੇ ਸਾਰੇ ਸਰਕਾਰੀ ਯੰਤਰਾਂ (ਮੋਬਾਈਲਾਂ) 'ਚੋਂ ਐਪ ਹਟਾਉਣ ਲਈ ਆਖ ਦਿੱਤਾ ਹੈ। ਵ੍ਹਾਈਟ ਹਾਊਸ ਨੇ ਆਪਣੀਆਂ ਸੰਘੀ ਏਜੰਸੀਆਂ ਨੂੰ ਇਸ ਕੰਮ ਲਈ 30 ਦਿਨਾਂ ਦੀ ਮੋਹਲਤ ਦਿੱਤੀ ਹੈ। ਅਮਰੀਕਾ ਦੇ ਪ੍ਰਬੰਧਨ ਤੇ ਬਜਟ ਦਫ਼ਤਰ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਮੁਤਾਬਕ ਇਹ ਐਪ ਸੰਵੇਦਨਸ਼ੀਲ ਸਰਕਾਰੀ ਡੇਟਾ ਲਈ ਵੱਡਾ ਜ਼ੋਖ਼ਮ ਖੜ੍ਹਾ ਕਰ ਸਕਦਾ ਹੈ। ਰੱਖਿਆ, ਗ੍ਰਹਿ ਤੇ ਵਿਦੇਸ਼ ਵਿਭਾਗ ਸਣੇ ਕੁਝ ਹੋਰ ਏਜੰਸੀਆਂ ਐਪ 'ਤੇ ਪਾਬੰਦੀ ਲਈ ਪਹਿਲਾਂ ਹੀ ਲੋੜੀਂਦੀਆਂ ਹਦਾਇਤਾਂ ਜਾਰੀ ਕਰ ਚੁੱਕੀਆਂ ਹਨ। ਡੈਨਮਾਰਕ ਦੀ ਸੰਸਦ ਨੇ ਵੀ 179 ਮੈਂਬਰੀ ਅਸੈਂਬਲੀ 'ਚ ਕੰਮ ਕਰਦੇ ਮੁਲਾਜ਼ਮਾਂ ਤੇ ਕਾਨੂੰਨਘਾੜਿਆਂ ਨੂੰ ਸਾਈਬਰ ਸੁਰੱਖਿਆ ਉਪਰਾਲਿਆਂ ਦੇ ਮੱਦੇਨਜ਼ਰ ਆਪੋ ਆਪਣੇ ਮੋਬਾਈਲ ਫੋਨਾਂ 'ਚੋਂ ਟਿਕਟੌਕ ਐਪ ਹਟਾਉਣ ਲਈ ਆਖ ਦਿੱਤਾ ਹੈ। ਸੰਸਦ ਨੇ ਕਿਹਾ ਕਿ ਇਸ ਐਪ ਦੇ ਫੋਨ ਵਿਚ ਹੋਣ ਨਾਲ ਜਾਸੂਸੀ ਦਾ ਜ਼ੋਖ਼ਮ ਹੋ ਸਕਦਾ ਹੈ। ਚੀਨੀ ਮਾਲਕੀ ਵਾਲਾ 'ਟਿਕਟੌਕ' ਵੀਡੀਓ ਸ਼ੇਅਰਿੰਗ ਐਪ ਹੈ ਤੇ ਸੁਰੱਖਿਆ ਤੇ ਡੇਟਾ ਪ੍ਰਾਈਵੇਸੀ ਨਾਲ ਜੁੜੇ ਫਿਕਰਾਂ ਕਰਕੇ ਕੁਝ ਯੂਰੋਪੀ ਮੁਲਕਾਂ ਵਿਚ ਵੀ ਇਸ ਐਪ ਨੂੰ ਬੰਦ ਕਰਨ ਦੀ ਲਗਾਤਾਰ ਮੰਗ ਉੱਠ ਰਹੀ ਹੈ। ਅਜਿਹਾ ਮੰਨਿਆ ਜਾਂਦਾ ਹੈ ਕਿ ਪੇਈਚਿੰਗ ਪੱਖੀ ਨਜ਼ਰੀਏ ਦੇ ਪ੍ਰਚਾਰ ਪਸਾਰ ਜਾਂ ਵਰਤੋਕਾਰਾਂ ਦੀ ਸੂਚਨਾ 'ਚ ਸੰਨ੍ਹ ਲਈ 'ਟਿਕਟੌਕ' ਦੀ ਵਰਤੋਂ ਕੀਤੀ ਜਾ ਸਕਦੀ ਹੈ। ਡੈਨਿਸ਼ ਸੰਸਦ ਦੇ ਸਪੀਕਰ ਸੋਰੇਨ ਗੇਡ ਨੇ ਕਿਹਾ ਕਿ ਕਾਨੂੰਨਘਾੜਿਆਂ ਤੇ ਮੁਲਾਜ਼ਮਾਂ ਨੂੰ ਇਕ ਈਮੇਲ ਭੇਜ ਕੇ ਟਿਕਟੌਕ ਐਪ ਨੂੰ ਡਿਲੀਟ ਕੀਤੇ ਜਾਣ ਦੀ ਜ਼ੋਰਦਾਰ ਸਿਫ਼ਾਰਸ਼ ਕੀਤੀ ਗਈ ਹੈ। ਡੈਨਿਸ਼ ਅਸੈਂਬਲੀ ਨੇ ਦੇਸ਼ ਦੇ ਸਾਈਬਰ ਸੁਰੱਖਿਆ ਬਾਰੇ ਕੇਂਦਰ ਵੱਲੋਂ ਕੀਤੀ ਸਮੀਖਿਆ ਮਗਰੋਂ ਉਪਰੋਕਤ ਸਿਫਾਰਸ਼ ਕੀਤੀ ਹੈ।

## ਸਟਾਕਟਨ 'ਚ ਵਾਪਰੇ ਸੜਕ ਹਾਦਸੇ ਦੌਰਾਨ 21 ਸਾਲਾ ਪੰਜਾਬਣ ਦੀ ਮੌਤ

■ ਦੂਜੇ ਕਾਰ ਦੇ ਡਰਾਈਵਰ ਦੀ ਵੀ ਮੌਕੇ 'ਤੇ ਹੋਈ ਮੌਤ




ਗੁਰਜੋਤ ਕੌਰ ਦੀ ਪੁਰਾਣੀ ਤਸਵੀਰ ਅਤੇ ਹਾਦਸੇ ਦੌਰਾਨ ਕਾਰਾਂ।

ਸਟਾਕਟਨ, (ਪੰਜਾਬ ਮੇਲ)- ਸਟਾਕਟਨ ਨਿਵਾਸੀ 21 ਸਾਲਾ ਗੁਰਜੋਤ ਕੌਰ ਦੀ ਇਕ ਸੜਕ ਹਾਦਸੇ 'ਚ ਮੌਤ ਹੋਣ ਦੀ ਦੁੱਖਦਾਈ ਖ਼ਬਰ ਪ੍ਰਾਪਤ ਹੋਈ ਹੈ। ਪੰਜਾਬ ਮੇਲ ਵੱਲੋਂ ਇਕੱਤਰ ਕੀਤੀ ਸੂਚਨਾ ਅਨੁਸਾਰ ਸਵੇਰੇ ਤਕਰੀਬਨ 7 ਵਜੇ ਦੇ ਕਰੀਬ ਹਾਈਵੇ 4 ਉੱਤੇ ਡਨਟਨ ਰੋਡ ਦੇ ਨਜ਼ਦੀਕ ਗੁਰਜੋਤ ਕੌਰ ਦੀ ਕਾਰ ਸਾਹਮਣੇ ਤੋਂ ਆ ਰਹੀ ਇਕ ਹੋਰ ਕਾਰ ਨਾਲ ਟਕਰਾ ਗਈ, ਜਿਸ ਕਾਰਨ ਗੁਰਜੋਤ ਕੌਰ ਸਮੇਤ ਦੂਜੇ ਕਾਰ ਦੇ ਡਰਾਈਵਰ 51 ਸਾਲਾ ਰੂਡੀ ਮਰਸਾਡੋ ਦੀ ਵੀ ਮੌਕੇ 'ਤੇ ਮੌਤ ਹੋ ਗਈ। ਗੁਰਜੋਤ ਕੌਰ ਮੈਡੀਕਲ ਦੀ ਵਿਦਿਆਰਥਣ ਸੀ ਅਤੇ ਉਹ ਕਾਲਜ ਜਾ ਰਹੀ ਸੀ।

ਦੁਰਘਟਨਾ ਤੋਂ ਬਾਅਦ ਸੁਰੱਖਿਆ ਦਸਤੇ ਮੌਕੇ 'ਤੇ ਪਹੁੰਚ ਗਏ ਅਤੇ ਉਨ੍ਹਾਂ ਨੇ ਦੋਵਾਂ ਨੂੰ ਹਾਦਸਾਗ੍ਰਸਤ ਗੱਡੀਆਂ ਵਿਚੋਂ ਬਾਹਰ ਕੱਢਿਆ। ਮੌਕੇ 'ਤੇ ਜਾਂਚ ਕਰਨ 'ਤੇ ਦੋਵੇਂ ਹੀ ਮ੍ਰਿਤਕ ਪਾਏ ਗਏ। ਗੁਰਜੋਤ ਕੌਰ ਆਪਣੇ ਪਿਤਾ ਬਲਬੀਰ ਸਿੰਘ ਅਤੇ ਮਾਤਾ ਰਮਨਦੀਪ ਕੌਰ ਨਾਲ ਲੰਮੇ ਸਮੇਂ ਤੋਂ ਕੈਲੀਫੋਰਨੀਆ ਦੇ ਸਟਾਕਟਨ ਸ਼ਹਿਰ ਵਿਚ ਰਹਿ ਰਹੇ ਸਨ ਅਤੇ ਗੁਰਜੋਤ ਕੌਰ ਦੇ ਪਿਤਾ ਕੁਝ ਦਿਨ ਪਹਿਲਾਂ ਹੀ ਆਪਣੇ ਪਿੰਡ ਘੁੱਗ ਨੇੜੇ ਭੋਗਪੁਰ ਆਏ ਹੋਏ ਹਨ। ਗੁਰਜੋਤ ਕੌਰ ਦੇ ਮਾਮਾ ਜੀ ਜਸਵੀਰ ਸਿੰਘ ਰਾਜਾ ਗਿੱਲ ਪਿਛਲੀਆਂ ਚੋਣਾਂ ਦੌਰਾਨ ਟਾਂਡਾ ਉੜਮੁੜ ਤੋਂ ਆਮ ਆਦਮੀ ਪਾਰਟੀ ਵੱਲੋਂ ਵਿਧਾਇਕ ਜਿੱਤੇ ਸਨ। ਇਸ ਖ਼ਬਰ ਨਾਲ ਇਲਾਕੇ ਦੇ ਪੰਜਾਬੀ ਭਾਈਚਾਰੇ ਵਿਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ।

ਮਡੇਰਾ ਨਿਵਾਸੀ ਸਿੱਖ ਆਗੂ ਸੁਰਿੰਦਰ ਸਿੰਘ ਨਿੱਜਰ ਅਤੇ ਅੰਮ੍ਰਿਤਪਾਲ ਸਿੰਘ ਨਿੱਜਰ ਨੇ ਇਸ ਬੇਵਕਤੀ ਮੌਤ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ।

## ਸੁਪਰੀਮ ਕੋਰਟ ਵੱਲੋਂ ਸਿਸੋਦੀਆ ਦੀ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਤੋਂ ਨਾਂਹ



■ ਸਰਵਉੱਚ ਅਦਾਲਤ ਨੇ ਸਾਫ ਕਰ ਦਿੱਤਾ ਕਿ ਸਿਸੋਦੀਆ ਦੀ ਪਟੀਸ਼ਨ 'ਤੇ ਸੁਣਵਾਈ ਕੀਤੇ ਜਾਣ ਨਾਲ 'ਗਲਤ ਸੁਨੇਹਾ' ਜਾਵੇਗਾ

ਨਵੀਂ ਦਿੱਲੀ, (ਪੰਜਾਬ ਮੇਲ)- ਸੁਪਰੀਮ ਕੋਰਟ ਨੇ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਵੱਲੋਂ ਆਬਕਾਰੀ ਨੀਤੀ ਕੇਸ ਵਿਚ ਦਾਇਰ ਜ਼ਮਾਨਤ ਅਰਜ਼ੀ ਤੇ ਦਿੱਲੀ ਪੁਲਿਸ ਵੱਲੋਂ ਦਰਜ ਐੱਫ.ਆਈ.ਆਰ. ਖਾਰਜ ਕਰਨ ਦੀ ਮੰਗ ਕਰਦੀ ਪਟੀਸ਼ਨ 'ਤੇ ਸੁਣਵਾਈ ਤੋਂ ਨਾਂਹ ਕਰ ਦਿੱਤੀ ਹੈ। ਸਰਵਉੱਚ ਅਦਾਲਤ ਨੇ ਸਾਫ਼ ਕਰ ਦਿੱਤਾ ਕਿ ਸਿਸੋਦੀਆ ਦੀ ਪਟੀਸ਼ਨ 'ਤੇ ਸੁਣਵਾਈ ਕੀਤੇ ਜਾਣ ਨਾਲ 'ਗ਼ਲਤ ਸੁਨੇਹਾ' ਜਾਵੇਗਾ ਤੇ ਸਿਸੋਦੀਆ ਕੋਲ ਕਾਰਗਰ ਬਦਲਵੇਂ ਉਪਾਅ ਉਪਲੱਬਧ ਹਨ। ਚੀਫ ਜਸਟਿਸ ਡੀ.ਵਾਈ. ਚੰਦਰਚੂੜ ਤੇ ਜਸਟਿਸ ਪੀ.ਐੱਸ. ਨਰਸਿਮ੍ਹਾ ਦੀ

■ ਬਾਕੀ ਖ਼ਬਰ ਸਫਾ 13 'ਤੇ

### ਦਿੱਲੀ ਸਰਕਾਰ ਦੇ ਦੋ ਮੰਤਰੀ ਸਿਸੋਦੀਆ ਤੇ ਜੈਨ ਵੱਲੋਂ ਅਸਤੀਫਾ



ਨਵੀਂ ਦਿੱਲੀ, (ਪੰਜਾਬ ਮੇਲ)- ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਸਲਾਖਾਂ ਪਿੱਛੇ ਬੰਦ ਦਿੱਲੀ ਸਰਕਾਰ ਦੇ ਦੋ ਮੰਤਰੀਆਂ ਮਨੀਸ਼ ਸਿਸੋਦੀਆ ਅਤੇ ਸਤੇਂਦਰ ਜੈਨ ਨੇ ਕੈਬਨਿਟ ਤੋਂ ਅਸਤੀਫ਼ਾ ਦੇ ਦਿੱਤਾ। ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਉਨ੍ਹਾਂ ਦੇ ਅਸਤੀਫੇ ਸਵੀਕਾਰ ਕਰ ਲਏ ਹਨ। ਕੌਮੀ ਰਾਜਧਾਨੀ ਵਿਚ ਚੰਗੀ ਸਿੱਖਿਆ ਤੇ ਸਿਹਤ ਸਹੂਲਤਾਂ ਦੇ ਏਜੰਡੇ ਨੂੰ ਲਾਗੂ ਕਰਨ ਵਿਚ ਇਨ੍ਹਾਂ ਦੋਵਾਂ ਆਗੂਆਂ ਦੀ ਅਹਿਮ ਭੂਮਿਕਾ ਸੀ। ਰਾਜਕੁਮਾਰ ਆਨੰਦ ਨੂੰ ਸਿੱਖਿਆ ਤੇ ਸਿਹਤ ਜਦੋਂਕਿ ਕੈਲਾਸ਼ ਗਹਿਲੋਤ ਨੂੰ ਵਿੱਤ ਮੰਤਰਾਲਾ ਦਿੱਤਾ ਗਿਆ ਹੈ। ਸਿਸੋਦੀਆ ਨੂੰ ਆਬਕਾਰੀ ਨੀਤੀ ਕੇਸ ਵਿਚ ਐਤਵਾਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਜਦੋਂਕਿ ਈ.ਡੀ. ਨੇ ਜੈਨ ਨੂੰ ਪਿਛਲੇ ਸਾਲ ਮਈ ਵਿਚ ਮਨੀ ਲਾਂਡਰਿੰਗ ਕੇਸ 'ਚ ਗ੍ਰਿਫ਼ਤਾਰ ਕੀਤਾ ਸੀ। ਜੈਨ ਇਸ ਵੇਲੇ ਤਿਹਾੜ ਜੇਲ੍ਹ 'ਚ ਬੰਦ ਹਨ। ਸਿਸੋਦੀਆ ਕੋਲ ਦਿੱਲੀ ਸਰਕਾਰ ਦੇ ਸਿਹਤ, ਵਿੱਤ, ਸਿੱਖਿਆ ਤੇ ਗ੍ਰਹਿ ਸਣੇ 33 ਵਿਭਾਗਾਂ 'ਚੋਂ 18 ਦਾ ਚਾਰਜ ਸੀ। ਪਿਛਲੇ ਸਾਲ ਮਈ ਵਿਚ ਗ੍ਰਿਫ਼ਤਾਰੀ ਤੋਂ ਬਾਅਦ ਵੀ ਜੈਨ ਦਿੱਲੀ ਸਰਕਾਰ ਵਿਚ ਮੰਤਰੀ ਬਣੇ ਹੋਏ ਸਨ, ਪਰ ਉਨ੍ਹਾਂ ਕੋਲ ਕੋਈ ਪੋਰਟਫੋਲੀਓ ਨਹੀਂ ਸੀ। ਚੇਤੇ ਰਹੇ ਕਿ ਸਿਸੋਦੀਆ ਨੂੰ ਸੀ.ਬੀ.ਆਈ. ਨੇ ਅਜਿਹੇ ਮੌਕੇ ਗ੍ਰਿਫ਼ਤਾਰ ਕੀਤਾ ਹੈ, ਜਦੋਂ ਉਨ੍ਹਾਂ ਅਗਲੇ ਦਿਨਾਂ ਵਿਚ ਦਿੱਲੀ ਸਰਕਾਰ ਦੇ ਬਜਟ ਪੇਸ਼ ਕਰਨਾ ਸੀ।

## ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸੰਬੰਧਤ 3 ਕੇਸ ਫ਼ਰੀਦਕੋਟ ਤੋਂ ਚੰਡੀਗੜ੍ਹ ਤਬਦੀਲ

■ ਡੇਰਾ ਪ੍ਰੇਮੀਆਂ ਨੇ ਇਸ ਸਬੰਧੀ ਸੁਪਰੀਮ ਕੋਰਟ 'ਚ ਦਾਇਰ ਕੀਤੀ ਸੀ ਪਟੀਸ਼ਨ

ਫਰੀਦਕੋਟ, (ਪੰਜਾਬ ਮੇਲ)- ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸਬੰਧਤ ਤਿੰਨ ਕੇਸ ਫ਼ਰੀਦਕੋਟ ਦੀ ਅਦਾਲਤ ਤੋਂ ਚੰਡੀਗੜ੍ਹ ਦੀ ਅਦਾਲਤ ਵਿਚ ਤਬਦੀਲ ਕਰ ਦਿੱਤੇ ਗਏ ਹਨ। ਜ਼ਿਕਰਯੋਗ ਹੈ ਕਿ ਡੇਰਾ ਪ੍ਰੇਮੀਆਂ ਨੇ 2 ਦਸੰਬਰ 2022 ਨੂੰ ਇਸ ਸਬੰਧੀ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਕਿਹਾ ਸੀ ਕਿ ਉਹ ਪੰਜਾਬ ਵਿਚ ਆਪਣੇ ਖ਼ਿਲਾਫ਼ ਚੱਲ ਰਹੇ ਕੇਸਾਂ ਨੂੰ ਭੈਅ-ਮੁਕਤ ਹੋ ਕੇ ਨਹੀਂ ਲੜ ਸਕਦੇ ਕਿਉਂਕਿ ਬੇਅਦਬੀ ਦੇ ਇਲਜ਼ਾਮਾਂ ਵਿਚ ਘਿਰੇ ਦੋ ਡੇਰਾ ਪ੍ਰੇਮੀਆਂ ਦਾ ਪੰਜਾਬ ਵਿਚ ਕਤਲ ਹੋ ਚੁੱਕਾ ਹੈ।

ਸੁਪਰੀਮ ਕੋਰਟ ਦੇ ਜੱਜ ਜਸਟਿਸ ਅਨੁਰਾਧਾ ਬੋਸ ਅਤੇ ਜਸਟਿਸ ਸੁਧਾਂਸ਼ੂ ਧੂਲੀਆ ਨੇ ਡੇਰਾ ਪ੍ਰੇਮੀਆਂ ਖ਼ਿਲਾਫ਼ ਫਰੀਦਕੋਟ ਵਿਚ ਚੱਲ ਰਹੇ ਤਿੰਨਾਂ ਕੇਸਾਂ ਨੂੰ ਚੰਡੀਗੜ੍ਹ ਵਿਚ ਤਬਦੀਲ ਕਰਨ ਦੇ ਆਦੇਸ਼ ਦਿੱਤੇ ਹਨ। ਹੁਣ ਇਨ੍ਹਾਂ ਕੇਸਾਂ ਦੀ ਸੁਣਵਾਈ ਜੁਡੀਸ਼ੀਅਲ ਮੈਜਿਸਟਰੇਟ ਚੰਡੀਗੜ੍ਹ ਵੱਲੋਂ ਕੀਤੀ ਜਾਵੇਗੀ।

■ ਬਾਕੀ ਖ਼ਬਰ ਸਫਾ 13 'ਤੇ

## ਸੁਪਰੀਮ ਕੋਰਟ ਆਨੰਦ ਮੈਰਿਜ ਐਕਟ ਸਬੰਧੀ ਪਟੀਸ਼ਨ 'ਤੇ ਸੁਣਵਾਈ ਲਈ ਸਹਿਮਤ



ਨਵੀਂ ਦਿੱਲੀ, (ਪੰਜਾਬ ਮੇਲ)- ਸੁਪਰੀਮ ਕੋਰਟ ਨੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ 'ਚ ਆਨੰਦ ਮੈਰਿਜ ਐਕਟ, 1909 ਤਹਿਤ ਸਿੱਖਾਂ ਦੇ ਵਿਆਹ ਦੀ ਰਜਿਸਟ੍ਰੇਸ਼ਨ ਲਈ ਨਿਯਮ ਬਣਾਉਣ ਵਾਸਤੇ ਨਿਰਦੇਸ਼ ਦੇਣ ਦੀ ਮੰਗ ਕਰਨ ਵਾਲੀ ਜਨਹਿਤ ਪਟੀਸ਼ਨ ਸੂਚੀਬੱਧ ਕਰਨ ਲਈ ਸਹਿਮਤੀ ਦਿੱਤੀ ਹੈ। ਚੀਫ ਜਸਟਿਸ ਡੀ ਵਾਈ ਚੰਦਰਚੂੜ ਦੀ ਅਗਵਾਈ ਹੇਠਲੇ ਤਿੰਨ ਜੱਜਾਂ ਦੇ ਬੈਂਚ ਨੇ ਅਰਜ਼ੀਕਾਰ ਦੇ ਵਕੀਲ ਵੱਲੋਂ ਕੇਸ ਦੀ ਸੁਣਵਾਈ ਲਈ ਸੂਚੀਬੱਧ ਕੀਤੇ ਜਾਣ ਦੀ ਬੇਨਤੀ 'ਤੇ ਕਿਹਾ, "ਹਾਂ, ਅਸੀਂ ਇਸ ਨੂੰ ਸੂਚੀਬੱਧ ਕਰਾਂਗੇ।" ਪਟੀਸ਼ਨਕਰਤਾ ਦੇ ਵਕੀਲ ਨੇ ਆਨੰਦ ਮੈਰਿਜ ਐਕਟ, 1909 ਦਾ ਹਵਾਲਾ ਦਿੰਦਿਆਂ ਬੈਂਚ ਨੂੰ ਦੱਸਿਆ, "ਇਹ ਐਕਟ ਇੱਕ ਸਦੀ ਪੁਰਾਣੇ ਕਾਨੂੰਨ ਨਾਲ ਸਬੰਧਤ ਹੈ।" ਸੁਪਰੀਮ ਕੋਰਟ ਨੇ ਪਿਛਲੇ ਸਾਲ ਨਵੰਬਰ ਵਿਚ ਵਕੀਲ ਅਮਨਜੋਤ ਸਿੰਘ ਚੱਢਾ ਵੱਲੋਂ ਦਾਖ਼ਲ ਪਟੀਸ਼ਨ 'ਤੇ ਕੇਂਦਰ, ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਨੋਟਿਸ ਜਾਰੀ ਕੀਤਾ ਸੀ। 1909 ਦਾ ਐਕਟ ਅਨੰਦ ਕਾਰਜ ਨੂੰ ਕਾਨੂੰਨੀ ਪ੍ਰਵਾਨਗੀ ਦੇਣ ਅਤੇ ਉਸ ਦੀ ਵੈਧਤਾ ਬਾਰੇ ਕਿਸੇ ਵੀ ਸ਼ੰਕੇ ਨੂੰ ਦੂਰ ਕਰਨ ਲਈ ਬਣਾਇਆ ਗਿਆ ਸੀ। ਆਨੰਦ ਮੈਰਿਜ ਐਕਟ ਤਹਿਤ ਸਿੱਖਾਂ ਨੂੰ ਆਪਣੇ ਵਿਆਹ ਰਜਿਸਟਰ ਕਰਾਉਣ ਦੀ ਮੰਗ ਪੂਰੀ ਕਰਦਿਆਂ 2012 ਵਿਚ ਐਕਟ 'ਚ ਸੋਧ ਕੀਤੀ ਗਈ ਸੀ। ਅਰਜ਼ੀਕਾਰ ਨੇ ਦਲੀਲ ਦਿੱਤੀ ਕਿ 2012 ਦੀ ਸੋਧ ਤਹਿਤ ਰਾਜ ਸਰਕਾਰਾਂ ਨੂੰ ਸਿੱਖ ਵਿਆਹਾਂ ਦੀ ਰਜਿਸਟ੍ਰੇਸ਼ਨ ਦੀ ਸਹੂਲਤ ਲਈ ਨਿਯਮ ਬਣਾਉਣੇ

■ ਬਾਕੀ ਖ਼ਬਰ ਸਫਾ 13 'ਤੇ

## ਅਮਰੀਕਾ 'ਚ ਧਰਮ ਆਧਾਰਿਤ ਨਸਲੀ ਹਮਲਿਆਂ ਦੇ ਪੀੜਤਾਂ 'ਚ ਸਿੱਖ ਦੂਜੇ ਸਥਾਨ 'ਤੇ

■ 2021 ਦੌਰਾਨ ਧਰਮ ਨਾਲ ਸਬੰਧਤ 1005 ਨਫ਼ਰਤੀ ਅਪਰਾਧ ਦੀਆਂ ਘਟਨਾਵਾਂ ਹੋਈਆਂ



ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਅਮਰੀਕਾ ਵਿਚ ਯਹੂਦੀਆਂ ਤੋਂ ਬਾਅਦ ਸਿੱਖ ਭਾਈਚਾਰਾ ਸਭ ਤੋਂ ਵਧ ਧਰਮ ਆਧਾਰਿਤ ਨਫ਼ਰਤੀ ਅਪਰਾਧ ਦਾ ਸ਼ਿਕਾਰ ਬਣੇ ਹਨ। ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਸਾਲ 2021 ਦੌਰਾਨ ਧਰਮ ਨਾਲ ਸਬੰਧਤ 1005 ਨਫ਼ਰਤੀ ਅਪਰਾਧ ਦੀਆਂ ਘਟਨਾਵਾਂ ਹੋਈਆਂ, ਜੋ ਸਮੁੱਚੇ ਤੌਰ 'ਤੇ ਵਾਪਰੀਆਂ ਨਫ਼ਰਤੀ ਅਪਰਾਧ ਦੀਆਂ ਘਟਨਾਵਾਂ ਦਾ 14.2% ਹਨ। ਧਰਮ ਆਧਾਰਿਤ ਸਭ ਤੋਂ ਵਧ 31.9% ਨਫ਼ਰਤੀ ਅਪਰਾਧ ਦੀਆਂ ਘਟਨਾਵਾਂ ਯਹੂਦੀਆਂ ਵਿਰੁੱਧ ਵਾਪਰੀਆਂ। ਦੂਸਰਾ ਸਥਾਨ ਸਿੱਖਾਂ ਦਾ ਆਉਂਦਾ ਹੈ, ਜਿਨ੍ਹਾਂ ਵਿਰੁੱਧ 21.3% ਧਰਮ ਆਧਾਰਿਤ ਨਫ਼ਰਤੀ ਅਪਰਾਧ ਦੀਆਂ ਘਟਨਾਵਾਂ ਹੋਈਆਂ। ਮੁਸਲਮਾਨਾਂ ਵਿਰੁੱਧ 9.5% ਧਰਮ ਆਧਾਰਿਤ ਨਫ਼ਰਤੀ ਅਪਰਾਧ ਹੋਏ। ਇਸ ਤੋਂ ਬਾਅਦ ਕੈਥੋਲਿਕ ਭਾਈਚਾਰਾ ਆਉਂਦਾ ਹੈ, ਜਿਨ੍ਹਾਂ ਵਿਰੁੱਧ 6.1% ਨਫ਼ਰਤੀ ਅਪਰਾਧ ਹੋਏ। ਲਾਅ ਇਨਫੋਰਸਮੈਂਟ ਏਜੰਸੀਆਂ ਅਨੁਸਾਰ ਸਮੁੱਚੇ ਤੌਰ 'ਤੇ 7262 ਨਫ਼ਰਤੀ ਅਪਰਾਧ ਦੀਆਂ ਘਟਨਾਵਾਂ ਵਾਪਰੀਆਂ, ਜਿਨ੍ਹਾਂ ਵਿਚ 9024 ਲੋਕਾਂ ਨੂੰ ਨਿਸ਼ਾਨਾ ਬਣਾਇਆ ਗਿਆ, ਜਿਸ ਤੋਂ ਪਤਾ ਲੱਗਦਾ ਹੈ ਕਿ ਅਮਰੀਕੀ ਸਮਾਜ ਵਿਚ ਧਰਮ, ਜਾਤ ਜਾਂ ਨਸਲ ਆਧਾਰਿਤ

■ ਬਾਕੀ ਖ਼ਬਰ ਸਫਾ 13 'ਤੇ

ੴ ਸਤਿਗੁਰ ਪ੍ਰਸਾਦਿ ॥

ਲੱਖ ਖੁਸੀਆਂ ਪਾਤਿਸ਼ਾਹੀਆਂ ਜੇ ਸਤਿਗੁਰੁ ਨਦਰਿ ਕਰੇਇ ॥

# ਸੈਕਰਾਮੈਂਟੋ ਸਿੱਖ ਸੁਸਾਇਟੀ



# ਪਹਿਲਾ ਵਿਸ਼ਾਲ ਨਗਰ ਕੀਰਤਨ

## 26 ਮਾਰਚ, ਐਤਵਾਰ 2023

### ਪ੍ਰੋਗਰਾਮ

- 13 ਤੋਂ 25 ਮਾਰਚ : ਆਤਮ ਰਸ ਕੀਰਤਨ ਰੋਜ਼ਾਨਾ ਸ਼ਾਮ 6 ਵਜੇ ਤੋਂ 9 ਵਜੇ ਤੱਕ
- 19 ਮਾਰਚ, ਦਿਨ ਐਤਵਾਰ ਸਵੇਰੇ 10 ਵਜੇ ਤੋਂ 2 ਵਜੇ ਤੱਕ ਦੀਵਾਨ ਸਜਣਗੇ
- ਨਿਸ਼ਾਨ ਸਾਹਿਬ ਸੇਵਾ 25 ਮਾਰਚ, ਦਿਨ ਸ਼ਨੀਵਾਰ ਨੂੰ ਸਵੇਰੇ 10 ਵਜੇ
- 26 ਮਾਰਚ, ਦਿਨ ਐਤਵਾਰ, ਆਰੰਭ ਨਗਰ ਕੀਰਤਨ ਸਵੇਰੇ 10 ਵਜੇ
- ਪਹੁੰਚ ਰਹੇ ਜੱਥੇ : ਭਾਈ ਪਿੰਦਰਪਾਲ ਸਿੰਘ (ਕਥਾਵਾਚਕ), ਭਾਈ ਹਰਜਿੰਦਰ ਸਿੰਘ ਸ਼੍ਰੀਨਗਰ ਵਾਲੇ, ਭਾਈ ਸਰਬਜੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸਤਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਹਰਪ੍ਰੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸੁਖਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅਤੇ ਡਾ. ਗਗਨਦੀਪ ਸਿੰਘ।

- ਸੁਰੱਖਿਆ ਦੇ ਖਾਸ ਪ੍ਰਬੰਧ ਹੋਣਗੇ।
- ਇਸ ਮੌਕੇ ਗਤਕੇ ਦੇ ਜੌਹਰ ਦਿਖਾਏ ਜਾਣਗੇ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ ॥

ਸਮੂਹ ਸੰਗਤ ਨੂੰ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਵੱਲੋਂ ਪਹਿਲਾ ਵਿਸ਼ਾਲ ਨਗਰ ਕੀਰਤਨ 26 ਮਾਰਚ ਨੂੰ ਹੋਵੇਗਾ। ਇਸ ਸੰਬੰਧੀ 13 ਮਾਰਚ ਤੋਂ ਸਮਾਗਮ ਸ਼ੁਰੂ ਹੋ ਰਹੇ ਹਨ, ਜਿਸ ਵਿਚ ਦੇਸ਼ਾਂ-ਵਿਦੇਸ਼ਾਂ ਤੋਂ ਕੀਰਤਨੀ ਜੱਥੇ, ਢਾਡੀ ਜੱਥੇ, ਕਵੀਸ਼ਰ ਅਤੇ ਹੋਰ ਸਿੱਖ ਧਾਰਮਿਕ ਆਗੂ ਵਿਸ਼ੇਸ਼ ਤੌਰ ’ਤੇ ਪਹੁੰਚਣਗੇ। ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਸ਼ੁੱਭ ਅਵਸਰ ਮੌਕੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਫਲੋਟ ਬੁੱਕ ਕਰਵਾਉਣ ਲਈ, ਲੰਗਰ ਦੀ ਸੇਵਾ ਲਈ ਜਾਂ ਹੋਰ ਵਲੰਟੀਅਰ ਸੇਵਾ ਲਈ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ ਜੀ।

| Lakhvir Singh Aujla | Gurinderpal Singh Gill | Randhir Singh Nijjar |
|---|---|---|
| 916-826-9800 | 916-717-2277 | 916-416-9527 |

# ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ

7676, Bradshaw Road, Sacramento, CA-95829

Copyright@Punjab Mail USA


555
JUSTIN SAINI AND RAJ PABLA OF 555 ENTERTAINMENTS
PRESENTS
POWERED BY
AD SODHI OF
777 ENTERTAINMENTS
Exceed Insurance
THE ENTERTAINERS
OAKLAND
12TH MARCH 2023
SHOW STARTS AT 7PM
OAKLAND ARENA
National Promoters:
FUSION GROUP GAMES
ARYA INTERNATIONAL
Exceed Insurance
GARG GROUP
ELTZ
ZAHRAH KHAN
APARSHAKTI KHURANA
MOUNI ROY
NORA FATEHI
AKSHAY KUMAR
DISHA PATANI
SONAM BAJWA
STEBIN BEN
JASLEEN ROYAL
Event Conceptualized By: DCA
RAJ PABLA
650 422 0982
AD SODHI
510 666 7758
NICK WARRAICH
916 509 2495
Sanjeev Shera
INDIAN SUPERMARKET
doaba
SHAMPY PRAKASH
INTERO
Abiel Limousine
LIMOUSINE & SEDAN
World of Sourdough
The CURRY LEAVES
NORTH & SOUTH INDIAN | INDO CHINESE
SILVER
pizzatwist
RADIO ZINDAGI 1550AM
SAN FRANCISCO-SAN JOSE
IND TV USA
SITAARRE TV
PERFECT MARKETING
YO INDIA TV
copyworld
510-666-1000
PUNJAB MAIL USA
TV Channel

# ਗਾਖਲ ਬ੍ਰਦਰਜ਼ ਵੱਲੋਂ 19 ਮਾਰਚ ਨੂੰ ਗਾਖਲਾਂ ਦੀ ਧਰਤੀ 'ਤੇ ਹੋ ਰਹੇ ਕਬੱਡੀ ਕੱਪ 'ਚ ਪਹੁੰਚਣ ਦੀ ਅਪੀਲ

ਸਵ. ਮਾਤਾ ਮਹਿੰਦਰ ਕੌਰ ਸਰਾਏ ਯਾਦਗਰੀ ਕਬੱਡੀ ਕੱਪ ਪਿੰਡ ਦਾਦੂਵਾਲ, ਨੇੜੇ ਸੀਚੇਵਾਲ ਜਲੰਧਰ ਵਿਚ ਬਹੁਤ ਹੀ ਵਧੀਆ ਹੋਣ 'ਤੇ ਸਾਰੇ ਪ੍ਰਬੰਧਕਾਂ ਨੂੰ ਬਹੁਤ-ਬਹੁਤ ਮੁਬਾਰਕਾਂ। ਇਸ ਕਬੱਡੀ ਕੱਪ ਵਿਚ ਮੀਰੀ-ਪੀਰੀ ਕਬੱਡੀ ਕਲੱਬ ਕਪੂਰਥਲਾ ਜਿਸ ਦੇ ਡਾਇਮੰਡ ਸਪਾਂਸਰ ਗਾਖਲ ਗਰੁੱਪ ਦੇ ਚੇਅਰਮੈਨ ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਤੀਰਥ ਗਾਖਲ, ਗੁਰਵਿੰਦਰ ਗਾਖਲ, ਹਰਜਿੰਦਰ ਸਿੰਘ ਲਿੱਦੜ, ਮੱਖਣ ਧਾਲੀਵਾਲ ਅਤੇ ਨੱਥਾ ਸਿੰਘ ਗਾਖਲ ਹਨ, ਨੇ ਇਹ ਕੱਪ ਜਿੱਤਿਆ। ਸਾਰੀ ਟੀਮ ਵਧਾਈ ਦੀ ਪਾਤਰ ਹੈ। ਇਹ ਟੀਮ 19 ਮਾਰਚ ਨੂੰ ਗਾਖਲਾਂ ਦੀ ਧਰਤੀ 'ਤੇ ਹੋ ਰਹੇ ਕਬੱਡੀ ਕੱਪ ਵਿਚ ਵੀ ਆਪਣੀ ਤਾਕਤ ਦੇ ਜੌਹਰ ਦਿਖਾਏਗੀ। ਗਾਖਲ ਬ੍ਰਦਰਜ਼ ਵੱਲੋਂ ਬੇਨਤੀ ਕੀਤੀ ਗਈ ਹੈ ਕਿ ਸਾਰੇ ਦਰਸ਼ਕ ਵੀਰ ਇਸ ਕਬੱਡੀ ਕੱਪ 'ਤੇ ਜ਼ਰੂਰ ਪਹੁੰਚਣ।



## ਮੀਰੀ ਪੀਰੀ ਕਬੱਡੀ ਕਲੱਬ ਕਪੂਰਥਲਾ

GAKHAL GROUP




## ਡਾਇਮੰਡ ਸਪੋਂਸਰ



A&I Watsonville, CA

GAKHAL GROUP

GB Entertainment







Copyright @ Punjab Mail USA

**ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ , ਪਲਵਿੰਦਰ ਸਿੰਘ ਗਾਖਲ**

**Amolak Singh Gakhal, Iqbal Singh Gakhal, Palwinder Singh Gakhal**


**123, E LEE ROAD WATSONVILLE, CA 95076**

ੴ ਸਤਿਗੁਰ ਪ੍ਰਸਾਦਿ॥

ਜੇਹਾ ਚੀਰੀ ਲਿਖਿਆ ਤੇਹਾ ਹੁਕਮ ਕਮਾਹਿ। ਘਲੇ ਆਵੇ ਨਾਨਕਾ ਸਦੇ ਉਠੀ ਜਾਹਿ॥

# ਵਿਰਕ ਪਰਿਵਾਰ, ਗਿੱਲ ਭਰਾਵਾਂ ਅਤੇ ਅਟਵਾਲ ਪਰਿਵਾਰ ਨੂੰ ਭਾਰੀ ਸਦਮਾ

# ਉਘੇ ਸਿੱਖ ਆਗੂ ਸ. ਅਮਰੀਕ ਸਿੰਘ ਵਿਰਕ ਨਹੀਂ ਰਹੇ



## ਸ. ਅਮਰੀਕ ਸਿੰਘ ਵਿਰਕ

**ਫਰਿਜ਼ਨੋ, (ਪੰਜਾਬ ਮੇਲ)**- ਕੈਲੀਫੋਰਨੀਆ ਦੇ ਵਿਰਕ ਪਰਿਵਾਰ, ਗਿੱਲ ਭਰਾਵਾਂ ਅਤੇ ਅਟਵਾਲ ਪਰਿਵਾਰ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ, ਜਦੋਂ ਪਰਿਵਾਰ ਦੇ ਸਤਿਕਾਰਯੋਗ, ਅਮਰੀਕਾ ਦੇ ਉਘੇ ਸਿੱਖ ਆਗੂ ਸ. ਅਮਰੀਕ ਸਿੰਘ ਵਿਰਕ ਸਦੀਵੀ ਵਿਛੋੜਾ ਦੇ ਗਏ ਅਤੇ ਅਕਾਲ ਪੁਰਖ ਵੱਲੋਂ ਬਖਸ਼ੀ 76 ਸਾਲ ਦੀ ਉਮਰ ਭੋਗਕੇ ਵਾਹਿਗੁਰੂ ਜੀ ਦੇ ਚਰਨਾਂ 'ਚ ਜਾ ਬਿਰਾਜੇ।

ਸ. ਅਮਰੀਕ ਸਿੰਘ ਵਿਰਕ ਪੰਜਾਬੀ ਭਾਈਚਾਰੇ ਦੀ ਬਹੁਪੱਖੀ ਸਤਿਕਾਰਯੋਗ ਮਹਾਨ ਸ਼ਖ਼ਸੀਅਤ ਸਨ। ਉਹ ਇੱਕ ਦੂਰਅੰਦੇਸ਼ੀ, ਸਮਾਜ-ਸੇਵੀ, ਵੱਖ-ਵੱਖ ਸੰਸਥਾਵਾਂ ਦੇ ਸੰਚਾਲਕ, ਸੰਯੋਜਕ ਤੇ ਆਲ ਇੰਡੀਆ ਰੇਡੀਉ ਦੂਰਦਰਸ਼ਨ ਦੇ ਨਿਊਜ਼ ਐਡੀਟਰ ਰਹਿ ਚੁੱਕੇ ਹਨ। ਸ. ਵਿਰਕ ਅਮਰੀਕਾ 'ਚ ਤਕਰੀਬਨ 30 ਸਾਲ ਤੋਂ ਸੈਲਮਾ ਗੁਰੂਘਰ ਅਤੇ ਹੋਰ ਪੰਥਕ ਅਤੇ ਪੰਜਾਬੀ ਅਦਾਰਿਆਂ 'ਚ ਨਿਸ਼ਕਾਮ ਸੇਵਾ ਕਰਦੇ ਆ ਰਹੇ ਸਨ। ਉਹ ਅੱਜ ਤੱਕ ਵੀ ਗੁਰੂਘਰ ਸੈਲਮਾ ਦੇ ਡਾਇਰੈਕਟਰ ਅਤੇ ਸਿੱਖ ਕੌਂਸਲ ਆਫ ਫਰਿਜ਼ਨੋ ਦੇ ਜਨਰਲ ਸੈਕਟਰੀ ਸਨ। ਸ. ਅਮਰੀਕ ਸਿੰਘ ਵਿਰਕ ਦਾ ਜਨਮ ਸਥਾਨ ਪਿੰਡ ਵਿਰਕ (ਜਲੰਧਰ) ਸੀ ਅਤੇ ਹੁਣ ਉਹ ਕੈਲੀਫੋਰਨੀਆ ਦੇ ਸ਼ਹਿਰ ਕਲੋਵਿਸ ਵਿਖੇ ਆਪਣੇ ਪਰਿਵਾਰ ਨਾਲ ਰਹਿ ਰਹੇ ਸਨ। ਸ. ਅਮਰੀਕ ਸਿੰਘ ਜੀ ਵਿਰਕ ਇੱਕ ਧਾਰਮਿਕ ਅਤੇ ਸਿੱਖ ਪੰਥ ਦੇ ਅਨਿਨ ਸੇਵਾਦਾਰ ਸਨ, ਜਿਨ੍ਹਾਂ ਆਪਣੇ ਬੱਚਿਆਂ ਨੂੰ ਸਿੱਖੀ ਦੇ ਮਹਾਨ ਫਲਸਫੇ ਨਾਲ ਜੋੜਿਆ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਦਾ ਫੁਰਮਾਨ ਹੈ, 'ਜੋ ਆਇਆ ਸੋ ਚਲਸੀ, ਸਭੁ ਕੋਈ ਆਈ ਵਾਰੀਐ' ਦੇ ਮਹਾਵਾਕ ਅਨੁਸਾਰ ਉਹ ਆਪਣੇ ਪਿੱਛੇ ਵੱਡਾ ਹੱਸਦਾ-ਵਸਦਾ ਪਰਿਵਾਰ ਛੱਡ ਗਏ ਹਨ।

ਉਨ੍ਹਾਂ ਦਾ ਅੰਤਿਮ ਸੰਸਕਾਰ 4 ਮਾਰਚ, 2023, ਦਿਨ ਸ਼ਨਿੱਚਰਵਾਰ, ਬਾਅਦ ਦੁਪਹਿਰ 2 ਤੋਂ 4 ਵਜੇ ਸ਼ਾਂਤ ਭਵਨ ਵਿਖੇ ਹੋਵੇਗਾ। ਉਪਰੰਤ ਅੰਤਿਮ ਅਰਦਾਸ ਸਿੱਖ ਸੈਂਟਰ ਆਫ ਪੈਸੀਫਿਕ ਕੋਸਟ, 2211i Hghland Ave, ਸੈਲਮਾ ਵਿਖੇ ਹੋਵੇਗੀ।

ਸਤਿਗੁਰੂ ਅੱਗੇ ਅਰਦਾਸ ਬੇਨਤੀ ਹੈ ਕਿ ਵਾਹਿਗੁਰੂ ਜੀ ਉਨ੍ਹਾਂ ਨੂੰ ਆਪਣੇ ਚਰਨਾਂ 'ਚ ਨਿਵਾਸ ਬਖ਼ਸ਼ਣ ਅਤੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ਣ। ਉਨ੍ਹਾਂ ਦੇ ਇਸ ਵਿਛੋੜੇ 'ਤੇ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਯੂ.ਐੱਸ.ਏ., ਐੱਨ.ਆਰ.ਆਈ. ਸਭਾ ਅਮਰੀਕਾ, ਐੱਨ.ਆਰ.ਆਈ. ਸਭਾ ਪੰਜਾਬ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਇੰਡੋ-ਅਮਰੀਕਨ ਹੈਰੀਟੇਜ਼, ਵੱਖ-ਵੱਖ ਜਥੇਬੰਦੀਆਂ, ਸਪੋਰਟਸ ਕਲੱਬਾਂ ਅਤੇ ਸਮੂਹ ਪੰਜਾਬੀ ਭਾਈਚਾਰੇ ਵਲੋਂ ਅਫਸੋਸ ਪ੍ਰਗਟ ਕੀਤਾ ਗਿਆ।

ਮਡੇਰਾ ਨਿਵਾਸੀ ਸਿੱਖ ਆਗੂ ਸੁਰਿੰਦਰ ਸਿੰਘ ਨਿੱਜਰ ਅਤੇ ਅੰਮ੍ਰਿਤਪਾਲ ਸਿੰਘ ਨਿੱਜਰ ਵੱਲੋਂ ਵੀ ਉਨ੍ਹਾਂ ਦੇ ਇਸ ਵਿਛੋੜੇ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਗਿਆ।

**ਹੋਰ ਜਾਣਕਾਰੀ ਲਈ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸੰਪਰਕ ਕਰੋ**

**ਰੁਪਿੰਦਰ ਸਿੰਘ ਵਿਰਕ (ਸਪੁੱਤਰ) 559-287-5600, ਨਰਿੰਦਰ ਸਿੰਘ ਗਿੱਲ : 559-906-7411,**

**ਸ. ਸੁਰਿੰਦਰ ਸਿੰਘ ਅਟਵਾਲ : 209 321-5476**

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲਗਾਏ ਵੱਖ-ਵੱਖ ਵਾਹਨਾਂ 'ਤੇ ਰਿਫਲੈਕਟਰ


ਵਾਹਨਾਂ 'ਤੇ ਰਿਫਲੈਕਟਰ ਲਗਾਉਂਦੇ ਹੋਏ ਟਰੱਸਟ ਦੇ ਸੇਵਾਦਾਰ।

**ਸ੍ਰੀ ਮੁਕਤਸਰ ਸਾਹਿਬ, (ਰਣਧੀਰ ਸਿੰਘ ਸਾਗੂ/ਪੰਜਾਬ ਮੇਲ)**- ਪ੍ਰੋ. ਡਾਕਟਰ ਐੱਸ.ਪੀ. ਸਿੰਘ ਉਬਰਾਏ ਜੀ ਦੀ ਯੋਗ ਅਗਵਾਈ ਹੇਠ ਕੰਮ ਕਰ ਰਹੀ ਟਰੱਸਟ ਦੀ ਮੁਕਤਸਰ ਸਾਹਿਬ ਇਕਾਈ ਵੱਲੋਂ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਅਤੇ ਗੁਰਬਿੰਦਰ ਸਿੰਘ ਬਰਾੜ ਇੰਚਾਰਜ ਮਾਲਵਾ ਜ਼ੋਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸ੍ਰੀ ਮੁਕਤਸਰ ਸਾਹਿਬ ਵਿਖੇ ਵੱਖ-ਵੱਖ ਵਾਹਨਾਂ 'ਤੇ ਕਾਫੀ ਤਾਦਾਦ ਵਿਚ ਰਿਫਲੈਕਟਰ ਲਗਾਏ ਗਏ। ਅਰਵਿੰਦਰ ਪਾਲ ਸਿੰਘ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਮੁਕਤਸਰ ਸਾਹਿਬ ਨੇ ਦੱਸਿਆ ਕਿ ਟਰੈਕਟਰ ਟਰਾਲੀਆਂ ਅਤੇ ਹੋਰ ਪੁਰਾਣੇ ਵਾਹਨਾਂ 'ਤੇ ਰਿਫਲੈਕਟਰ ਬਹੁਤ ਹੀ


ਡਾ. ਐੱਸ.ਪੀ. ਸਿੰਘ ਓਬਰਾਏ।

ਘੱਟ ਦਿਸ ਰਹੇ ਸਨ ਅਤੇ ਰਾਤ ਨੂੰ ਅਕਸਰ ਵਹੀਕਲਜ਼ ਆਪਸ ਵਿਚ ਟਕਰਾਉਣ ਕਾਰਨ ਕੀਮਤੀ ਜਾਨਾਂ ਦਾ ਨੁਕਸਾਨ ਹੋ ਰਿਹਾ ਸੀ। ਇਸ ਦੇ ਮੱਦੇਨਜ਼ਰ ਇਹ ਰਿਫਲੈਕਟਰ ਲਗਾਏ ਗਏ ਹਨ। ਇਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਦੁਨੀਆਂ ਵਿਚ ਕੋਈ ਵੀ ਰਸੀਦਬੁੱਕ ਨਹੀਂ ਹੈ। ਇਹ ਰਾਸ਼ੀ ਉਬਰਾਏ ਜੀ ਵਲੋਂ ਅਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਦਿੱਤੀ ਜਾਂਦੀ ਹੈ। ਇਸ ਮੌਕੇ ਅਰਵਿੰਦਰ ਪਾਲ ਸਿੰਘ ਚਾਹਲ ਜ਼ਿਲ੍ਹਾ ਪ੍ਰਧਾਨ ਮੁਕਤਸਰ ਸਾਹਿਬ, ਮਾਸਟਰ ਰਜਿੰਦਰ ਸਿੰਘ, ਬਲਜੀਤ ਸਿੰਘ ਮਾਨ, ਸੋਮਨਾਥ, ਬਲਵਿੰਦਰ ਸਿੰਘ ਬਰਾੜ, ਸੁਖਬੀਰ ਸਿੰਘ, ਜੈਲਦਾਰ ਬਰਨੇਕ ਸਿੰਘ, ਗੁਰਪਾਲ ਸਿੰਘ, ਮਲਕੀਤ ਸਿੰਘ, ਗੁਰਜੀਤ ਸਿੰਘ ਜੀਤਾ ਅਤੇ ਰਣਧੀਰ ਸਿੰਘ ਸਾਗੂ ਆਦਿ ਹਾਜ਼ਰ ਸਨ।







# ਗਦਰੀ ਬਾਬਿਆਂ ਦਾ 21ਵਾਂ ਮੇਲਾ 2 ਅਪ੍ਰੈਲ ਨੂੰ ਫਰਿਜ਼ਨੋ 'ਚ ਕਰਨ ਦਾ ਐਲਾਨ

**ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਵਲੋਂ ਸਮੂਹ ਭਾਈਚਾਰੇ ਨੂੰ ਸਹਿਯੋਗ ਦੀ ਅਪੀਲ**



**ਫਰਿਜ਼ਨੋ, (ਪੰਜਾਬ ਮੇਲ)-** ਇੰਡੋ ਅਮੈਰੀਕਨ ਹੈਰੀਟੇਜ ਫੋਰਮ ਦੀ ਇਕ ਭਰਵੀਂ ਮੀਟਿੰਗ ਪਿਛਲੇ ਹਫਤੇ ਫਰਿਜ਼ਨੋ ਵਿਚ ਹੋਈ। ਇਸ ਮੀਟਿੰਗ ਵਿਚ ਮੁੱਖ ਤੌਰ 'ਤੇ ਅਪ੍ਰੈਲ ਮਹੀਨੇ 'ਚ ਫਰਿਜ਼ਨੋ 'ਚ ਕਰਵਾਏ ਜਾ ਰਹੇ ਗਦਰੀ ਬਾਬਿਆਂ ਦੇ 21ਵੇਂ ਮੇਲੇ ਸਬੰਧੀ ਵਿਚਾਰਾਂ ਹੋਈਆਂ। ਇਹ ਮੇਲਾ 2 ਅਪ੍ਰੈਲ, 2023 ਦਿਨ ਐਤਵਾਰ ਨੂੰ ਸੈਂਟਰਲ ਹਾਈ ਸਕੂਲ, ਫਰਿਜ਼ਨੋ ਦੇ ਜਿਮਨੇਜ਼ੀਅਮ ਵਿਚ ਦੁਪਿਹਰ 12 ਵਜੇ ਤੋਂ ਸ਼ਾਮ 6 ਵਜੇ ਦਰਮਿਆਨ ਹੋਵੇਗਾ। ਇਹ ਸਥਾਨ 3535 ਨਾਰਥ ਕਾਰਨੀਲੀਆ ਐਵੇਨਿਉ ਫਰਿਜ਼ਨੋ ਵਿਚ ਸਥਿਤ ਹੈ। ਇਹ ਮੇਲਾ ਜਿਥੇ ਗਦਰੀ ਬਾਬਿਆਂ ਅਤੇ ਗਦਰ ਪਾਰਟੀ ਦੀਆਂ ਲਾਸਾਨੀ ਕੁਰਬਾਨੀਆਂ ਨੂੰ ਸਮਰਪਿਤ ਹੋਵੇਗਾ, ਉਥੇ ਹੀ ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਇਕ ਸਦੀ ਪਹਿਲਾਂ ਘਟੀ ਚੌਰੀ-ਚੌਰਾ ਦੀ ਮਹੱਤਵਪੂਰਣ ਘਟਨਾ ਦੇ ਸ਼ਹੀਦਾਂ ਨੂੰ ਵੀ ਸਮਰਪਿਤ ਹੋਵੇਗਾ।

ਇਸ ਮੇਲੇ ਦੇ ਮੁੱਖ ਮਹਿਮਾਨ ਪੰਜਾਬ ਤੋਂ ਉਚੇਚੇ ਤੌਰ 'ਤੇ ਪਹੁੰਚ ਰਹੇ ਪ੍ਰੋਫੈਸਰ ਜਗਮੋਹਣ ਸਿੰਘ ਹੋਣਗੇ। ਪ੍ਰੋਫੈਸਰ ਜਗਮੋਹਣ ਸਿੰਘ ਜਿਥੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੇ ਭਾਣਜੇ ਹੋਣ ਦੇ ਨਾਤੇ ਜਾਣੇ-ਪਹਿਚਾਣੇ ਹਨ, ਉਥੇ ਹੀ ਉਹ ਆਪਣੀ ਅਗਾਂਹਵਧੂ ਸੋਚ ਅਤੇ ਕੰਮਾਂ ਦੇ ਨਾਲ ਭਾਰਤ ਦੀਆਂ ਪ੍ਰੋਗਰੈਸਿਵ ਧਿਰਾਂ ਦੇ ਰਾਹ ਦਸੇਰੇ ਵੀ ਹਨ। ਉਨ੍ਹਾਂ ਵਲੋਂ ਫੋਰਮ ਦੇ ਸੱਦੇ ਨੂੰ ਸਵਿਕਾਰ ਕਰਦਿਆਂ ਇਸ ਸਾਲ ਦੇ ਮੇਲੇ ਵਿਚ ਮੁੱਖ ਮਹਿਮਾਨ ਅਤੇ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਣ ਲਈ ਸਮੂਹ ਮੈਂਬਰਾਂ ਨੇ ਖੁਸ਼ੀ ਦਾ ਇਜ਼ਹਾਰ ਕੀਤਾ।

ਇਸ ਮੇਲੇ ਵਿਚ ਮੁੱਖ ਗਾਇਕ ਵਜੋਂ ਧਰਮਵੀਰ ਥਾਂਦੀ ਸ਼ਾਮਲ ਹੋਣਗੇ, ਜਿਹੜੇ ਕਿ ਆਪਣੀ ਉਸਾਰੂ ਲੇਖਣੀ, ਸਮਾਜਿਕ ਸਰੋਕਾਰਾਂ ਨੂੰ ਪਰਣਾਏ ਹੋਏ ਗੀਤ ਅਤੇ ਮਿੱਠੀ, ਮਨਮੋਹਣੀ ਆਵਾਜ਼ ਦੇ ਕਾਰਨ ਪੰਜਾਬੀ ਹਲਕਿਆਂ ਵਿਚ ਹਰਮਨ ਪਿਆਰੇ ਹਨ। ਗੀਤ-ਸੰਗੀਤ ਅਤੇ ਤਕਰੀਰਾਂ ਤੋਂ ਇਲਾਵਾ ਦੇਸ਼ ਭਗਤਾਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਅਤੇ ਵਧੀਆ ਕਿਤਾਬਾਂ, ਰਸਾਲੇ ਅਤੇ ਪੇਪਰ ਵੀ ਸਰੋਤਿਆਂ ਲਈ ਉਪਲੱਬਧ ਹੋਣਗੇ।

ਮੇਲੇ ਦੀ ਤਿਆਰੀ ਲਈ ਵੱਖ-ਵੱਖ ਕਮੇਟੀਆਂ ਪਹਿਲਾਂ ਤੋਂ ਹੀ ਸਰਗਰਮ ਹਨ ਅਤੇ ਰਹਿੰਦੇ ਕੰਮਾਂ ਦੇ ਲਈ ਕੰਮ ਵੰਡ ਕੀਤੀ ਗਈ। ਫੋਰਮ ਨੇ ਆਪਣੇ ਸਪਾਂਸਰਜ਼ ਦਾ ਧੰਨਵਾਦ ਕਰਦਿਆਂ ਆਸ ਕੀਤੀ ਕਿ ਉਹ ਪਿਛਲੇ 20 ਸਾਲਾਂ ਦੀ ਤਰ੍ਹਾਂ ਹੀ ਇਸ ਮੇਲੇ ਨੂੰ ਕਾਮਯਾਬ ਕਰਨ ਲਈ ਆਪਣਾ ਹਰ ਤਰ੍ਹਾਂ ਦਾ ਯੋਗਦਾਨ ਦੇਣਗੇ। ਫੋਰਮ ਨੇ ਫਰਿਜ਼ਨੋ ਏਰੀਏ ਅਤੇ ਸੈਂਟਰਲ ਕੈਲੀਫੋਰਨੀਆ ਦੀਆਂ ਸਾਰੀਆ ਸੰਸਥਾਵਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਪ੍ਰੋਗਰਾਮ ਇਸ ਮੇਲੇ ਦੀ ਤਰੀਕ ਦਾ ਧਿਆਨ ਰੱਖਦਿਆਂ ਉਲੀਕਣ। ਫੋਰਮ ਨੇ ਫਰਿਜ਼ਨੋ ਇਲਾਕੇ ਵਿਚ ਚੱਲ ਰਹੇ ਪੰਜਾਬੀ ਰੇਡੀਓ, ਖਾਸ ਕਰ ਕੇ 900 ਏ.ਐੱਮ. ਦੇ ਸਮੂਹ ਪੰਜਾਬੀ ਹੋਸਟ, ਪੰਜਾਬੀ ਰੇਡੀਓ ਯੂ.ਐੱਸ.ਏ., ਰੇਡੀਓ ਪੰਜਾਬ ਅਤੇ ਕੈਲੀਫੋਰਨੀਆ ਵਿਚ ਛਪਣ ਵਾਲੇ ਸਾਰੇ ਅਖਬਾਰਾਂ ਦਾ ਇਸ ਪ੍ਰੋਗਰਾਮ ਦਾ ਸੁਨੇਹਾ ਲੋਕਾਂ ਤੱਕ ਪਹੁੰਚਾਉਣ ਵਿਚ ਉਨ੍ਹਾਂ ਦੇ ਯੋਗਦਾਨ ਲਈ ਧੰਨਵਾਦ ਕੀਤਾ। ਕਿਸੇ ਤਰ੍ਹਾਂ ਦੀ ਜਾਣਕਾਰੀ ਲਈ ਸੁਰਿੰਦਰ ਮੰਢਾਲੀ (559-473-9269), ਹਰਜਿੰਦਰ ਢੇਸੀ (559-618-0156) ਜਾਂ ਸ਼ਰਨ ਧਾਲੀਵਾਲ (559-974-8383) ਨਾਲ ਸਪੰਰਕ ਕਰ ਸਕਦੇ ਹੋ।

## ਬਾਇਡਨ ਨੇ ਅਜੈ ਬੰਗਾ ਨੂੰ ਵਿਸ਼ਵ ਬੈਂਕ ਦਾ ਮੁਖੀ ਥਾਪਿਆ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਭਾਰਤੀ-ਅਮਰੀਕੀ ਕਾਰੋਬਾਰੀ ਆਗੂ ਅਜੈ ਬੰਗਾ (63) ਨੂੰ ਵਿਸ਼ਵ ਬੈਂਕ ਦਾ ਮੁਖੀ ਨਾਮਜ਼ਦ ਕੀਤਾ ਹੈ। ਉਨ੍ਹਾਂ ਨੇ ਇਕ ਬਿਆਨ ਜਾਰੀ ਕਰਦਿਆਂ ਕਿਹਾ, 'ਅਜੈ ਬੰਗਾ ਵਿਚ ਅਜਿਹੀਆਂ ਸਾਰੀਆਂ ਖੂਬੀਆਂ ਮੌਜੂਦ ਹਨ ਕਿ ਉਹ ਸੰਕਟ ਦੇ ਇਸ ਸਮੇਂ ਵਿਚ ਵਿਸ਼ਵ ਬੈਂਕ ਦੀ ਅਗਵਾਈ ਕਰ ਸਕੇ।' ਮੌਜੂਦਾ ਸਮੇਂ ਅਜੈ ਬੰਗਾ ਜਨਰਲ ਐਟਲਾਂਟਿਕ ਕੰਪਨੀ ਦੇ ਉਪ ਚੇਅਰਮੈਨ ਹਨ। ਉਹ ਮਾਸਟਰਕਾਰਡ ਦੇ ਸੀ.ਈ.ਓ. ਤੇ ਪ੍ਰਧਾਨ ਵਜੋਂ ਵੀ ਸੇਵਾਵਾਂ ਨਿਭਾਅ ਚੁੱਕੇ ਹਨ। ਅਜੈ ਬੰਗਾ ਨੂੰ ਸਾਲ 2016 ਵਿਚ ਪਦਮ ਸ੍ਰੀ ਐਵਾਰਡ ਨਾਲ ਸਨਮਾਨਿਆ ਗਿਆ ਸੀ।

## ਫਲੋਰਿਡਾ 'ਚ ਬੰਦੂਕਧਾਰੀ ਵੱਲੋਂ ਟੀ.ਵੀ. ਸਟੇਸ਼ਨ ਦੇ ਪੱਤਰਕਾਰ ਸਮੇਤ 3 ਦੀ ਹੱਤਿਆ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਕੇਂਦਰੀ ਫਲੋਰਿਡਾ ਵਿਚ ਇਕ ਬੰਦੂਕਧਾਰੀ ਵੱਲੋਂ ਇਕ ਔਰਤ ਤੇ ਪੱਤਰਕਾਰ ਸਮੇਤ 3 ਜਣਿਆਂ ਦੀ ਹੱਤਿਆ ਕਰ ਦੇਣ ਦੀ ਖ਼ਬਰ ਹੈ। ਪਹਿਲਾਂ ਉਸ ਨੇ ਔਰਤ ਨੂੰ ਗੋਲੀ ਮਾਰੀ। ਬਾਅਦ ਵਿਚ ਹਮਲਾਵਰ ਨੇ ਮੌਕੇ 'ਤੇ ਪੁੱਜੇ ਟੀ.ਵੀ. ਪੱਤਰਕਾਰ ਜੋ ਦ੍ਰਿਸ਼ ਨੂੰ ਫਿਲਮਾ ਰਿਹਾ ਸੀ, ਦੀ ਵੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਇਕ 9 ਸਾਲ ਦੀ ਲੜਕੀ ਵੀ ਉਸ ਵੱਲੋਂ ਚਲਾਈ ਗੋਲੀ ਦਾ ਸ਼ਿਕਾਰ ਬਣ ਗਈ। ਪੁਲਿਸ ਨੇ ਹਮਲਾਵਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮਾਰਿਆ ਗਿਆ ਪੱਤਰਕਾਰ ਸਪੈਕਟਰਮ ਨਿਊਜ਼ 13 ਓਰਲੈਂਡੋ ਦਾ ਸੀ, ਜਿਸ ਦੀ ਪਛਾਣ ਡੀਲਨ ਲਿਓਨਸ (24) ਵਜੋਂ ਹੋਈ ਹੈ। ਟੀ.ਵੀ. ਸਟੇਸ਼ਨ ਅਨੁਸਾਰ ਇਸ ਘਟਨਾ ਵਿਚ ਉਸ ਦਾ ਇਕ ਫੋਟੋਗ੍ਰਾਫਰ ਜੈਸੀ ਵਾਲਡਨ ਗੰਭੀਰ ਰੂਪ 'ਚ ਜ਼ਖਮੀ ਹੋਇਆ ਹੈ। ਓਰਲੈਂਡੋ ਹੈਲਥ ਰੀਜਨਲ ਮੈਡੀਕਲ ਸੈਂਟਰ ਅਨੁਸਾਰ ਵਾਲਡਨ ਦੀ ਹਾਲਤ ਸਥਿਰ ਹੈ। ਗ੍ਰਿਫ਼ਤਾਰ ਸ਼ੱਕੀ ਦੋਸ਼ੀ ਦੀ ਪਛਾਣ 19 ਸਾਲਾ ਕੀਥ ਮੈਲਵਿਨ ਮੋਸਸ ਵਜੋਂ ਹੋਈ ਹੈ।



**ਪੱਤਰਕਾਰ ਡੀਲਨ ਲਿਓਨਸ।**

## ਅਮਰੀਕਾ 'ਚ ਹੈਰੋਇਨ ਤੇ ਕੁਕੀਨ ਸਮੇਤ ਭਾਰੀ ਮਾਤਰਾ 'ਚ ਡਰੱਗ ਫੜਿਆ; ਕਈ ਗ੍ਰਿਫ਼ਤਾਰੀਆਂ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਐਰਜ਼ੋਨਾ ਅਧਿਕਾਰੀਆਂ ਨੇ ਡਰੱਗ ਤਸਕਰਾਂ ਨੂੰ ਨਿਸ਼ਾਨਾ ਬਣਾਉਂਦਿਆਂ ਭਾਰੀ ਮਾਤਰਾ 'ਚ ਨਸ਼ੀਲੇ ਪਦਾਰਥ ਬਰਾਮਦ ਕੀਤੇ ਹਨ, ਜਿਨ੍ਹਾਂ ਦੀ ਅਨੁਮਾਨਤ ਕੀਮਤ 1.30 ਕਰੋੜ ਡਾਲਰ ਹੈ। ਡਰੱਗ ਇਨਫੋਰਮੈਂਟ ਪ੍ਰਸ਼ਾਸਨ ਅਨੁਸਾਰ ਬਰਾਮਦ ਨਸ਼ੀਲੇ ਪਦਾਰਥਾਂ 'ਚ ਭਾਰੀ ਮਾਤਰਾ ਵਿਚ ਹੈਰੋਇਨ, ਕੋਕੀਨ ਤੇ ਫੈਂਟਾਨਾਇਲ ਪਾਊਡਰ ਤੋਂ ਇਲਾਵਾ 45 ਲੱਖ ਤੋਂ ਵਧ ਫੈਂਟਾਨਾਇਲ ਗੋਲੀਆਂ ਤੇ 3100 ਪਾਉਂਡ ਮੈਥੰਫੈਟਾਮਾਈਨ ਸ਼ਾਮਲ ਹੈ। ਡਰੱਗ ਇਨਫੋਰਮੈਂਟ ਪ੍ਰਸ਼ਾਸਨ ਵੱਲੋਂ ਜਾਰੀ ਪ੍ਰੈੱਸ ਬਿਆਨ ਅਨੁਸਾਰ ਹੁਣ ਤੱਕ 150 ਵਿਅਕਤੀਆਂ ਵਿਰੁੱਧ ਡਰੱਗ ਤਸਕਰੀ ਦੇ ਦੋਸ਼ ਆਇਦ ਕੀਤੇ ਜਾ ਚੁੱਕੇ ਹਨ। ਵੱਡੀ ਮਾਤਰਾ 'ਚ ਨਸ਼ੀਲੇ ਪਦਾਰਥਾਂ ਦੀ ਇਹ ਬਰਾਮਦਗੀ ਟੈਂਪੇ ਪੁਲਿਸ ਵਿਭਾਗ ਤੇ ਐਰੀਜ਼ੋਨਾ ਅਟਰਾਨੀ ਜਨਰਲ ਕ੍ਰਿਸ ਮੇਅਸ ਦੇ ਸਹਿਯੋਗ ਨਾਲ ਹੋਈ ਹੈ। ਇਸ ਮਾਮਲੇ ਵਿਚ ਕਈ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ, ਜਿਨ੍ਹਾਂ ਦੇ ਨਾਂ ਜਾਰੀ ਨਹੀਂ ਕੀਤੇ ਹਨ ਕਿਉਂਕਿ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਮਲਾ ਅਜੇ ਜਾਂਚ ਅਧੀਨ ਹੈ ਤੇ ਹੋਰ ਕਈ ਲੋਕਾਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਦੀ ਵੀ ਸੰਭਾਵਨਾ ਹੈ।



**ਡਰੱਗ ਤਸਕਰਾਂ ਕੋਲੋਂ ਬਰਾਮਦ ਨਸ਼ੀਲੇ ਪਦਾਰਥ।**




# ਅਮਰੀਕਾ 'ਚ ਟਰੱਕ ਨੇ ਦੋ ਸਾਈਕਲ ਸਵਾਰਾਂ ਨੂੰ ਕੁਚਲਿਆ ਤੇ ਅਨੇਕਾਂ ਹੋਰ ਜ਼ਖਮੀ; ਡਰਾਈਵਰ ਗ੍ਰਿਫ਼ਤਾਰ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ ਦੇ ਐਰੀਜ਼ੋਨਾ ਰਾਜ ਵਿਚ ਇਕ ਪਿੱਕਅਪ ਟਰੱਕ ਨੇ ਸਾਈਕਲ ਸਵਾਰਾਂ ਦੇ ਇਕ ਗਰੁੱਪ 'ਚ ਜ਼ਬਰਦਸਤ ਟੱਕਰ ਮਾਰ ਦਿੱਤੀ, ਜਿਸ ਦੇ ਸਿੱਟੇ ਵਜੋਂ 2 ਸਾਈਕਲ ਸਵਾਰਾਂ ਦੀ ਮੌਤ ਹੋ ਗਈ ਤੇ 11 ਹੋਰ ਜ਼ਖਮੀ ਹੋ ਗਏ, ਜਿਨ੍ਹਾਂ ਵਿਚੋਂ ਕਈਆਂ ਦੀ ਹਾਲਤ ਗੰਭੀਰ ਹੈ। ਟੱਰਕ ਨੂੰ ਪੈਡਰੋ ਕੁਇਨਟਾਨਾ ਲੂਜਾਨ (26 ਸਾਲ) ਨਾਮੀ ਵਿਅਕਤੀ ਚਲਾ ਰਿਹਾ ਸੀ, ਜਿਸ ਨੂੰ ਕਤਲ ਤੇ ਹਮਲਾ ਕਰਨ ਸਮੇਤ ਹੋਰ ਕਈ ਦੋਸ਼ਾਂ ਤਹਿਤ ਗ੍ਰਿਫ਼ਤਾਰ ਕਰ ਲਿਆ ਹੈ। ਗੁੱਡਈਅਰ ਪੁਲਿਸ ਅਨੁਸਾਰ ਇਹ ਹਾਦਸਾ ਪੱਛਮੀ



ਕਾਟਨ ਲੇਨ ਬ੍ਰਿਜ ਦਾ ਦ੍ਰਿਸ਼ ਜਿਸ ਉਪਰ ਹਾਦਸਾ ਵਾਪਰਿਆ।

ਫੀਨਿਕਸ 'ਚ ਤਕਰੀਬਨ 19 ਮੀਲ ਦੂਰ ਕਾਟਨ ਲੇਨ ਬ੍ਰਿਜ ਉਪਰ ਵਾਪਰਿਆ। ਪੁਲਿਸ ਦੇ ਬੁਲਾਰੇ ਲੀਸਾ ਬੇਰੀ ਨੇ ਕਿਹਾ ਹੈ ਕਿ ਗ੍ਰਿਫ਼ਤਾਰ ਡਰਾਈਵਰ ਹਾਦਸੇ ਦੀ ਜਾਂਚ ਵਿਚ ਪੂਰਾ ਸਹਿਯੋਗ ਕਰ ਰਿਹਾ ਹੈ। ਉਨ੍ਹਾਂ ਕਿਹਾ ਹੈ ਕਿ ਇਕ ਸਾਈਕਲ ਸਵਾਰ ਔਰਤ ਮੌਕੇ ਉਪਰ ਹੀ ਦਮ ਤੋੜ ਗਈ, ਜਦਕਿ ਇਕ ਹੋਰ ਦੀ ਹਸਪਤਾਲ ਵਿਚ ਜਾ ਕੇ ਮੌਤ ਹੋ ਗਈ। ਇਨ੍ਹਾਂ ਵਿਚੋਂ ਇਕ ਗੁੱਡਈਅਰ ਦਾ ਵਸਨੀਕ ਸੀ, ਜਦਕਿ ਦੂਸਰਾ ਹੋਰ ਰਾਜ ਤੋਂ ਆਇਆ ਸੀ। ਪੁਲਿਸ ਨੇ ਮ੍ਰਿਤਕਾਂ ਤੇ ਜ਼ਖਮੀਆਂ ਦੇ ਨਾਂ ਅਜੇ ਜਾਰੀ ਨਹੀਂ ਕੀਤੇ ਹਨ।

## ਐਲੋਨ ਮਸਕ ਫਿਰ ਤੋਂ ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀ ਬਣੇ

**ਨਵੀਂ ਦਿੱਲੀ, (ਪੰਜਾਬ ਮੇਲ)**- ਐਲੋਨ ਮਸਕ ਇਕ ਵਾਰ ਫਿਰ ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀ ਬਣ ਗਏ ਹਨ।



ਬਲੂਮਬਰਗ ਬਿਲੀਅਨੇਅਰ ਇੰਡੈਕਸ ਅਨੁਸਾਰ ਟਵਿੱਟਰ ਦੇ ਨਵੇਂ ਮਾਲਕ ਐਲੋਨ ਮਸਕ ਦੀ ਕੁੱਲ ਜਾਇਦਾਦ ਲਗਭਗ 187 ਬਿਲੀਅਨ ਡਾਲਰ ਹੋ ਗਈ ਹੈ। ਬਲੂਮਬਰਗ ਦੀ ਰੈਂਕਿੰਗ 'ਚ ਮਸਕ ਨੂੰ ਦੁਨੀਆਂ ਦਾ ਸਭ ਤੋਂ ਅਮੀਰ ਵਿਅਕਤੀ ਦੱਸਿਆ ਗਿਆ ਹੈ। ਫਰਾਂਸ ਦੇ ਬਰਨਾਰਡ ਅਰਨੌਲਟ ਨੂੰ ਪਿੱਛੇ ਛੱਡਦੇ ਹੋਏ ਐਲੋਨ ਮਸਕ ਦੁਨੀਆਂ ਦੇ ਸਭ ਤੋਂ ਅਮੀਰਾਂ ਦੀ ਸੂਚੀ ਵਿਚ ਸਿਖਰ 'ਤੇ ਆ ਗਏ ਹਨ।

# ਅਮਰੀਕਾ 'ਚ ਪੰਜਾਬੀ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ

**ਭੁਲੱਥ/ਮੈਡੀਲੈਂਡ (ਪੰਜਾਬ ਮੇਲ)**- ਆਪਣੇ ਸੁਨਿਹਰੀ ਭਵਿੱਖ ਦੀ ਭਾਲ 'ਚ ਅਮਰੀਕਾ ਗਏ ਬਲਾਕ ਨਡਾਲਾ ਦੇ ਪਿੰਡ ਤਲਵਾੜਾ (ਕਪੂਰਥਲਾ) ਦੇ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ। ਮ੍ਰਿਤਕ ਦੇ ਪਿਤਾ ਤਰਲੋਚਨ ਸਿੰਘ ਰੰਧਾਵਾ ਵਾਸੀ ਤਲਵਾੜਾ ਨੇ ਦੱਸਿਆ ਕਿ ਉਨ੍ਹਾਂ ਨੇ 3 ਸਾਲ ਪਹਿਲਾਂ ਆਪਣੇ ਪੁੱਤਰ ਤਲਵਿੰਦਰ ਸਿੰਘ ਉਰਫ਼ ਤਿੰਦੀ (23) ਨੂੰ ਕਰਜ਼ਾ ਚੁੱਕ ਕੇ ਅਮਰੀਕਾ ਭੇਜਿਆ ਸੀ, ਜੋ ਮੈਡੀਲੈਂਡ ਸੂਬੇ ਵਿਚ ਰਹਿੰਦਾ ਸੀ ਅਤੇ ਇਕ ਸਟੋਰ ਵਿਚ ਕੰਮ ਕਰਦਾ ਸੀ। ਸ਼ੁੱਕਰਵਾਰ



ਦੀ ਰਾਤ ਜਦੋਂ ਸਟੋਰ ਤੋਂ ਕੰਮ ਕਰਕੇ ਵਾਪਸ ਕਮਰੇ ਵਿਚ ਸੁੱਤਾ ਤਾਂ ਅਚਾਨਕ ਸੁੱਤੇ ਪਏ ਨੂੰ ਦਿਲ ਦਾ ਦੌਰਾ ਪੈਣ ਨਾਲ ਉਸ ਦੀ ਮੌਤ ਹੋ ਗਈ। ਇਹ ਖ਼ਬਰ ਅਮਰੀਕਾ ਰਹਿੰਦੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੇ ਫੋਨ ਜ਼ਰੀਏ ਦਿੱਤੀ। ਤਰਲੋਚਨ ਸਿੰਘ ਨੇ ਦੱਸਿਆ ਕਿ ਤਲਵਿੰਦਰ ਨੂੰ ਲੱਖਾਂ ਰੁਪਏ ਕਰਜ਼ਾ ਚੁੱਕ ਕੇ ਅਮਰੀਕਾ ਭੇਜਿਆ ਸੀ ਪਰ ਹਾਲੇ ਤੱਕ ਚੁੱਕਿਆ ਹੋਇਆ ਕਰਜ਼ਾ ਨਹੀਂ ਉਤਰ ਸਕਿਆ। ਉਨ੍ਹਾਂ ਨੇ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਕੋਲੋਂ ਬੇਟੇ ਦੀ ਮ੍ਰਿਤਕ ਦੇਹ ਭਾਰਤ ਲਿਆਉਣ ਲਈ ਮਦਦ ਦੀ ਮੰਗ ਕੀਤੀ ਹੈ।

# ਭਾਰਤੀ-ਅਮਰੀਕੀ ਦਰਸ਼ਨਾ ਪਟੇਲ ਵੱਲੋਂ ਕੈਲੀਫੋਰਨੀਆ ਸਟੇਟ ਅਸੈਂਬਲੀ ਦੀ ਚੋਣ ਲੜਨ ਦਾ ਐਲਾਨ

**ਨਿਊਯਾਰਕ, (ਪੰਜਾਬ ਮੇਲ)**- ਭਾਰਤੀ-ਅਮਰੀਕੀ ਭਾਈਚਾਰੇ ਦੀ ਨੇਤਾ ਅਤੇ ਡੈਮੋਕਰੇਟ ਦਰਸ਼ਨਾ ਪਟੇਲ ਨੇ 2024 ਵਿਚ ਕੈਲੀਫੋਰਨੀਆ ਸਟੇਟ ਅਸੈਂਬਲੀ ਡਿਸਟ੍ਰਿਕਟ 76 ਲਈ ਚੋਣ ਲੜਨ ਦਾ ਐਲਾਨ ਕੀਤਾ ਹੈ। 48 ਸਾਲਾ ਪਟੇਲ ਨੇ ਕਿਹਾ ਕਿ ਉਹ ਕੈਲੀਫੋਰਨੀਆ ਦੇ ਪੋਵੇ ਯੂਨੀਫਾਈਡ ਸਕੂਲ ਡਿਸਟ੍ਰਿਕਟ ਬੋਰਡ ਦੇ ਪ੍ਰਧਾਨ ਵਜੋਂ ਤੀਜੀ ਵਾਰ ਚੋਣ ਨਹੀਂ ਲੜੇਗੀ। ਸਾਨ ਡਿਆਗੋ ਨਿਵਾਸੀ ਦੀ ਮੁਹਿੰਮ ਨੇ ਭਾਰਤੀ-ਅਮਰੀਕੀ ਕਾਂਗਰਸਮੈਨ ਰੋ ਖੰਨਾ ਤੋਂ ਸ਼ੁਰੂਆਤੀ ਸਮਰਥਨ ਪ੍ਰਾਪਤ ਕੀਤਾ ਹੈ।

ਕੈਲੀਫੋਰਨੀਆ ਵਿਚ ਰਹਿ ਰਹੀ ਆਪਣੀ ਮੁਹਿੰਮ ਦੀ ਸ਼ੁਰੂਆਤ ਕਰਦੇ ਹੋਏ ਪਟੇਲ ਨੇ ਕਿਹਾ ਕਿ "ਅਮਰੀਕੀ ਸੁਫ਼ਨੇ ਨੂੰ



ਸਾਕਾਰ ਕਰਨ ਲਈ ਸੰਘਰਸ਼ ਕਰਨ ਵਾਲੇ ਪ੍ਰਵਾਸੀਆਂ ਦੀ ਧੀ ਹੋਣ ਦੇ ਨਾਤੇ ਉਹ ਉਨ੍ਹਾਂ ਚੁਣੌਤੀਆਂ ਨੂੰ ਜਾਣਦੀ ਹੈ, ਜਿਨ੍ਹਾਂ ਦਾ ਪਰਿਵਾਰ ਔਖੇ ਸਮੇਂ ਵਿਚ ਸਾਹਮਣਾ ਕਰ ਸਕਦਾ ਹੈ। ਜੇਕਰ ਮਹਾਨ ਪਬਲਿਕ ਸਕੂਲ ਅਧਿਆਪਕ ਅਤੇ ਕਾਲਜ ਸਕਾਲਰਸ਼ਿਪਾਂ ਨਾ ਹੁੰਦੀਆਂ, ਤਾਂ ਉਹ ਅੱਜ ਇੱਥੇ ਨਹੀਂ ਹੁੰਦੀ"। ਪਟੇਲ ਨੇ ਅੱਗੇ ਕਿਹਾ ਕਿ "ਉਹ ਸਟੇਟ ਅਸੈਂਬਲੀ ਲਈ ਚੋਣ ਲੜ ਰਹੀ ਹੈ ਕਿਉਂਕਿ ਉਹ ਇਹ ਯਕੀਨੀ ਬਣਾਉਣਾ ਚਾਹੁੰਦੀ ਹੈ ਕਿ ਹਰ ਵਿਅਕਤੀ ਨੂੰ ਕਾਮਯਾਬ ਹੋਣ ਅਤੇ ਵਧਣ-ਫੁੱਲਣ ਦਾ ਮੌਕਾ ਮਿਲੇ। ਪਟੇਲ ਨੇ ਆਪਣੀ ਮੁਹਿੰਮ ਦੀ ਘੋਸ਼ਣਾ ਵਿਚ ਕਿਹਾ ਕਿ ਉਹ ਭਾਈਚਾਰਿਆਂ ਨੂੰ ਸੁਰੱਖਿਅਤ ਰੱਖਣ, ਜਨਤਕ ਸਿੱਖਿਆ ਵਿਚ ਨਿਵੇਸ਼ ਕਰਨ, ਵਾਤਾਵਰਣ ਦੀ ਰੱਖਿਆ ਕਰਨ ਅਤੇ ਕੈਲੀਫੋਰਨੀਆ ਵਾਸੀਆਂ ਲਈ ਗੁਣਵੱਤਾ ਸਿਹਤ ਸੰਭਾਲ ਪਹੁੰਚ ਵਿਚ ਸੁਧਾਰ ਅਤੇ ਵਿਸਤਾਰ ਕਰਨਾ ਚਾਹੁੰਦੀ ਹੈ। ਪਟੇਲ ਨੇ ਕੋਵਿਡ-19 ਮਹਾਮਾਰੀ ਦੌਰਾਨ ਸਥਾਨਕ ਸਕੂਲਾਂ ਦਾ ਮਾਰਗਦਰਸ਼ਨ ਕਰਦੇ ਹੋਏ, ਪੋਵੇ ਯੂਨੀਫਾਈਡ ਸਕੂਲ ਡਿਸਟ੍ਰਿਕਟ ਨੂੰ ਪ੍ਰਭਾਵਸ਼ਾਲੀ ਸ਼ਾਸਨ ਅਤੇ ਵਿੱਤੀ ਜ਼ਿੰਮੇਵਾਰੀ ਨੂੰ ਬਹਾਲ ਕਰਨ ਵਿਚ ਮਦਦ ਕੀਤੀ।

# ਮਸ਼ਹੂਰ ਅਮਰੀਕੀ ਗਾਇਕ ਨੂੰ ਬਾਲ ਸੈਕਸ ਅਪਰਾਧਾਂ ਲਈ 20 ਸਾਲਾਂ ਦੀ ਸਜ਼ਾ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਮਿਊਜ਼ਿਕ ਇੰਡਸਟਰੀ ਦੇ ਮਸ਼ਹੂਰ ਸਿੰਗਰ ਆਰ. ਕੇਲੀ ਨੂੰ ਸ਼ਿਕਾਗੋ ਦੀ ਇਕ ਫੈਡਰਲ ਕੋਰਟ ਨੇ ਬਾਲ ਸੈਕਸ ਅਪਰਾਧਾਂ ਲਈ 20 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਹੈ। 56 ਸਾਲਾ ਗਾਇਕ ਰਾਬਰਟ ਸਿਲਵੇਸਟਰ ਕੇਲੀ ਨੂੰ ਉਨ੍ਹਾਂ ਖ਼ਿਲਾਫ਼ ਸਾਲ 2019 ਵਿਚ ਦਾਇਰ ਕੀਤੇ ਗਏ 13 ਦੋਸ਼ਾਂ 'ਚੋਂ 6 'ਚ ਦੋਸ਼ੀ ਪਾਇਆ ਗਿਆ। ਇਨ੍ਹਾਂ ਦੋਸ਼ਾਂ 'ਚ ਨਾਬਾਲਗਾਂ ਨੂੰ ਸੈਕਸ ਸਰਗਰਮੀਆਂ ਵਿਚ ਸ਼ਾਮਲ ਕਰਨ ਦੇ 3 ਅਤੇ ਸੈਕਸ ਸਬੰਧ ਬਣਾਉਣ ਦੇ ਵੀ 3 ਮਾਮਲੇ ਸ਼ਾਮਲ ਸਨ। ਗਾਇਕ 'ਤੇ ਲੱਗੇ ਦੋਸ਼ਾਂ ਦੀ ਸੁਣਵਾਈ 'ਚ ਜੱਜ ਨੇ



ਪਾਇਆ ਕਿ ਕੇਲੀ ਨੇ ਆਪਣੀ ਤਤਕਾਲੀਨ 14 ਸਾਲਾ ਬੇਟੀ ਦੇ ਸੈਕਸ ਸ਼ੋਸ਼ਣ ਦੇ 3 ਵੀਡੀਓ ਬਣਾਏ ਸਨ। ਕੇਲੀ ਨੇ ਇਸ 14 ਸਾਲ ਦੀ ਬੱਚੀ ਨੂੰ ਆਪਣੀ ਬੇਟੀ ਬਣਾ ਕੇ ਰੱਖਿਆ ਸੀ। ਗਾਇਕ ਨੂੰ ਆਪਣੀ ਧੀ ਨਾਲ ਬਦਸਲੂਕੀ ਕਰਨ ਅਤੇ ਨਾਬਾਲਗਾਂ ਨੂੰ ਸੈਕਸ ਲਈ ਭਰਮਾਉਣ ਦੇ ਮਾਮਲੇ ਵਿਚ ਜਾਂਚ 'ਚ ਅਟਕਲਾਂ ਪੈਦਾ ਕਰਨ ਦੇ ਮਾਮਲੇ 'ਚ ਪਹਿਲਾਂ ਹੀ ਬਰੀ ਕਰ ਦਿੱਤਾ ਗਿਆ ਸੀ। ਕੇਲੀ ਪਹਿਲਾਂ ਹੀ ਧੋਖਾਧੜੀ ਅਤੇ ਸੈਕਸ ਤਸਕਰੀ ਦੇ ਦੋਸ਼ਾਂ 'ਚ 30 ਸਾਲ ਕੈਦ ਦੀ ਸਜ਼ਾ ਕੱਟ ਰਿਹਾ ਹੈ, ਜੋ ਉਸ ਨੂੰ 2021 ਵਿਚ ਸੁਣਾਈ ਗਈ ਸੀ। ਵਕੀਲਾਂ ਨੇ 30 ਸਾਲ ਦੀ ਸਜ਼ਾ ਕੱਟਣ ਤੋਂ ਬਾਅਦ 25 ਸਾਲ ਦੀ ਸਜ਼ਾ ਦਾ ਦਾਅਵਾ ਕੀਤਾ ਸੀ ਪਰ ਜੱਜ ਨੇ ਫ਼ੈਸਲਾ ਸੁਣਾਇਆ ਕਿ ਸਜ਼ਾ ਇਕੋ ਸਮੇਂ ਚੱਲੇਗੀ। ਇਸ ਤਰ੍ਹਾਂ ਕੇਲੀ ਕਥਿਤ ਤੌਰ 'ਤੇ ਉਮਰ ਕੈਦ ਦੀ ਸਜ਼ਾ ਤੋਂ ਬਚ ਗਿਆ, ਹਾਲਾਂਕਿ ਉਸ ਨੂੰ ਅਜੇ ਵੀ ਪੂਰੇ 31 ਸਾਲ ਕੈਦ ਦੀ ਸਜ਼ਾ ਕੱਟਣੀ ਹੋਵੇਗੀ।





EXPO
FURNITURE
Gallery
FALL SAVINGS
PRICES ARE FALLING!
SAVE UP TO
70%
OFF IN STORE
7310 Home Leisure Plaza
Sacramento, CA 95823
(916) 392-3233
11415 Folsom Blvd. STE #105
Rancho Cordova, CA 95742
(916) 635-3976
Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

# ਪੰਜਾਬ ਦੀਆਂ ਜੇਲ੍ਹਾਂ ਅਪਰਾਧੀਆਂ ਲਈ ਬਣਦੀਆਂ ਜਾ ਰਹੀਆਂ ਨੇ ਸੁਰੱਖਿਅਤ ਪਨਾਹਗਾਹ

**■ 70 ਦੇ ਕਰੀਬ ਗੈਂਗਾਂ ਦੇ 500 ਮੈਂਬਰ ਸਰਗਰਮ**

ਲੁਧਿਆਣਾ, (ਪੰਜਾਬ ਮੇਲ)- ਦੇਸ਼ ਦੇ ਕਾਨੂੰਨ 'ਚ ਅਪਰਾਧੀਆਂ ਨੂੰ ਸਮਾਜ ਦੀ ਮੁੱਖ ਧਾਰਾ 'ਚ ਵਾਪਸ ਲਿਆਉਣ ਲਈ ਸਜ਼ਾ ਦੀ ਵਿਵਸਥਾ ਹੈ, ਤਾਂ ਜੋ ਅਪਰਾਧੀ ਜੇਲ੍ਹ ਦੇ ਅੰਦਰ ਆਪਣੇ ਗੁਨਾਹ ਦਾ ਪਛਤਾਵਾ ਕਰ ਸਕਣ ਅਤੇ ਸੁਧਰ ਕੇ ਜੇਲ੍ਹ ਤੋਂ ਬਾਹਰ ਆਉਣ ਮਗਰੋਂ ਸਮਾਜ ਦਾ ਮਹੱਤਵਪੂਰਨ ਅੰਗ ਬਣ ਸਕਣ। ਮੌਜੂਦਾ 'ਚ ਹਾਲਾਤ ਇਸ ਦੇ ਬਿਲਕੁਲ ਉਲਟ ਹਨ। ਜੇਲ੍ਹ ਦੇ ਅੰਦਰ ਬੈਠੇ ਹੋਏ ਵੱਖ-ਵੱਖ ਗੈਂਗਾਂ ਦੇ ਮੁਖੀ ਆਪਣੇ ਕਰਿੰਦਿਆਂ ਰਾਹੀਂ ਮਨਚਾਹਿਆ ਕੰਮ ਕਰਵਾਉਣ ਦੇ ਸਮਰੱਥ ਹਨ, ਜਿਸ ਦਾ ਸਬੂਤ ਅਸੀਂ ਸਮੇਂ-ਸਮੇਂ 'ਤੇ ਗੈਂਗਵਾਰ ਦੇ ਰੂਪ 'ਚ ਵੱਖ-ਵੱਖ ਸ਼ਹਿਰਾਂ 'ਚ ਦੇਖ ਚੁੱਕੇ ਹਨ। ਸੰਖੇਪ 'ਚ ਪੰਜਾਬ ਦੀਆਂ ਜੇਲ੍ਹਾਂ ਅਪਰਾਧੀਆਂ ਲਈ ਸੁਰੱਖਿਅਤ ਪਨਾਹਗਾਹ ਬਣਦੀਆਂ ਜਾ ਰਹੀਆਂ ਹਨ ਪਰ ਸਰਕਾਰਾਂ ਬੇਵੱਸ, ਲਾਚਾਰ ਅਤੇ ਅਸਹਾਈ ਨਜ਼ਰ ਆਉਂਦੀਆਂ ਹਨ।

ਪੰਜਾਬ 'ਚ ਇਕ ਅੰਦਾਜ਼ੇ ਮੁਤਾਬਕ ਛੋਟੇ ਤੇ ਵੱਡੇ ਸਰਗਰਮ ਗੈਂਗਾਂ ਦੀ ਗਿਣਤੀ 70 ਦੇ ਆਸ-ਪਾਸ ਹੈ ਅਤੇ ਇਨ੍ਹਾਂ ਦੇ ਮੈਂਬਰਾਂ ਦੀ ਗਿਣਤੀ 500 ਦੇ ਕਰੀਬ ਹੈ, ਜਿਨ੍ਹਾਂ ਵਿਚੋਂ ਅੱਧਿਓਂ ਵੱਧ ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ 'ਚ ਬੰਦ ਹਨ। ਆਪਣੀਆਂ ਗਤੀਵਿਧੀਆਂ ਕਾਰਨ 8 ਤੋਂ 10 ਵਿਅਕਤੀ ਜ਼ਿਆਦਾ ਸਰਗਰਮ ਹਨ ਅਤੇ ਡਰ ਦਾ ਕਾਰਨ ਬਣ ਚੁੱਕੇ ਹਨ।

ਇਨ੍ਹਾਂ 'ਚੋਂ ਮੁੱਖ ਤੌਰ 'ਤੇ ਲਾਰੈਂਸ ਬਿਸ਼ਨੋਈ, ਜੱਗੂ ਭਗਵਾਨਪੁਰੀਆ, ਗੌਂਡਰ ਅਤੇ ਬ੍ਰਦਰਜ਼, ਦਵਿੰਦਰ ਬੰਬੀਹਾ, ਸੁੱਖਾ ਕਾਹਲਵਾਂ, ਜਸਪਾਲ ਭੁੱਲਰ, ਰਾਕੀ, ਬਚਿੱਤਰ ਮੱਲ੍ਹੀ ਅਤੇ ਹੋਰ ਉਪਰੋਕਤ ਗੈਂਗਾਂ 'ਚੋਂ ਕੁੱਝ ਗੈਂਗਾਂ ਦੇ ਮੁਖੀਆ ਜੇਲ੍ਹ ਦੇ ਅੰਦਰ ਹੋਣ, ਕੁੱਝ ਗੈਂਗ ਪ੍ਰਮੁੱਖੀ ਦਾ ਕਤਲ ਹੋਣ ਦੇ ਬਾਵਜੂਦ ਸਰਕਾਰ ਸਾਧਨ ਸੰਪੰਨ ਹੋਣ ਦੇ ਬਾਵਜੂਦ ਇਨ੍ਹਾਂ ਦੀਆਂ ਗਤੀਵਿਧੀਆਂ 'ਤੇ ਪਾਬੰਦੀ ਲਾਉਣ 'ਚ ਅਸਫ਼ਲ ਸਾਬਤ ਹੋ ਰਹੀ ਹੈ। ਅਜਿਹੇ ਹਾਲਾਤ 'ਚ ਸਰਕਾਰ ਗੈਂਗਸਟਰ ਨੂੰ ਕੰਟਰੋਲ ਕਰਨ 'ਚ ਕਦੋਂ ਸਫ਼ਲ ਹੋਵੇਗੀ?

## ਈਰਾਨੀ ਕਮਾਂਡਰ ਵੱਲੋਂ ਟਰੰਪ ਨੂੰ ਮਾਰਨ ਦੀ ਧਮਕੀ!

**ਦੁਬਈ (ਪੰਜਾਬ ਮੇਲ)**- ਈਰਾਨ ਦੀ ਟਾਪ ਕਮਾਂਡਰ ਅਮੀਰਾਲੀ ਹਾਜੀਜ਼ਾਦੇਹ ਨੇ ਅਮਰੀਕਾ ਨੂੰ ਸਖ਼ਤ ਲਹਿਜ਼ੇ ਵਿਚ ਧਮਕੀ ਦਿੱਤੀ ਹੈ ਕਿ ਉਸ ਨੇ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਮਾਰਨ ਲਈ 1650 ਕਿਲੋਮੀਟਰ ਦੂਰ ਦੀ ਮਾਰਕ ਸਮਰੱਥਾ ਵਾਲੀ ਕਰੂਜ਼ ਮਿਜ਼ਾਈਲ ਤਿਆਰ ਕਰ ਲਈ ਹੈ ਤੇ ਜਲਦ ਹੀ ਉਹ ਆਪਣੇ ਕਮਾਂਡਰ ਦੀ ਹੱਤਿਆ ਦਾ ਬਦਲਾ ਲੈਣਗੇ। ਈਰਾਨ ਦੇ ਚੋਟੀ ਦੇ ਕਮਾਂਡਰ ਦੀ ਧਮਕੀ ਤੋਂ ਬਾਅਦ ਅਮਰੀਕਾ ਸਮੇਤ ਪੱਛਮੀ ਦੇਸ਼ਾਂ ਦੀ ਚਿੰਤਾ ਵਧ ਗਈ ਹੈ ਕਿਉਂਕਿ ਰੂਸ-ਯੂਕਰੇਨ ਜੰਗ ਵਿਚ ਰੂਸ ਈਰਾਨੀ ਡਰੋਨ ਦੀ ਮਦਦ ਨਾਲ ਕੀਵ 'ਤੇ ਲਗਾਤਾਰ ਬੰਬ ਵਰ੍ਹਾ ਰਿਹਾ ਹੈ। ਈਰਾਨ ਦੇ ਰਿਵਾਲਿਊਸ਼ਨਰੀ ਗਾਰਡਸ ਏਅਰੋਸਪੇਸ ਫੋਰਸ ਦੇ ਮੁਖੀ ਅਮੀਰਾਲੀ ਹਾਜੀਜ਼ਾਦੇਹ ਨੇ ਕਿਹਾ ਕਿ ਈਰਾਨ ਦੇ ਇਕ ਚੋਟੀ ਦੇ ਈਰਾਨੀ ਕਮਾਂਡਰ ਦੀ ਹੱਤਿਆ ਦਾ ਬਦਲਾ ਲੈਣ ਲਈ ਉਹ ਤਿਆਰ ਹੈ।

# ਕਾਂਗਰਸੀ ਆਗੂ ਰਵਨੀਤ ਬਿੱਟੂ ਨੂੰ ਮਿਲੀ ਬੰਬ ਨਾਲ ਉਡਾਉਣ ਦੀ ਧਮਕੀ



**ਲੁਧਿਆਣਾ, (ਪੰਜਾਬ ਮੇਲ)**- ਲੁਧਿਆਣਾ ਦੇ ਮੈਂਬਰ ਪਾਰਲੀਮੈਂਟ ਅਤੇ ਕਾਂਗਰਸ ਦੇ ਸੀਨੀਅਰ ਆਗੂ ਰਵਨੀਤ ਸਿੰਘ ਬਿੱਟੂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਰਵਨੀਤ ਬਿੱਟੂ ਨੂੰ ਵਟਸਐਪ 'ਤੇ ਵਿਦੇਸ਼ੀ ਨੰਬਰ ਤੋਂ ਆਈ ਕਾਲ ਰਾਹੀਂ ਧਮਕੀ ਦਿੱਤੀ ਗਈ ਹੈ। ਇਹ ਕੋਈ ਪਹਿਲਾ ਮਾਮਲਾ ਨਹੀਂ ਹੈ, ਜਦੋਂ ਸਮਾਜ ਵਿਰੋਧੀ ਅਨਸਰਾਂ ਵਲੋਂ ਬਿੱਟੂ ਨੂੰ ਧਮਕੀ ਦਿੱਤੀ ਗਈ ਹੋਵੇ, ਇਸ ਤੋਂ ਪਹਿਲਾਂ ਵੀ ਕਈ ਵਾਰ ਉਨ੍ਹਾਂ ਨੂੰ ਅਜਿਹੀਆਂ ਧਮਕੀਆਂ ਮਿਲਦੀਆਂ ਰਹੀਆਂ ਹਨ, ਜਿਸ ਦੀ ਸ਼ਿਕਾਇਤ ਉਨ੍ਹਾਂ ਵਲੋਂ ਸਮੇਂ-ਸਮੇਂ ਪੁਲਿਸ ਨੂੰ ਕੀਤੀ ਜਾਂਦੀ ਰਹੀ ਹੈ।

ਮਿਲੀ ਜਾਣਕਾਰੀ ਮੁਤਾਬਕ ਫੋਨ 'ਤੇ ਧਮਕੀ ਦੇਣ ਵਾਲੇ ਮੁਲਜ਼ਮ ਨੇ ਆਪਣੇ ਆਪ ਨੂੰ ਅੰਮ੍ਰਿਤਪਾਲ ਸਿੰਘ ਦਾ ਸਾਥੀ ਦੱਸਿਆ ਹੈ। ਇਸ ਸੰਬੰਧੀ ਬਿੱਟੂ ਦੇ ਸੁਰੱਖਿਆ ਕਰਮਚਾਰੀਆਂ ਨੇ ਤੁਰੰਤ ਜ਼ੈੱਡ ਪਲੱਸ ਸੁਰੱਖਿਆ ਏਜੰਸੀ ਨੂੰ ਵੀ ਸੂਚਿਤ ਕਰ ਦਿੱਤਾ ਹੈ। ਥਾਣਾ ਡਿਵੀਜ਼ਨ ਨੰਬਰ 8 ਦੀ ਪੁਲਿਸ ਕੋਲ ਸ਼ਿਕਾਇਤ ਪਹੁੰਚ ਚੁੱਕੀ ਹੈ ਅਤੇ ਪੁਲਿਸ ਵਲੋਂ ਨੰਬਰ ਟ੍ਰੇਸ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਬਿੱਟੂ ਦੇ ਪੀ.ਏ. ਨੇ ਦੱਸਿਆ ਇਹ ਕਾਲ +994408917750 ਨੰਬਰ ਤੋਂ ਆਈ ਹੈ। ਮੁਲਜ਼ਮ ਮੋਬਾਇਲ ਦੇ ਨਾਲ-ਨਾਲ ਲੈਂਡਲਾਈਨ ਨੰਬਰ 'ਤੇ ਵੀ ਫੋਨ ਕਰਕੇ ਧਮਕੀ ਦੇ ਰਿਹਾ ਹੈ।

# ਬਹਿਬਲ ਕਲਾਂ ਇਨਸਾਫ਼ ਮੋਰਚਾ ਹੋਵੇਗਾ ਖਤਮ

**■ 2 ਮਾਰਚ ਨੂੰ ਕਰਵਾਇਆ ਜਾਵੇਗਾ ਸ਼ੁਕਰਾਨਾ ਸਮਾਗਮ**

**ਫਰੀਦਕੋਟ, (ਪੰਜਾਬ ਮੇਲ)**- ਬਹਿਬਲ ਕਲਾਂ ਇਨਸਾਫ਼ ਮੋਰਚਾ ਨੂੰ ਲੈ ਕੇ ਵੱਡੀ ਖ਼ਬਰ ਸਾਹਮਣੇ ਆਈ ਹੈ। ਜਾਣਕਾਰੀ ਮੁਤਾਬਕ ਸਿਟ ਵੱਲੋਂ ਕੋਟਕਪੂਰਾ ਗੋਲ਼ੀਕਾਂਡ ਮਾਮਲੇ 'ਚ ਚਾਰਜਸ਼ੀਟ ਦਾਖ਼ਲ ਕਰਨ ਤੋਂ ਬਾਅਦ ਬਹਿਬਲ ਕਲਾਂ ਇਨਸਾਫ਼ ਮੋਰਚੇ ਵੱਲੋਂ ਮੀਟਿੰਗ ਉਪਰੰਤ ਧਰਨਾ ਖ਼ਤਮ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਮੋਰਚੇ ਵੱਲੋਂ ਦੋ ਵੱਡੇ ਪ੍ਰੋਗਰਾਮ ਵੀ ਉਲੀਕੇ ਗਏ ਹਨ, ਜਿਸ ਦੀ ਜਾਣਕਾਰੀ ਮੋਰਚਾ ਸੰਚਾਲਕ ਅਤੇ ਆਗੂ ਸੁਖਰਾਜ ਸਿੰਘ ਵੱਲੋਂ ਦਿੱਤੀ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਮੋਰਚੇ ਵਾਲੀ ਥਾਂ 'ਤੇ 2 ਮਾਰਚ ਨੂੰ ਸ਼ੁਕਰਾਨੇ ਵਜੋਂ ਅਖੰਡ ਪਾਠ ਆਰੰਭ ਕੀਤੇ ਜਾਣਗੇ ਅਤੇ 4 ਮਾਰਚ ਨੂੰ ਭੋਗ ਪਾਏ ਜਾਣਗੇ। ਇਸ ਲਈ ਮੋਰਚੇ ਵੱਲੋਂ ਅਖੰਡ ਪਾਠ 'ਚ ਸੰਗਤ ਨੂੰ ਵੱਡੇ ਇਕੱਠ ਦੇ ਰੂਪ 'ਚ ਪਹੁੰਚਣ ਦਾ ਸਦਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ 5 ਮਾਰਚ ਨੂੰ ਮੋਰਚੇ ਵਾਲੀ ਥਾਂ ਤੋਂ ਇਕ ਕਾਫ਼ਲਾ ਸ਼ੁਕਰਾਨੇ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਰਵਾਨਾ ਹੋਵੇਗਾ ਅਤੇ ਉਸ 'ਚ ਵੀ ਸੰਗਤ ਨੂੰ ਵੱਧ-ਚੜ੍ਹ ਕੇ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਗਈ ਹੈ। ਇਨ੍ਹਾਂ ਦੋ ਪ੍ਰੋਗਰਾਮਾਂ ਤੋਂ ਬਾਅਦ 6 ਮਾਰਚ ਨੂੰ ਮੋਰਚਾ ਸਮਾਪਤ ਕੀਤਾ ਜਾਵੇਗਾ।

ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਕੋਟਕਪੂਰਾ ਗੋਲ਼ੀਕਾਂਡ ਮਾਮਲੇ 'ਚ ਏ.ਡੀ.ਜੀ.ਪੀ. ਐੱਲ.ਕੇ. ਯਾਦਵ ਦੀ ਅਗਵਾਈ ਵਾਲੀ ਸਿਟ ਵੱਲੋਂ ਫਰੀਦਕੋਟ ਅਦਾਲਤ 'ਚ 7 ਹਜ਼ਾਰ ਪੰਨਿਆਂ ਦੀ ਚਾਰਜਸ਼ੀਟ ਦਾਖ਼ਲ ਕੀਤੀ ਗਈ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਪੇਸ਼ ਕੀਤੀ ਗਈ ਇਸ ਚਾਰਜਸ਼ੀਟ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਵੀ ਨਾਂ ਹੈ। ਇਸ ਦੇ ਨਾਲ ਹੀ ਚਲਾਨ ਵਿਚ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਅਤੇ ਤੱਤਕਾਲੀ ਐੱਸ.ਐੱਸ.ਪੀ. ਚਰਨਜੀਤ ਸ਼ਰਮਾ, ਮੁਅੱਤਲ ਆਈ.ਜੀ. ਪਰਮਰਾਜ ਉਮਰਾਨੰਗਲ ਦਾ ਨਾਂ ਵੀ ਸ਼ਾਮਲ ਕੀਤਾ ਗਿਆ ਹੈ। ਸੁਖਬੀਰ ਸਿੰਘ ਬਾਦਲ ਅਤੇ ਸੁਮੇਧ ਸੈਣੀ ਨੂੰ ਮਾਸਟਰਮਾਈਂਡ ਬਣਾਇਆ ਗਿਆ ਹੈ। ਉਨ੍ਹਾਂ ਖ਼ਿਲਾਫ਼ 307, 120 ਸਮੇਤ ਵੱਖ-ਵੱਖ ਧਾਰਾਵਾਂ ਲਗਾਈਆਂ ਗਈਆਂ ਹਨ।

## ਪ੍ਰਕਾਸ਼ ਸਿੰਘ ਬਾਦਲ ਕੋਲੋਂ 'ਫ਼ਖ਼ਰ-ਏ-ਕੌਮ' ਐਵਾਰਡ ਵਾਪਸ ਲੈਣ ਦੀ ਮੰਗ ਉੱਠਣ ਲੱਗੀ

**ਅੰਮ੍ਰਿਤਸਰ, (ਪੰਜਾਬ ਮੇਲ)**- ਬੇਅਦਬੀ ਤੇ ਗੋਲੀ ਕਾਂਡ ਮਾਮਲੇ ਵਿਚ ਅਦਾਲਤ 'ਚ ਪੇਸ਼ ਕੀਤੇ ਚਲਾਨ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਨਾਂ ਸਾਹਮਣੇ ਆਉਣ ਤੋਂ ਬਾਅਦ ਉਨ੍ਹਾਂ ਕੋਲੋਂ 'ਫ਼ਖ਼ਰ-ਏ-ਕੌਮ' ਐਵਾਰਡ ਵਾਪਸ ਲੈਣ ਦੀ ਮੰਗ ਉੱਠਣ ਲੱਗੀ ਹੈ। ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਲਾਹਕਾਰ ਅਤੇ ਭਾਜਪਾ ਆਗੂ ਸਰਚਾਂਦ ਸਿੰਘ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕੀਤੀ ਕਿ ਸ਼੍ਰੀ ਬਾਦਲ ਨੂੰ ਦਿੱਤਾ ਗਿਆ 'ਫ਼ਖ਼ਰ-ਏ-ਕੌਮ' ਐਵਾਰਡ ਵਾਪਸ ਲਿਆ ਜਾਵੇ। ਇਸ ਸਬੰਧੀ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਲਿਖੇ ਪੱਤਰ ਵਿਚ ਭਾਜਪਾ ਆਗੂ ਨੇ ਕਿਹਾ ਕਿ ਕੋਟਕਪੂਰਾ ਗੋਲੀ ਕਾਂਡ ਦੇ ਮਾਮਲੇ 'ਚ ਮਦਦ ਦੇਣ ਦੇ ਗੰਭੀਰ ਦੋਸ਼ ਸਾਹਮਣੇ ਆਉਣ ਨਾਲ ਸ਼੍ਰੀ ਬਾਦਲ ਨੇ ਪੰਥ ਦਾ ਵਿਸ਼ਵਾਸ ਗੁਆ ਲਿਆ ਹੈ।


calstate MORTGAGE

NMLS: 1729528/ DRE 02058505

*We are home loan experts dedicated to making sure your home purchase or refinance experience is top-notch.*

**Purchase Loan and Refinance**

**15 & 30 Yr. Fixed Rates Are Still Better!!! Refinance Now at Zero Cost**

*Ways we help 1st time home buyers:*
- » Will walk new buyers through the whole loan process
- » Fast turn times for pre-approvals and underwriting during the settlement process
- » Fannie & Freddie with expanded DTI's
- » All Govt programs available for buyers
- » Credit scores down to a 600 for FHA and VA buyers
- » We have Cheona Down Payment Assistance In-house
- » Can also work with Down Payment Assistance programs at the State and County level
- » 1099, W-2 and Passive income allowed
- » 100k minimum total loan amount for Primary Purchases

» ਨਵੇਂ ਜਾਂ ਪੁਰਾਣੇ ਘਰ ਦਾ ਲੋਨ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

» ਘਰ ਰੀਫਾਈਨਾਂਸ ਕਰਾਉਣਾ ਹੋਵੇ ਤਾਂ ਸਾਨੂੰ ਮਿਲੋ।

» ਕਿਸੇ ਵੀ ਤਰ੍ਹਾਂ ਦੇ ਲੋਨ ਸਬੰਧੀ ਸਲਾਹ-ਮਸ਼ਵਰੇ ਲਈ ਕਾਲ ਕਰੋ।






**Preet Kalirai**

NMLS: 281660/DRE 02097522

**Mortgage Broker**

530 La Sierra Drive, Sacramento, CA 95864

ਸਾਡੇ ਨਾਲ ਪੰਜਾਬੀ ਜਾਂ ਇੰਗਲਿਸ਼ ਵਿਚ ਗੱਲ ਕਰੋ।

**916-225-1225**

e: preet@calstatemtg.com • w : https://www.getapproval.com

Copyright@Punjab Mail USA

# ਕੋਟਕਪੂਰਾ ਗੋਲੀ ਕਾਂਡ: ਬਾਦਲ, ਸੁਖਬੀਰ ਅਤੇ ਸੈਣੀ ਖ਼ਿਲਾਫ਼ ਚਾਲਾਨ ਪੇਸ਼

■ ਜਾਂਚ ਟੀਮ ਨੇ ਤਿੰਨਾਂ ਸਮੇਤ ਅੱਠ ਨੂੰ ਇਸ ਕਾਂਡ ਦਾ ਸਾਜ਼ਿਸ਼ਘਾੜਾ ਦੱਸਿਆ



**ਫਰੀਦਕੋਟ, (ਪੰਜਾਬ ਮੇਲ)-** ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ ਨੇ ਕਰੀਬ 7 ਹਜ਼ਾਰ ਪੰਨਿਆਂ ਦਾ ਦੋਸ਼ ਪੱਤਰ ਇੱਥੇ ਇਲਾਕਾ ਮੈਜਿਸਟਰੇਟ ਅਜੈਪਾਲ ਸਿੰਘ ਦੀ ਅਦਾਲਤ ਵਿਚ ਪੇਸ਼ ਕਰਕੇ ਦਾਅਵਾ ਕੀਤਾ ਹੈ ਕਿ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਤਤਕਾਲੀਨ ਡੀ.ਜੀ.ਪੀ. ਸੁਮੇਧ ਸੈਣੀ ਕੋਟਕਪੂਰਾ ਗੋਲੀ ਕਾਂਡ ਦੇ ਮੁੱਖ ਸਾਜ਼ਿਸ਼ਘਾੜੇ ਸਨ। ਜਾਂਚ ਟੀਮ ਨੇ ਆਪਣੀ ਪੜਤਾਲ ਰਿਪੋਰਟ ਵਿਚ ਖੁਲਾਸਾ ਕੀਤਾ ਹੈ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸੁਖਬੀਰ ਸਿੰਘ ਬਾਦਲ ਅਤੇ ਸੁਮੇਧ ਸੈਣੀ ਵੱਲੋਂ ਰਚੀ ਗਈ ਸਾਜ਼ਿਸ਼ ਨੂੰ ਅੰਜਾਮ ਦੇਣ ਵਿਚ ਕਥਿਤ ਵੱਡੀ ਭੂਮਿਕਾ ਨਿਭਾਈ। ਜਾਂਚ ਟੀਮ ਨੇ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ, ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਆਈ.ਜੀ. ਅਮਰ ਸਿੰਘ ਚਾਹਲ, ਸਾਬਕਾ ਐੱਸ.ਐੱਸ.ਪੀ. ਸੁਖਮਿੰਦਰ ਸਿੰਘ ਮਾਨ, ਮੋਗਾ ਦੇ ਸਾਬਕਾ ਐੱਸ.ਐੱਸ.ਪੀ. ਚਰਨਜੀਤ ਸ਼ਰਮਾ ਅਤੇ ਥਾਣਾ ਸਿਟੀ ਕੋਟਕਪੂਰਾ ਦੇ ਉਸ ਵੇਲੇ ਦੇ ਐੱਸ.ਐੱਚ.ਓ. ਗੁਰਦੀਪ ਸਿੰਘ ਪੰਧੇਰ ਨੂੰ ਇਸ ਚਲਾਨ ਵਿਚ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਹੈ। ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਐੱਸ.ਐੱਸ.ਪੀ. ਸੁਖਮਿੰਦਰ ਸਿੰਘ ਮਾਨ ਤੋਂ ਇਲਾਵਾ ਬਾਕੀ ਸਾਰੇ ਮੁਲਜ਼ਮਾਂ ਨੂੰ ਹਾਈਕੋਰਟ ਤੋਂ ਜ਼ਮਾਨਤ ਮਿਲੀ ਹੋਈ ਹੈ। ਵਿਸ਼ੇਸ਼ ਜਾਂਚ ਟੀਮ ਦੇ ਮੁਖੀ ਏ.ਡੀ.ਜੀ.ਪੀ. ਐੱਲ.ਕੇ. ਯਾਦਵ, ਰਾਕੇਸ਼ ਕੁਮਾਰ ਅਗਰਵਾਲ ਅਤੇ ਗੁਲਨੀਤ ਸਿੰਘ ਖੁਰਾਣਾ ਚਲਾਨ ਪੇਸ਼ ਕਰਨ ਲਈ ਆਏ ਪਰੰਤੂ ਉਨ੍ਹਾਂ ਨੇ ਮੀਡੀਆ ਤੋਂ ਪੂਰੀ ਤਰ੍ਹਾਂ ਦੂਰੀ ਬਣਾਈ ਰੱਖੀ।

ਅਦਾਲਤ ਨੇ ਦੋਸ਼ ਪੱਤਰ ਪ੍ਰਾਪਤ ਕਰਨ ਤੋਂ ਬਾਅਦ ਇਸ ਕੇਸ ਵਿਚ ਸੁਣਵਾਈ ਦੀ ਅਗਲੀ ਤਰੀਕ 6 ਮਾਰਚ ਨਿਰਧਾਰਿਤ ਕੀਤੀ ਹੈ। ਉਦੋਂ ਤੱਕ ਅਦਾਲਤ ਜਾਂਚ ਟੀਮ ਵੱਲੋਂ ਪੇਸ਼ ਕੀਤੇ ਦਸਤਾਵੇਜ਼ਾਂ ਦੀ ਘੋਖ ਪੜਤਾਲ ਕਰੇਗੀ। 13 ਅਕਤੂਬਰ 2015 ਨੂੰ ਵਾਪਰੇ ਕੋਟਕਪੂਰਾ ਗੋਲੀ ਕਾਂਡ ਵਿਚ ਪਹਿਲੀ ਵਾਰ ਦੋਵੇਂ ਬਾਦਲਾਂ ਖਿਲਾਫ਼ ਚਲਾਨ ਅਦਾਲਤ ਵਿਚ ਪੇਸ਼ ਹੋਇਆ ਹੈ। ਇਸ ਤੋਂ ਪਹਿਲਾਂ ਇਸ ਕਾਂਡ ਦੀ ਜਾਂਚ ਸਾਬਕਾ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਕਰ ਰਹੇ ਸਨ ਪਰੰਤੂ ਉਹ ਬਾਦਲਾਂ ਖਿਲਾਫ਼ ਕੋਈ ਵੀ ਰਿਪੋਰਟ ਅਦਾਲਤ ਵਿਚ ਪੇਸ਼ ਨਹੀਂ ਕਰ ਸਕੇ।

# ਅਕਸ਼ੈ ਕੁਮਾਰ ਛੱਡਣਗੇ ਕੈਨੇਡਾ ਦੀ ਨਾਗਰਿਕਤਾ



**ਮੁੰਬਈ, (ਪੰਜਾਬ ਮੇਲ)-** ਫਿਲਮੀ ਅਦਾਕਾਰ ਅਕਸ਼ੈ ਕੁਮਾਰ ਇਨ੍ਹਾਂ ਦਿਨਾਂ ਅਪਣੀ ਆਉਣ ਵਾਲੀ ਫਿਲਮ ਸੈਲਫੀ ਨੂੰ ਲੈ ਕੇ ਚਰਚਾ ਵਿਚ ਹਨ। ਇਹ ਫਿਲਮ 24 ਫਰਵਰੀ 2023 ਨੂੰ ਸਿਨੇਮਾ ਘਰਾਂ 'ਚ ਰਿਲੀਜ਼ ਹੋਣ ਲਈ ਤਿਆਰ ਹੈ। ਐਕਟਰ ਆਪਣੀ ਪੂਰੀ ਟੀਮ ਦੇ ਨਾਲ ਇਨ੍ਹਾਂ ਦਿਨਾਂ ਫਿਲਮ ਪ੍ਰਮੋਸ਼ਨ ਕਰਨ ਵਿਚ ਲੱਗੇ ਹੋਏ ਹਨ। ਇਸ ਵਿਚਾਲੇ ਅਕਸ਼ੈ ਨੇ ਇੱਕ ਇੰਟਰਵਿਊ 'ਚ ਅਪਣੀ ਕੈਨੇਡੀਅਨ ਨਾਗਰਿਕਤਾ 'ਤੇ ਖੁੱਲ੍ਹ ਕੇ ਗੱਲਬਾਤ ਕੀਤੀ ਅਤੇ ਕਿਹਾ ਕਿ ਭਾਰਤ ਉਨ੍ਹਾਂ ਦੇ ਲਈ ਸਭ ਕੁਝ ਹੈ ਅਤੇ ਉਹ ਜਲਦ ਹੀ ਕੈਨੇਡਾ ਦੀ ਨਾਗਰਿਕਤਾ ਛੱਡ ਦੇਣਗੇ।

ਦੱਸ ਦੇਈਏ ਕਿ ਸੋਸ਼ਲ ਮੀਡੀਆ 'ਤੇ ਅਕਸ਼ੈ ਕੁਮਾਰ ਕੈਨੇਡੀਅਨ ਨਾਗਰਿਕਤਾ ਨੂੰ ਲੈ ਕੇ ਅਕਸਰ ਟਰੋਲਰਸ ਦੇ ਨਿਸ਼ਾਨੇ 'ਤੇ ਰਹਿੰਦੇ ਹਨ। ਅਕਸ਼ੈ ਦੀ ਨਾਗਰਿਕਤਾ 'ਤੇ ਅਕਸਰ ਸਵਾਲ ਚੁੱਕੇ ਜਾਂਦੇ ਹਨ। ਇਸ ਵਿਚਾਲੇ ਹੁਣ ਉਨ੍ਹਾਂ ਨੇ ਇੱਕ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਰਤ ਉਨ੍ਹਾਂ ਲਈ ਸਭ ਕੁਝ ਹੈ ਅਤੇ ਉਹ ਪਹਿਲਾਂ ਹੀ ਪਾਸਪੋਰਟ ਵਿਚ ਬਦਲਾਅ ਦੇ ਲਈ ਅਪਲਾਈ ਕਰ ਚੁੱਕੇ ਹਨ।

ਅਕਸ਼ੈ ਕੁਮਾਰ ਨੇ ਕਿਹਾ ਕਿ ਮੈਨੂੰ ਬੁਰਾ ਲੱਗਦਾ ਹੈ, ਜਦ ਕੋਈ ਮੇਰੀ ਨਾਗਰਿਕਤਾ 'ਤੇ ਸਵਾਲ ਖੜ੍ਹੇ ਕਰਦਾ ਹੈ। ਭਾਰਤ ਮੇਰੇ ਲਈ ਸਭ ਕੁਝ ਹੈ। ਮੈਂ ਹੁਣ ਤੱਕ ਜੋ ਵੀ ਕਮਾਇਆ, ਜੋ ਕੁਝ ਵੀ ਪਾਇਆ ਹੈ, ਇਹ ਸਭ ਕੁਝ ਭਾਰਤ ਵਿਚ ਰਹਿੰਦੇ ਕੀਤੇ। ਬੁਰਾ ਲੱਗਦਾ ਹੈ, ਜਦ ਲੋਕ ਬਗੈਰ ਕੁਝ ਜਾਣੇ ਕੁਝ ਵੀ ਕਹਿੰਦੇ ਹਨ।

# ਪਾਲ ਢਿੱਲੋਂ ਦੇ ਨਵੇਂ ਗ਼ਜ਼ਲ ਸੰਗ੍ਰਹਿ 'ਜਗਦਾ ਰਹੀਂ ਵੇ ਦੀਵਿਆ' ਉਪਰ ਵਿਚਾਰ ਚਰਚਾ



**ਸਰੀ, (ਹਰਦਮ ਮਾਨ/ਪੰਜਾਬ ਮੇਲ)-** ਵੈਨਕੂਵਰ ਵਿਚਾਰ ਮੰਚ ਵੱਲੋਂ ਪ੍ਰਸਿੱਧ ਸ਼ਾਇਰ ਪਾਲ ਢਿੱਲੋਂ ਦਾ ਨਵਾਂ ਗ਼ਜ਼ਲ ਸੰਗ੍ਰਹਿ 'ਜਗਦਾ ਰਹੀਂ ਵੇ ਦੀਵਿਆ' ਰਿਲੀਜ਼ ਕਰਨ ਅਤੇ ਇਸ ਉਪਰ ਵਿਚਾਰ ਚਰਚਾ ਕਰਨ ਲਈ ਸਮਾਗਮ ਕਰਵਾਇਆ ਗਿਆ। ਜਰਨੈਲ ਆਰਟ ਗੈਲਰੀ ਤੇ ਗੁਰਦੀਪ ਆਰਟਸ ਅਕੈਡਮੀ ਸਰੀ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸਮਾਗਮ ਦੀ ਪ੍ਰਧਾਨਗੀ ਪ੍ਰਸਿੱਧ ਸਾਹਿਤਕਾਰ ਨਦੀਮ ਪਰਮਾਰ, ਜਰਨੈਲ ਸਿੰਘ ਆਰਟਿਸਟ, ਸ਼ਾਇਰ ਪਾਲ ਢਿੱਲੋਂ ਅਤੇ ਸ਼ਾਇਰ ਮੋਹਨ ਗਿੱਲ ਨੇ ਕੀਤੀ।

ਸ਼ਾਇਰ ਮੋਹਨ ਗਿੱਲ ਨੇ ਮੰਚ ਦਾ ਸੰਚਾਲਨ ਸੰਭਾਲਦਿਆਂ ਸਮਾਗਮ ਵਿਚ ਆਏ ਲੇਖਕਾਂ ਅਤੇ ਸਾਹਿਤ ਪ੍ਰੇਮੀਆਂ ਨੂੰ 'ਜੀ ਆਇਆਂ' ਕਿਹਾ ਅਤੇ ਪਾਲ ਢਿੱਲੋਂ ਦੀ ਕਾਵਿ ਕਲਾ ਬਾਰੇ ਸੰਖੇਪ ਵਿਚ ਜਾਣਕਾਰੀ ਦਿੱਤੀ। ਅੰਗਰੇਜ਼ ਬਰਾੜ, ਪ੍ਰੀਤ ਮਨਪ੍ਰੀਤ, ਡਾ. ਪ੍ਰਿਥੀਪਾਲ ਸਿੰਘ ਸੋਹੀ, ਨਦੀਮ ਪਰਮਾਰ, ਡਾ. ਹਰਜੋਤ ਕੌਰ ਖਹਿਰਾ, ਕਵਿੰਦਰ ਚਾਂਦ, ਗੁਰਦਰਸ਼ਨ ਬਾਦਲ, ਇੰਦਰਜੀਤ ਧਾਮੀ, ਸਤੀਸ਼ ਗੁਲਾਟੀ ਨੇ ਪਾਲ ਢਿੱਲੋਂ ਦੇ ਗਜ਼ਲ ਸੰਗ੍ਰਹਿ ਬਾਰੇ ਆਪੋ-ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਪਾਲ ਢਿੱਲੋਂ ਬਾਰੇ ਵਿਸ਼ੇਸ਼ ਚਾਨਣਾ ਪਾਇਆ।

ਪੁਸਤਕ ਬਾਰੇ ਦਵਿੰਦਰ ਗੌਤਮ, ਨਰਿੰਦਰ ਬਾਹੀਆ, ਅਮਰੀਕ ਪਲਾਹੀ, ਮਹਿੰਦਰਪਾਲ ਪਾਲ ਅਤੇ ਖੁਸ਼ਹਾਲ ਗਲੋਟੀ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਪਾਲ ਢਿੱਲੋਂ ਨੇ ਜਿੱਥੇ ਸਭਨਾਂ ਦਾ ਸੁਆਗਤ ਕੀਤਾ ਅਤੇ ਵਡਮੁੱਲੇ ਵਿਚਾਰ ਰੱਖਣ ਲਈ ਧੰਨਵਾਦ ਕੀਤਾ, ਉਥੇ ਉਸ ਨੇ ਆਪਣੇ ਪਰਿਵਾਰ ਦੇ ਅਗਲੀ ਪੀੜ੍ਹੀ ਦੇ ਬੱਚਿਆਂ ਵੱਲੋਂ ਸਮਾਗਮ ਵਿਚ ਸ਼ਾਮਲ ਹੋਣ 'ਤੇ ਵਿਸ਼ੇਸ਼ ਖੁਸ਼ੀ ਪ੍ਰਗਟ ਕੀਤੀ। ਉਸ ਨੇ ਆਪਣੀ ਪੁਸਤਕ ਵਿਚੋਂ ਕੁਝ ਗ਼ਜ਼ਲਾਂ ਵੀ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ।

ਅੰਤ ਵਿਚ ਜਰਨੈਲ ਸਿੰਘ ਆਰਟਿਸਟ ਨੇ ਸਮਾਗਮ ਦੀ ਸਫਲਤਾ 'ਤੇ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ ਕਿ ਵੈਨਕੂਵਰ ਵਿਚਾਰ ਮੰਚ ਭਵਿੱਖ ਵਿਚ ਅਜਿਹੇ ਹੀ ਉੱਚ ਪੱਧਰ ਦੇ ਪ੍ਰੋਗਰਾਮ ਉਲੀਕ ਰਿਹਾ ਹੈ। ਉਨ੍ਹਾਂ ਉਮੀਦ ਜ਼ਾਹਰ ਕੀਤੀ ਕਿ ਭਵਿੱਖ ਵਿਚ ਵੀ ਸਾਹਿਤ ਪ੍ਰੇਮੀਆਂ ਦਾ ਸਹਿਯੋਗ ਇਸੇ ਤਰ੍ਹਾਂ ਸਹਿਯੋਗ ਮਿਲਦਾ ਰਹੇਗਾ।

# ਸਿੱਧੂ ਮੂਸੇਵਾਲਾ ਕਤਲ ਕਾਂਡ: ਪੁਲਿਸ ਵੱਲੋਂ ਹੁਣ ਤੱਕ ਦੋ ਚਲਾਨ ਪੇਸ਼

**ਮਾਨਸਾ, (ਪੰਜਾਬ ਮੇਲ)-** ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ 'ਚ ਸਸਪੈਂਸ ਨੂੰ ਦੂਰ ਕਰਦਿਆਂ ਮਾਨਸਾ ਦੇ ਐੱਸ.ਐੱਸ.ਪੀ. ਡਾ. ਨਾਨਕ ਸਿੰਘ ਨੇ ਕਿਹਾ ਹੈ ਕਿ ਪੁਲਿਸ ਨੇ ਹੁਣ ਤੱਕ ਇਸ ਮਾਮਲੇ ਵਿਚ ਦੋ ਚਲਾਨ ਪੇਸ਼ ਕੀਤੇ ਹਨ ਅਤੇ ਇਸ ਪੂਰੇ ਮਾਮਲੇ ਦੀ ਐੱਸ.ਆਈ.ਟੀ. ਵੱਲੋਂ ਗੰਭੀਰਤਾ ਨਾਲ ਜਾਂਚ ਜਾਰੀ ਹੈ। ਉਨ੍ਹਾਂ ਕਿਹਾ ਕਿ ਸਿੱਧੂ ਮੂਸੇਵਾਲਾ ਦੇ ਪਰਿਵਾਰ ਨੇ ਇਸ ਮਾਮਲੇ ਵਿਚ ਜਿਸ ਕਿਸੇ 'ਤੇ ਵੀ ਸ਼ੱਕ ਦੀ ਉਂਗਲ ਚੁੱਕੀ। ਪੁਲਿਸ ਨੇ ਉਸ ਦੀ ਜਾਂਚ ਕਰ ਕੇ ਕਾਰਵਾਈ ਅਮਲ ਵਿਚ ਲਿਆਂਦੀ ਹੈ। ਉਨ੍ਹਾਂ ਕਿਹਾ ਕਿ ਕਤਲ ਮਾਮਲੇ ਨਾਲ ਜੁੜੇ ਕਿਸੇ ਵੀ ਵਿਅਕਤੀ ਨੂੰ ਪੁਲਿਸ ਨੇ ਅੱਜ ਤੱਕ ਕਲੀਨ ਚਿੱਟ ਨਹੀਂ ਦਿੱਤੀ ਅਤੇ ਜੋ ਵਿਅਕਤੀ ਇਸ ਕਤਲ ਕੇਸ ਨਾਲ ਜੁੜੇ ਦੱਸੇ ਜਾ ਰਹੇ ਹਨ ਅਤੇ ਵਿਦੇਸ਼ਾਂ ਵਿਚ ਬੈਠੇ ਹਨ, ਉਨ੍ਹਾਂ ਨੂੰ ਵੀ ਪੰਜਾਬ ਲਿਆਉਣ ਦੀ ਤਿਆਰੀ ਹੈ ਅਤੇ ਉਨ੍ਹਾਂ ਦਾ ਨਾਂ ਵੀ ਚਲਾਨ ਵਿਚ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿਚ ਬੈਠੇ ਵਿਅਕਤੀਆਂ ਦੀ ਵੱਖ-ਵੱਖ ਕੈਟਾਗਿਰੀ ਹੈ।




# ਚੁੱਪ ਦੀ ਕਥਾ 'ਤੇ ਚਰਚਾ ਅਤੇ ਵਿਦਰੋਹਣੀ ਲੋਕ ਅਰਪਣ




ਡਾ. ਲਕਸ਼ਮੀ ਨਰਾਇਣ ਭੀਖੀ ਦੀ ਪੁਸਤਕ ਵਿਦਰੋਹਣੀ ਲੋਕ ਅਰਪਣ ਕਰਦੇ ਹੋਏ। (ਸੱਜੇ) ਨਵਦੀਪ ਸਿੰਘ ਮੁੰਡੀ ਨੂੰ ਸਨਮਾਨਤ ਕਰਦੇ ਹੋਏ।

**ਪਟਿਆਲਾ, (ਪੰਜਾਬ ਮੇਲ)-** ਚਿੰਤਨ ਮੰਚ ਪਟਿਆਲਾ ਵੱਲੋਂ ਨਵਦੀਪ ਸਿੰਘ ਮੁੰਡੀ ਦੀ ਕਾਵਿ ਪੁਸਤਕ ਚੁੱਪ ਦੀ ਕਥਾ 'ਤੇ ਵਿਚਾਰ ਗੋਸ਼ਟੀ ਕਰਵਾਈ ਗਈ ਅਤੇ ਇਸ ਮੌਕੇ 'ਤੇ ਲਕਸ਼ਮੀ ਨਰਾਇਣ ਭੀਖੀ ਦੀ ਕਾਵਿ ਪੁਸਤਕ ਵਿਦਰੋਹਣੀ ਵੀ ਲੋਕ ਅਰਪਣ ਕੀਤੀ ਗਈ। ਇਸ ਸਮਾਗਮ ਦੀ ਪ੍ਰਧਾਨਗੀ ਮੰਡਲ ਵਿਚ ਡਾ. ਭੀਮਇੰਦਰ ਸਿੰਘ, ਦਰਸ਼ਨ ਬੁੱਟਰ, ਡਾ. ਅਮਰਜੀਤ ਕੌਂਕੇ, ਸਤਨਾਮ ਸਿੰਘ ਅਤੇ ਡਾ. ਅਰਵਿੰਦਰ ਕੌਰ ਕਾਕੜਾ ਸੁਸ਼ੋਭਿਤ ਸਨ। ਇਸ ਮੌਕੇ 'ਤੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਡਾ. ਭੀਮਇੰਦਰ ਸਿੰਘ ਨੇ ਕਿਹਾ ਕਿ ਇਤਿਹਾਸਿਕ ਪੱਖ ਤੋਂ ਨਵਦੀਪ ਸਿੰਘ ਮੁੰਡੀ ਦੀ ਸ਼ਾਇਰੀ ਜਿਥੇ ਸਮਾਜਿਕ ਰੋਹ ਅਤੇ ਵਿਦਰੋਹ ਦੀ ਸ਼ਾਇਰੀ ਹੈ, ਉਥੇ ਕੁਦਰਤ ਅਤੇ ਅਧਿਆਤਮ ਦੇ ਮਾਰਗ ਵੱਲ ਵੀ ਰੁਚਿਤ ਹੈ। ਪੁਸਤਕ 'ਤੇ ਪੇਪਰ ਪੜ੍ਹਦਿਆਂ ਡਾ. ਅਰਵਿੰਦਰ ਕਾਕੜਾ ਨੇ ਕਿਹਾ ਕਿ 'ਚੁੱਪ ਦੀ ਕਥਾ', ਖੰਡਿਤ ਮਾਨਸਿਕਤਾ ਦੇ ਦੌਰ ਵਿਚ ਸੰਵੇਦਨਾ ਦੀ ਸ਼ਾਇਰੀ ਹੈ। ਦਰਸ਼ਨ ਬੁੱਟਰ ਦਾ ਵਿਚਾਰ ਸੀ ਕਿ ਕਵਿਤਾ 'ਚ ਸੂਨਯਤਾ ਅਤੇ ਪ੍ਰਸੰਨਤਾ ਦ੍ਰਿਸ਼ਟੀ ਗੋਚਰ ਹੁੰਦੀ ਹੈ। ਡਾ. ਅਮਰਜੀਤ ਕੌਂਕੇ ਨੇ ਕਿਤਾਬ ਬਾਰੇ ਬੋਲਦਿਆਂ ਕਿਹਾ ਕਿ ਨਵਦੀਪ ਮੁੰਡੀ ਦੀ ਕਵਿਤਾ ਆਮ ਸਾਧਾਰਨ ਲੋਕਾਂ ਦੇ ਜੀਵਨ ਨਾਲ ਜੁੜੀ ਹੋਈ ਕਵਿਤਾ ਹੈ। ਸ਼੍ਰੀ ਸਤਨਾਮ ਸਿੰਘ, ਸਹਾਇਕ ਡਾਇਰੈਕਟਰ ਭਾਸ਼ਾ ਵਿਭਾਗ ਨੇ ਕਵਿਤਾ ਵਿਚਲੀ ਸਰਲਤਾ ਤੇ ਸੰਖੇਪਤਾ ਦਾ ਜ਼ਿਕਰ ਕੀਤਾ। ਪ੍ਰੋ. ਐੱਚ.ਐੱਸ. ਡਿੰਪਲ ਨੇ ਅੰਗਰੇਜ਼ੀ ਕਵਿਤਾ ਦੀ ਤੁਲਨਾ ਵਿਚ ਹੋਰ ਵੀ ਨਿਖਾਰ ਲਿਆਉਣ ਲਈ ਤਾਕੀਦ ਕੀਤੀ। ਡਾ. ਕੁਲਦੀਪ ਸਿੰਘ ਦੀਪ ਨੇ ਚੁੱਪ ਦੀ ਕਥਾ ਦੀਆਂ ਸੀਮਤਾਈਆਂ ਅਤੇ ਭਾਸ਼ਾਈ ਤਰੁੱਟੀਆਂ ਦਾ ਜ਼ਿਕਰ ਕੀਤਾ। ਸ਼੍ਰੀ ਬਲਵਿੰਦਰ ਭੱਟੀ ਨੇ ਕਿਹਾ ਕਿ ਇਸ ਕਵਿਤਾ 'ਚ ਮਨੁੱਖ ਅਤੇ ਉਸਦਾ ਦਰਦ ਹਾਜ਼ਰ ਹੈ। ਡਾ. ਸੰਤੋਖ ਸੁਖੀ ਨੇ ਚੁੱਪ ਦੀ ਬਾਤ ਪਾਉਂਦੀ ਸ਼ਾਇਰੀ ਕਿਹਾ। ਸਤਪਾਲ ਭੀਖੀ ਨੇ ਨਵਦੀਪ ਮੁੰਡੀ ਦੀਆਂ ਨਿੱਕੀਆਂ ਕਵਿਤਾਵਾਂ ਨੂੰ ਵੱਡੇ ਅਰਥਾਂ ਵਾਲੀਆਂ ਕਿਹਾ। ਡਾ. ਲਕਸ਼ਮੀ ਨਰਾਇਣ ਭੀਖੀ ਕਨਵੀਨਰ ਚਿੰਤਨ ਮੰਚ ਨੇ ਹਾਜ਼ਰੀਨ ਦਾ ਸਵਾਗਤ ਕੀਤਾ। ਨਵਦੀਪ ਸਿੰਘ ਮੁੰਡੀ ਨੇ ਆਪਣੇ ਸਾਹਿਤਕ ਸਫਰ ਬਾਰੇ ਚਾਨਣਾ ਪਾਇਆ। ਇਸ ਤੋਂ ਇਲਾਵਾ ਨਰਿੰਦਰ ਪਾਲ ਕੌਰ, ਜਗਪਾਲ ਚਹਿਲ, ਡਾ. ਇਕਬਾਲ ਸੋਮੀਆ, ਦਵਿੰਦਰ ਪਟਿਆਲਵੀ, ਹਰਦੀਪ ਸਭਰਵਾਲ, ਗੁਰਚਰਨ ਪੱਬਾਰਾਲੀ, ਅਵਤਾਰਜੀਤ ਅਟਵਾਲ ਨੇ ਆਪੋ-ਆਪਣੇ ਵਿਚਾਰ ਪੇਸ਼ ਕੀਤੇ। ਹਾਜ਼ਰ ਪ੍ਰਧਾਨਗੀ ਮੰਡਲ ਨੇ ਡਾ. ਲਕਸ਼ਮੀ ਨਰਾਇਣ ਭੀਖੀ ਦੀ ਕਾਵਿ ਪੁਸਤਕ ਵਿਦਰੋਹਣੀ ਲੋਕ ਅਰਪਣ ਕੀਤੀ। ਇਸ ਸਮਾਗਮ 'ਚ ਪ੍ਰੋ. ਅਜਾਇਬ ਸਿੰਘ, ਕੁਲਵੰਤ ਸਿੰਘ ਨਾਰੀਕੇ, ਅਮਰਜੀਤ ਸਿੰਘ ਵੜੈਚ, ਅੰਮ੍ਰਿਤਪਾਲ ਸ਼ੈਦਾ, ਡਾ. ਦਰਸ਼ਨ ਕੌਰ ਭੀਖੀ, ਰਮਨਦੀਪ ਕੌਰ, ਸਤਨਾਮ ਚੌਹਾਨ, ਰਮਨਦੀਪ ਵਿਰਕ, ਕਮਲ ਸੇਖੋਂ, ਡਾ. ਅਮਨ ਗੁਰਵਿੰਦਰ, ਗੁਰਮੁਖ ਸਿੰਘ ਜਾਗੀ, ਸੁਖਵਿੰਦਰ ਚਹਿਲ, ਅਮਰਜੀਤ ਖਰੌਡ, ਕੈਪਟਨ ਚਮਕੌਰ ਸੰਘ, ਜੋਗਾ ਸਿੰਘ ਧਨੌਲਾ ਆਦਿ ਹਾਜ਼ਰ ਸਨ। ਡਾ. ਕੁਲਦੀਪ ਸਿੰਘ ਦੀਪ ਨੇ ਪਹੁੰਚੇ ਵਿਦਵਾਨਾਂ ਦਾ ਧੰਨਵਾਦ ਕੀਤਾ। ਇਸ ਸਮਾਗਮ ਦਾ ਮੰਚ ਸੰਚਾਲਨ ਨਾਟਕਕਾਰ ਪ੍ਰੀਤ ਮਹਿੰਦਰ ਸੇਖੋਂ ਨੇ ਬਾਖੂਬੀ ਨਿਭਾਇਆ।



ਸਤਨਾਮ ਸਿੰਘ ਸਹਾਇਕ ਡਾਇਰੈਕਟਰ ਭਾਸ਼ਾ ਵਿਭਾਗ ਸੰਬੋਧਨ ਕਰਦੇ ਹੋਏ।

# ਡਾਕਟਰ ਸਰਬਜੀਤ ਕੌਰ ਸੋਹਲ ਤੇ ਮੈਡਮ ਰਮਿੰਦਰ ਰੰਮੀ ਦੀਆਂ ਅੰਤਰਰਾਸ਼ਟਰੀ ਸਰਗਰਮੀਆਂ ਤੇਜ਼ ਹੋਈਆਂ




ਰੂਬਰੂ ਸਮਾਗਮ ਦੌਰਾਨ ਹਾਜ਼ਰ ਪਤਵੰਤੇ।

**ਬਰੈਂਪਟਨ, (ਪੰਜਾਬ ਮੇਲ)-** ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ ਦੇ ਡਾਕਟਰ ਸਰਬਜੀਤ ਕੌਰ ਸੋਹਲ, ਅੰਤਰਰਾਸ਼ਟਰੀ ਸਾਹਿਤਕ ਸਾਂਝਾ ਦੇ ਮੈਡਮ ਰਮਿੰਦਰ ਰੰਮੀ ਅਤੇ ਆਰ.ਐੱਸ.ਐੱਫ.ਉ. ਕੈਨੇਡਾ ਦੇ ਚੇਅਰਮੈਨ ਸ. ਦਲਜੀਤ ਸਿੰਘ ਗੈਦੂ ਦੇ ਸਹਿਯੋਗ ਨਾਲ ਰਾਮਗੜ੍ਹੀਆ ਭਵਨ, ਬਰੈਂਪਟਨ, ਕੈਨੇਡਾ ਵਿਖੇ ਚੜ੍ਹਦੇ ਪੰਜਾਬ ਦੇ ਸ਼੍ਰੋਮਣੀ ਬਾਲ ਸਾਹਿਤਕਾਰ ਤੇ ਪੱਤਰਕਾਰ ਹਰਦੇਵ ਚੌਹਾਨ, ਲਹਿੰਦੇ ਪੰਜਾਬ ਦੀ ਨਾਮਵਰ ਸ਼ਾਇਰਾ ਤਾਹਿਰਾ ਸਰਾ ਅਤੇ ਪਰਮਜੀਤ ਸੰਸੋਆ, ਜਨਰਲ ਸਕੱਤਰ, ਪੰਜਾਬੀ ਸਾਹਿਤ ਸਭਾ, ਜਲੰਧਰ ਛਾਉਣੀ ਨਾਲ ਰੂਬਰੂ ਸਮਾਗਮ ਅਤੇ ਕਵੀ ਦਰਬਾਰ ਕਰਵਾਇਆ ਗਿਆ। ਮਹਿਮਾਨਾਂ ਨੂੰ ਦੁਸ਼ਾਲੇ ਅਤੇ ਪ੍ਰਸ਼ੰਸਾ ਪੱਤਰਾਂ ਨਾਲ ਸਨਮਾਨਤ ਕੀਤਾ ਗਿਆ।

ਸ. ਪਿਆਰਾ ਸਿੰਘ ਕੁੱਦੋਵਾਲ ਦੀ ਮਹਿਮਾਨ ਨਿਵਾਜ਼ੀ ਤਹਿਤ ਹੋਰ ਪ੍ਰਬੰਧਕਾਂ, ਸਾਹਿਤਕਾਰਾਂ ਅਤੇ ਹਾਜ਼ਰੀਨਾਂ ਵਿਚ ਸਰਵ ਸ਼੍ਰੀ ਹਰਦਿਆਲ ਸਿੰਘ ਝੀਤਾ, ਸ਼ਾਇਰਾ ਸੁਰਜੀਤ ਕੌਰ, ਰਿੰਟੂ ਭਾਟੀਆ, ਪ੍ਰੋਫੈਸਰ ਕੁਲਜੀਤ ਕੌਰ, ਅਮਨਬੀਰ ਸਿੰਘ ਧਾਮੀ, ਸ਼ਾਇਰਾ ਦੀਪ ਕੁਲਦੀਪ, ਸਰਦਾਰ ਰਵਿੰਦਰ ਸਿੰਘ ਕੰਗ, ਚੈਅਰਮੈਨ ਓਨਟਾਰੀਓ ਫਰੈਂਡਜ ਕਲੱਬ, ਸ਼ਾਇਰ ਮਹਿੰਦਰ ਪਰਤਾਪ, ਪ੍ਰੋ. ਜਗੀਰ ਸਿੰਘ ਕਾਹਲੋਂ, ਗੁਰਦੇਵ ਚੌਹਾਨ, ਮਲਵਿੰਦਰ ਸਿੰਘ ਤੇ ਹੋਰ ਸਥਾਪਤ ਕਲਮਾਂ ਨੇ ਭਰਵੀਂ ਹਾਜ਼ਰੀ ਲਗਵਾਈ।

**ਹਰਦੇਵ ਚੌਹਾਨ, ਤਾਹਿਰਾ ਸਰਾ ਅਤੇ ਪਰਮਜੀਤ ਸੰਸੋਆ ਨਾਲ ਰੂਬਰੂ**






# ਪੰਜਾਬ ਦੇ ਰਾਜਪਾਲ ਵੱਲੋਂ 3 ਮਾਰਚ ਤੋਂ ਬਜਟ ਸੈਸ਼ਨ ਨੂੰ ਪ੍ਰਵਾਨਗੀ

- **ਬਜਟ ਸੈਸ਼ਨ ਬਾਰੇ ਪੰਜਾਬ ਦੇ ਰਾਜਪਾਲ ਤੇ ਮੁੱਖ ਮੰਤਰੀ ਵਿਚਾਲੇ ਰੇੜਕਾ ਖਤਮ**
- **ਰਾਜਪਾਲ ਨੂੰ ਸੂਚਨਾ ਦੇਣ ਅਤੇ ਜਾਣਕਾਰੀ ਦੇਣਾ ਵੀ ਸਰਕਾਰ ਦਾ ਫਰਜ਼ : ਸੁਪਰੀਮ ਕੋਰਟ**



ਚੰਡੀਗੜ੍ਹ, (ਪੰਜਾਬ ਮੇਲ)- ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ 16ਵੀਂ ਪੰਜਾਬ ਵਿਧਾਨ ਸਭਾ ਦਾ ਬਜਟ ਸੈਸ਼ਨ 3 ਮਾਰਚ ਨੂੰ ਸਵੇਰ 10 ਵਜੇ ਬੁਲਾਏ ਜਾਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਪ੍ਰਵਾਨਗੀ ਉਸ ਮੌਕੇ ਦਿੱਤੀ ਗਈ ਹੈ, ਜਦੋਂ ਇਹ ਕੇਸ ਸੁਪਰੀਮ ਕੋਰਟ ਵਿਚ ਸੁਣਵਾਈ ਅਧੀਨ ਸੀ। ਪੰਜਾਬ ਦੇ ਸੌਲੀਸਿਟਰ-ਜਨਰਲ ਤੁਸ਼ਾਰ ਮਹਿਤਾ ਨੇ ਸੁਣਵਾਈ ਦੌਰਾਨ ਰਾਜਪਾਲ ਵੱਲੋਂ ਬਜਟ ਇਜਲਾਸ ਸੱਦੇ ਜਾਣ ਸਬੰਧੀ ਫ਼ੈਸਲੇ ਨੂੰ ਰਿਕਾਰਡ 'ਤੇ ਰੱਖਿਆ।

ਤੁਸ਼ਾਰ ਮਹਿਤਾ ਨੇ ਸਿਖਰਲੀ ਅਦਾਲਤ ਨੂੰ ਰਾਜਪਾਲ ਦੇ ਹੁਕਮਾਂ ਤੋਂ ਜਾਣੂ ਕਰਾਇਆ, ਜਿਸ ਨਾਲ ਬਜਟ ਸੈਸ਼ਨ 3 ਮਾਰਚ ਨੂੰ ਸ਼ੁਰੂ ਹੋਣ ਦੇ ਅੜਿੱਕੇ ਦੂਰ ਹੋ ਗਏ। ਮੁੱਖ ਮੰਤਰੀ ਤੇ ਰਾਜਪਾਲ ਦਰਮਿਆਨ ਬਜਟ ਸੈਸ਼ਨ ਨੂੰ ਲੈ ਕੇ ਚੱਲ ਰਿਹਾ ਟਕਰਾਅ ਫ਼ਿਲਹਾਲ ਸਮਾਪਤ ਹੋ ਗਿਆ ਹੈ ਅਤੇ ਆਮ ਆਦਮੀ ਪਾਰਟੀ ਇਸ ਟਕਰਾਅ 'ਚੋਂ ਆਏ ਫ਼ੈਸਲੇ ਨੂੰ ਜੇਤੂ ਨਜ਼ਰੀਏ ਨਾਲ ਵੇਖ ਰਹੀ ਹੈ। ਪੰਜਾਬ ਦੇ ਸਿਆਸੀ ਹਲਕਿਆਂ ਦੀ ਨਜ਼ਰ ਸੁਪਰੀਮ ਕੋਰਟ ਦੇ ਫ਼ੈਸਲੇ 'ਤੇ ਟਿਕੀ ਹੋਈ ਸੀ। ਰਾਜਪਾਲ ਦੀ ਪ੍ਰਵਾਨਗੀ ਮਗਰੋਂ ਵਿਧਾਨ ਸਭਾ ਸਕੱਤਰੇਤ ਨੇ ਬਜਟ ਸੈਸ਼ਨ ਦੀ ਤਿਆਰੀ ਵਿੱਢ ਦਿੱਤੀ ਹੈ।

ਸੁਪਰੀਮ ਕੋਰਟ ਦੇ ਚੀਫ ਜਸਟਿਸ ਡੀ. ਵਾਈ. ਚੰਦਰਚੂੜ ਅਤੇ ਜਸਟਿਸ ਪੀ. ਐੱਸ. ਨਰਸਿਮ੍ਹਾ ਦੇ ਬੈਂਚ ਨੇ ਬਜਟ ਸੈਸ਼ਨ ਦੇ ਮਾਮਲੇ 'ਤੇ ਸੁਣਵਾਈ ਕੀਤੀ। ਪੰਜਾਬ ਸਰਕਾਰ ਨੇ ਸੰਵਿਧਾਨ ਦੀ ਧਾਰਾ 32 ਤਹਿਤ ਪਟੀਸ਼ਨ ਦਾਇਰ ਕੀਤੀ ਸੀ ਅਤੇ ਪੰਜਾਬ ਸਰਕਾਰ ਤਰਫ਼ੋਂ ਸੀਨੀਅਰ ਐਡਵੋਕੇਟ ਅਭਿਸ਼ੇਕ ਮਨੂ ਸਿੰਘਵੀਂ ਪੇਸ਼ ਹੋਏ। ਚੇਤੇ ਰਹੇ ਕਿ 21 ਫਰਵਰੀ ਨੂੰ ਪੰਜਾਬ ਕੈਬਨਿਟ ਨੇ ਮੀਟਿੰਗ ਕਰਕੇ ਬਜਟ ਸੈਸ਼ਨ 3 ਮਾਰਚ ਤੋਂ 24 ਮਾਰਚ ਤੱਕ ਬੁਲਾਏ ਜਾਣ ਦੀ ਸਿਫ਼ਾਰਸ਼ ਰਾਜਪਾਲ ਨੂੰ ਭੇਜੀ ਸੀ ਪਰ ਰਾਜਪਾਲ ਨੇ ਬਜਟ ਸੈਸ਼ਨ ਬਾਰੇ ਫ਼ੌਰੀ ਫ਼ੈਸਲਾ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਰਾਜਪਾਲ ਨੇ 23 ਫਰਵਰੀ ਨੂੰ ਮੁੱਖ ਮੰਤਰੀ ਨੂੰ ਪੱਤਰ ਭੇਜ ਕੇ ਕਿਹਾ ਸੀ ਕਿ ਉਹ ਬਜਟ ਸੈਸ਼ਨ ਬਾਰੇ ਫ਼ੈਸਲਾ ਕਰਨ ਤੋਂ ਪਹਿਲਾਂ ਮੁੱਖ ਮੰਤਰੀ ਦੇ ਟਵੀਟਾਂ ਅਤੇ ਪੱਤਰਾਂ (ਜੋ ਰਾਜਪਾਲ ਨੂੰ ਲਿਖੇ ਗਏ ਸਨ) ਬਾਰੇ ਕਾਨੂੰਨੀ ਸਲਾਹ ਲੈਣਗੇ। ਪੰਜਾਬ ਸਰਕਾਰ ਨੇ ਇਸ ਪੱਤਰ ਨੂੰ ਹੀ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ ਸੀ। ਸਿਖਰਲੀ ਅਦਾਲਤ ਨੇ ਦੋਹਾਂ ਧਿਰਾਂ ਦੀ ਅਣਗਹਿਲੀ ਦਾ ਨੋਟਿਸ ਲਿਆ ਅਤੇ ਖਿਚਾਈ ਵੀ ਕੀਤੀ।

ਅਦਾਲਤ ਨੇ ਕਿਹਾ ਕਿ ਜਿੱਥੇ ਰਾਜਪਾਲ ਵੱਲੋਂ ਸੰਵਿਧਾਨ ਦੀ ਧਾਰਾ 167 (ਬੀ) ਤਹਿਤ ਮੰਗੀ ਜਾਣਕਾਰੀ ਦੇਣ ਲਈ ਪੰਜਾਬ ਸਰਕਾਰ ਪਾਬੰਦ ਹੈ, ਉੱਥੇ ਨਾਲ ਹੀ ਬਜਟ ਸੈਸ਼ਨ ਬੁਲਾਏ ਜਾਣ ਲਈ ਪੰਜਾਬ ਕੈਬਨਿਟ ਵੱਲੋਂ ਕੀਤੀ ਸਿਫ਼ਾਰਸ਼ ਨੂੰ ਸਵੀਕਾਰ ਕਰਨਾ ਵੀ ਰਾਜਪਾਲ ਦਾ ਫ਼ਰਜ਼ ਹੈ। ਪੰਜਾਬ ਸਰਕਾਰ ਨੇ ਬਹਿਸ ਦੌਰਾਨ ਕਿਹਾ ਕਿ ਰਾਜਪਾਲ ਸੰਵਿਧਾਨ ਦੀ ਪਾਲਣਾ ਨਹੀਂ ਕਰ ਰਹੇ ਹਨ। ਦਾਇਰ ਕੀਤੀ ਗਈ ਪਟੀਸ਼ਨ 'ਚ ਕਿਹਾ ਗਿਆ ਕਿ ਸੰਵਿਧਾਨਿਕ ਵਿਵਸਥਾਵਾਂ ਮੁਤਾਬਿਕ ਰਾਜਪਾਲ ਨੂੰ ਕੈਬਨਿਟ ਵੱਲੋਂ ਦਿੱਤੀ ਗਈ ਸਲਾਹ ਅਨੁਸਾਰ ਵਿਧਾਨ ਸਭਾ ਦਾ ਸੈਸ਼ਨ ਬੁਲਾਇਆ ਜਾਣਾ ਹੁੰਦਾ ਹੈ। ਸੁਪਰੀਮ ਕੋਰਟ ਨੇ ਮੁੱਖ ਮੰਤਰੀ ਅਤੇ ਰਾਜਪਾਲ ਦਰਮਿਆਨ ਬਣੇ ਟਕਰਾਅ 'ਤੇ ਟਿੱਪਣੀ ਕਰਦਿਆਂ ਕਿਹਾ ਕਿ 'ਸੰਵਿਧਾਨਿਕ ਅਥਾਰਿਟੀਜ਼ ਨੂੰ ਅਧਿਕਾਰਤ ਸੰਚਾਰ ਵਿਚ ਇੱਕ ਖ਼ਾਸ ਪੱਧਰ ਦਾ ਸੰਚਾਰ ਕਾਇਮ ਰੱਖਣਾ ਪੈਂਦਾ ਹੈ। ਅਜਿਹੇ ਬਿਆਨ ਨਹੀਂ ਹੋ ਸਕਦੇ ਕਿ ਤੁਸੀਂ ਕੌਣ ਹੋ? ਜਾਂ ਫਿਰ ਕੇਂਦਰ ਤੁਹਾਨੂੰ ਕਿਵੇਂ ਚੁਣਦਾ ਹੈ।' ਸਿਖਰਲੀ ਅਦਾਲਤ ਨੇ ਕਿਹਾ ਕਿ ਮੁੱਖ ਮੰਤਰੀ ਦਾ ਟਵੀਟ ਬੇਸ਼ੱਕ ਕਿੰਨਾ ਵੀ ਅਣਉੱਚਿਤ ਕਿਉਂ ਨਾ ਹੋਵੇ, ਵਿਧਾਨ ਸਭਾ ਸੈਸ਼ਨ ਵਿਚ ਦੇਰੀ ਨਹੀਂ ਕੀਤੀ ਜਾ ਸਕਦੀ। ਜੇ ਰਾਜਪਾਲ ਕੋਈ ਸੂਚਨਾ ਮੰਗਦਾ ਹੈ ਤਾਂ ਉਹ ਸੂਚਨਾ ਦੇਣ ਲਈ ਵੀ ਸਰਕਾਰ ਬੱਝੀ ਹੋਈ ਹੈ। ਬਹਿਸ ਦੌਰਾਨ ਮੁੱਖ ਮੰਤਰੀ ਅਤੇ ਰਾਜਪਾਲ ਦੇ ਖਤੋ-ਕਿਤਾਬਤ ਅਤੇ ਟਵੀਟ ਵੀ ਰੱਖੇ ਗਏ। ਚੀਫ ਜਸਟਿਸ ਚੰਦਰਚੂੜ ਨੇ ਕਿਹਾ ਕਿ 'ਮੁੱਖ ਮੰਤਰੀ ਦਾ ਰਾਜਪਾਲ ਨਾਲ ਗੱਲਬਾਤ ਕਰਨਾ ਫ਼ਰਜ਼ ਹੈ ਅਤੇ ਰਾਜਪਾਲ ਦੀ ਲੋੜ ਅਨੁਸਾਰ ਉਨ੍ਹਾਂ ਨੂੰ ਰਾਜ ਪ੍ਰਸ਼ਾਸਨ ਬਾਰੇ ਜਾਣਕਾਰੀ ਦੇਣੀ ਪੈਂਦੀ ਹੈ।'

ਸਫਾ 1 ਦਾ ਬਾਕੀ

## ਸੁਪਰੀਮ ਕੋਰਟ ਵੱਲੋਂ ਸਿਸੋਦੀਆ ਦੀ ਜ਼ਮਾਨਤ ਅਰਜ਼ੀ 'ਤੇ...

ਸ਼ਮੂਲੀਅਤ ਵਾਲੇ ਬੈਂਚ ਨੇ ਕਿਹਾ, "ਕਿਉਂ ਜੋ ਪਟੀਸ਼ਨਰ (ਸਿਸੋਦੀਆ) ਕੋਲ ਕੋਡ ਆਫ਼ ਕ੍ਰਿਮੀਨਲ ਪ੍ਰੋਸੀਜ਼ਰ 1973 ਤਹਿਤ ਕਾਰਗਰ ਬਦਲਵੇਂ ਉਪਾਅ ਉਪਲੱਬਧ ਹਨ, ਅਸੀਂ ਸੰਵਿਧਾਨ ਦੀ ਧਾਰਾ 32 ਤਹਿਤ ਇਸ ਪਟੀਸ਼ਨ 'ਤੇ ਸੁਣਵਾਈ ਲਈ ਤਿਆਰ ਨਹੀਂ ਹਾਂ। ਲਿਹਾਜ਼ਾ ਪਟੀਸ਼ਨ ਦਾ ਨਿਬੇੜਾ ਕੀਤਾ ਜਾਂਦਾ ਹੈ।" ਬੈਂਚ ਨੇ ਕਿਹਾ ਕਿ ਮਹਿਜ਼ ਇਸ ਲਈ ਕਿ ਇਹ ਘਟਨਾ ਦਿੱਲੀ ਵਿਚ ਵਾਪਰੀ ਹੈ, ਸਿਸੋਦੀਆ ਸੁਪਰੀਮ ਕੋਰਟ ਵਿਚ ਸਿੱਧਿਆਂ ਨਹੀਂ ਆ ਸਕਦੇ ਕਿਉਂਕਿ ਉਨ੍ਹਾਂ ਕੋਲ ਹੇਠਲੀ ਅਦਾਲਤ ਦੇ ਨਾਲ-ਨਾਲ ਦਿੱਲੀ ਹਾਈ ਕੋਰਟ ਦੇ ਰੂਪ ਵਿਚ ਉਪਾਅ ਮੌਜੂਦ ਹਨ। ਸਿਸੋਦੀਆ ਵੱਲੋਂ ਪੇਸ਼ ਸੀਨੀਅਰ ਵਕੀਲ ਅਭਿਸ਼ੇਕ ਮਨੂ ਸਿੰਘਵੀ ਨੇ ਆਮ ਆਦਮੀ ਪਾਰਟੀ (ਆਪ) ਆਗੂ ਨੂੰ ਸੀ.ਬੀ.ਆਈ. ਵੱਲੋਂ ਗ੍ਰਿਫ਼ਤਾਰ ਕੀਤੇ ਜਾਣ ਦਾ ਵਿਰੋਧ ਕਰਦਿਆਂ ਕਿਹਾ ਕਿ ਐਕਸਾਈਜ਼ ਪਾਲਿਸੀ ਲਈ ਵੱਖ-ਵੱਖ ਪੜਾਅ 'ਤੇ ਫੈਸਲੇ ਲਏ ਗਏ ਤੇ ਵੱਡੀ ਗੱਲ ਇਹ ਕਿ ਕੋਈ ਪੈਸਾ ਬਰਾਮਦ ਨਹੀਂ ਹੋਇਆ। ਸਿੰਘਵੀ ਨੇ ਕਿਹਾ ਕਿ ਐਕਸਾਈਜ਼ ਪਾਲਿਸੀ ਬਾਰੇ ਨੀਤੀਗਤ ਫੈਸਲੇ ਲੈਣ ਦੇ ਅਮਲ ਵਿਚ ਦਿੱਲੀ ਦਾ ਉਪ ਰਾਜਪਾਲ ਵੀ ਸ਼ਾਮਲ ਸੀ। ਸੁਪਰੀਮ ਕੋਰਟ ਨੇ ਜਦੋਂ ਕਿਹਾ ਕਿ ਉਹ ਇਸ ਪੜਾਅ 'ਤੇ (ਸਿਸੋਦੀਆ ਦੀ) ਪਟੀਸ਼ਨ 'ਤੇ ਸੁਣਵਾਈ ਨਹੀਂ ਕੀਤੀ ਜਾ ਸਕਦੀ, ਤਾਂ ਸਿੰਘਵੀ ਨੇ ਇਹ ਵਾਪਸ ਲੈ ਲਈ। ਉਂਜ ਬੈਂਚ ਨੇ ਸ਼ੁਰੂਆਤ ਵਿਚ ਕਿਹਾ, "ਤੁਸੀਂ ਐੱਫ.ਆਈ.ਆਰ. ਨੂੰ ਚੁਣੌਤੀ ਦੇਣ ਤੇ ਜ਼ਮਾਨਤ ਲਈ ਸੰਵਿਧਾਨ ਦੀ ਧਾਰਾ 32 ਦਾ ਹਵਾਲਾ ਦਿੱਤਾ ਹੈ। ਤੁਹਾਡੇ ਕੋਲ ਹੋਰ ਵੀ ਉਪਾਅ ਉਪਲੱਬਧ ਹਨ।" ਸਿੰਘਵੀ ਨੇ ਪੱਤਰਕਾਰਾਂ ਅਰਨਬ ਗੋਸਵਾਮੀ ਤੇ ਵਿਨੋਦ ਦੂਆ ਦੇ ਕੇਸਾਂ ਵਿਚ ਸਿਖਰਲੀ ਕੋਰਟ ਵੱਲੋਂ ਸੁਣਾਏ ਫੈਸਲਿਆਂ ਦਾ ਵੀ ਹਵਾਲਾ ਦਿੱਤਾ।

ਸਫਾ 1 ਦਾ ਬਾਕੀ

## ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸੰਬੰਧਤ 3 ਕੇਸ...

ਹਾਲਾਂਕਿ ਡੇਰਾ ਪ੍ਰੇਮੀ ਇਨ੍ਹਾਂ ਕੇਸਾਂ ਨੂੰ ਹਰਿਆਣਾ, ਰਾਜਸਥਾਨ, ਦਿੱਲੀ ਜਾਂ ਕਿਸੇ ਹੋਰ ਸੂਬੇ ਵਿਚ ਲਿਜਾਣਾ ਚਾਹੁੰਦੇ ਸਨ, ਜਿਸ ਦਾ ਪੰਜਾਬ ਸਰਕਾਰ ਨੇ ਸਖ਼ਤ ਵਿਰੋਧ ਕੀਤਾ ਸੀ। ਸਰਕਾਰ ਨੇ ਆਪਣੇ ਜਵਾਬ ਵਿਚ ਕਿਹਾ ਸੀ ਕਿ ਡੇਰਾ ਪ੍ਰੇਮੀਆਂ ਨੂੰ ਪੁਲਿਸ ਸੁਰੱਖਿਆ ਮੁਹੱਈਆ ਕਰਵਾਈ ਗਈ ਹੈ ਅਤੇ ਅਦਾਲਤੀ ਸੁਣਵਾਈ ਦੌਰਾਨ ਕਦੇ ਕੋਈ ਘਟਨਾ ਨਹੀਂ ਵਾਪਰੀ। ਡੇਰਾ ਮੁਖੀ ਗੁਰਮੀਤ ਰਾਮ ਰਹੀਮ, ਪ੍ਰੇਮੀ ਸੁਖਜਿੰਦਰ ਸਿੰਘ, ਸ਼ਕਤੀ ਸਿੰਘ, ਰਣਜੀਤ ਸਿੰਘ ਅਤੇ ਬਲਜੀਤ ਸਿੰਘ ਖ਼ਿਲਾਫ਼ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਫਰੀਦਕੋਟ ਦੀ ਅਦਾਲਤ ਵਿਚ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਕਰਨ, ਉਸ ਦੇ ਅੰਗ ਪਾੜ ਦੇ ਗਲੀਆਂ ਵਿਚ ਖਿਲਾਰਨ ਅਤੇ ਇਤਰਾਜ਼ਯੋਗ ਪੋਸਟਰ ਛਾਪਣ ਦੇ ਮਾਮਲੇ ਵਿਚ ਦਰਜ ਹੋਏ ਤਿੰਨ ਮੁਕੱਦਮਿਆਂ ਵਿਚ ਵਿਸ਼ੇਸ਼ ਜਾਂਚ ਟੀਮ ਵੱਲੋਂ ਚਲਾਨ ਅਦਾਲਤ ਵਿਚ ਪੇਸ਼ ਕਰ ਦਿੱਤਾ ਗਿਆ ਹੈ। ਇਸ ਬੇਅਦਬੀ ਮਾਮਲੇ ਵਿਚ ਕੁੱਲ 11 ਡੇਰਾ ਪ੍ਰੇਮੀਆਂ ਨੂੰ ਮੁਲਜ਼ਮਾਂ ਵਜੋਂ ਨਾਮਜ਼ਦ ਕੀਤਾ ਗਿਆ ਹੈ, ਜਿਨ੍ਹਾਂ ਵਿਚੋਂ ਮਹਿੰਦਰਪਾਲ ਬਿੱਟੂ ਦਾ ਨਾਭਾ ਜੇਲ੍ਹ ਵਿਚ ਕਤਲ ਹੋ ਗਿਆ ਸੀ ਅਤੇ ਪ੍ਰਦੀਪ ਸਿੰਘ ਦਾ ਕੁਝ ਸਮਾਂ ਪਹਿਲਾਂ ਕੋਟਕਪੂਰਾ ਵਿਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਨ੍ਹਾਂ ਘਟਨਾਵਾਂ ਨੂੰ ਆਧਾਰ ਬਣਾ ਕੇ ਡੇਰਾ ਪ੍ਰੇਮੀਆਂ ਨੇ ਕੇਸ ਪੰਜਾਬ ਤੋਂ ਬਾਹਰ ਭੇਜਣ ਦੀ ਮੰਗ ਕੀਤੀ ਸੀ।

ਸਫਾ 1 ਦਾ ਬਾਕੀ

## ਸੁਪਰੀਮ ਕੋਰਟ ਆਨੰਦ ਮੈਰਿਜ ਐਕਟ ਸਬੰਧੀ ਪਟੀਸ਼ਨ...

ਚਾਹੀਦੇ ਸਨ, ਜਿਨ੍ਹਾਂ ਇਸ ਮੁੱਦੇ 'ਤੇ ਪਹਿਲਾਂ ਉੱਤਰਾਖੰਡ ਹਾਈ ਕੋਰਟ ਦਾ ਰੁਖ ਕੀਤਾ ਸੀ। ਉਨ੍ਹਾਂ ਦੋਸ਼ ਲਾਇਆ ਕਿ ਰਾਜ ਸਰਕਾਰਾਂ ਅਤੇ ਅਧਿਕਾਰੀ ਸੰਵਿਧਾਨ ਦੀ ਧਾਰਾ 14, 19, 21, 25, 26 ਅਤੇ 29 ਤਹਿਤ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਕਰ ਰਹੇ ਹਨ ਕਿਉਂਕਿ ਉਹ ਆਨੰਦ ਮੈਰਿਜ ਐਕਟ, 1909 ਤਹਿਤ ਲਾਜ਼ਮੀ ਨਿਯਮ ਬਣਾਉਣ ਅਤੇ ਨੋਟੀਫਾਈ ਕਰਨ ਵਿਚ ਅਸਫ਼ਲ ਰਹੇ ਹਨ। ਹਾਈ ਕੋਰਟ ਨੇ ਉੱਤਰਾਖੰਡ ਦੇ ਮੁੱਖ ਸਕੱਤਰ ਨੂੰ ਉਪਰੋਕਤ ਪ੍ਰਸਤਾਵ ਨੂੰ ਮੰਤਰੀ ਮੰਡਲ ਸਾਹਮਣੇ ਰੱਖਣ ਅਤੇ ਮਨਜ਼ੂਰੀ ਤੋਂ ਬਾਅਦ ਇਸ ਨੂੰ ਗਜ਼ਟ ਵਿਚ ਪ੍ਰਕਾਸ਼ਿਤ ਕਰਨ ਲਈ ਕਦਮ ਚੁੱਕਣ ਦੇ ਨਿਰਦੇਸ਼ ਦਿੰਦਿਆਂ ਪਟੀਸ਼ਨ ਦਾ ਨਿਬੇੜਾ ਕਰ ਦਿੱਤਾ ਸੀ। ਹਾਲਾਂਕਿ, ਪਟੀਸ਼ਨਕਰਤਾ ਨੇ ਦੋਸ਼ ਲਾਇਆ ਕਿ ਰਾਜ ਸਰਕਾਰ ਨੇ ਹਾਈ ਕੋਰਟ ਦੇ ਹੁਕਮਾਂ ਨੂੰ ਲਾਗੂ ਨਹੀਂ ਕੀਤਾ ਹੈ।

ਸਫਾ 1 ਦਾ ਬਾਕੀ

## ਅਮਰੀਕਾ 'ਚ ਧਰਮ ਆਧਾਰਿਤ ਨਸਲੀ ਹਮਲਿਆਂ ਦੇ ...

ਨਫ਼ਰਤੀ ਅਪਰਾਧ ਨਿਰੰਤਰ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। 64.8% ਲੋਕਾਂ ਨੂੰ ਉਨ੍ਹਾਂ ਦੀ ਨਸਲ, ਜਾਤ ਜਾਂ ਵੰਸ਼ ਕਾਰਨ ਨਿਸ਼ਾਨਾ ਬਣਾਇਆ ਗਿਆ। ਕਾਲੇ ਜਾਂ ਅਫਰੀਕੀ ਮੂਲ ਦੇ ਅਮਰੀਕੀ ਸਭ ਤੋਂ ਵਧ ਨਫ਼ਰਤੀ ਅਪਰਾਧ ਦਾ ਸ਼ਿਕਾਰ ਬਣੇ ਹਨ। 2021 ਦੌਰਾਨ ਇਨ੍ਹਾਂ ਵਿਰੁੱਧ 63.2% ਨਫ਼ਰਤੀ ਅਪਰਾਧ ਦੀਆਂ ਘਟਨਾਵਾਂ ਵਾਪਰੀਆਂ, ਜਦਕਿ ਏਸ਼ੀਅਨ ਮੂਲ ਦੇ ਅਮਰੀਕੀਆਂ ਵਿਰੁੱਧ 4.3% ਘਟਨਾਵਾਂ ਹੋਈਆਂ।


Mann & Associates Insurance Services, Inc.

Medicare Supplement Plans

• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ



Inderjeet Singh Mann
CA Lic# 0H82488

- The American Rescue Plan passed by President Biden could save you hundreds or even thousands of dollars a month.
- There is more financial help than ever before
- Even if you didn t qualify for subsidies before, now you might be able to save thousands on health insurance premiums.
- Huge tax credits are available only if you apply thru Covered California

- ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
- ਪਹਿਲਾਂ ਨਾਲੋਂ ਵਧੇਰੇ ਵਿੱਤੀ ਮਦਦ ਮਿਲੀ ਹੈ।
- ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
- ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।

ਹੈਲਥ ਇੰਸੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।

Anthem

COVERED CALIFORNIA | Certified Insurance Agent

Designed By Punjab Mail USA

Ph.: (916) 900-2000

# ਟੀ-20 ਮਹਿਲਾ ਵਿਸ਼ਵ ਕੱਪ : ਦੱਖਣੀ ਅਫਰੀਕਾ ਨੂੰ ਹਰਾ ਕੇ ਆਸਟਰੇਲੀਆ ਬਣਿਆ ਚੈਂਪੀਅਨ

**ਕੇਪਟਾਊਨ, (ਪੰਜਾਬ ਮੇਲ)-** ਸਲਾਮੀ ਬੱਲੇਬਾਜ਼ ਬੈੱਥ ਮੂਨੀ ਦੇ ਸ਼ਾਨਦਾਰ ਅਰਧ ਸੈਂਕੜੇ ਦੀ ਬਦੌਲਤ ਆਸਟਰੇਲੀਆ ਨੇ ਇੱਥੇ ਆਈ.ਸੀ.ਸੀ. ਮਹਿਲਾ ਟੀ-20 ਵਿਸ਼ਵ ਕੱਪ ਦੇ ਫਾਈਨਲ ਵਿਚ ਮੇਜ਼ਬਾਨ ਦੱਖਣੀ ਅਫਰੀਕਾ ਨੂੰ 19 ਦੌੜਾਂ ਨਾਲ ਹਰਾ ਕੇ ਲਗਾਤਾਰ ਤੀਸਰੀ ਤੇ ਕੁੱਲ ਛੇਵੀਂ ਵਾਰ ਖ਼ਿਤਾਬ ਆਪਣੇ ਨਾਮ ਕੀਤਾ। ਆਸਟਰੇਲੀਆ ਤੋਂ ਇਲਾਵਾ ਕੋਈ ਹੋਰ ਟੀਮ ਇੱਕ ਤੋਂ ਵੱਧ ਖ਼ਿਤਾਬ ਨਹੀਂ ਜਿੱਤ ਸਕੀ ਹੈ। ਆਸਟਰੇਲਿਆਈ ਟੀਮ ਇਸ ਤੋਂ ਪਹਿਲਾਂ 2010, 2012, 2014, 2018 ਅਤੇ 2020 ਵਿਚ ਖ਼ਿਤਾਬ ਜਿੱਤ ਚੁੱਕੀ ਹੈ।




ਦੱਖਣੀ ਅਫਰੀਕਾ ਨੂੰ ਹਰਾ ਕੇ ਵਿਸ਼ਵ ਚੈਂਪੀਅਨ ਬਣੀ ਆਸਟਰੇਲੀਆ ਦੀ ਟੀਮ ਜਸ਼ਨ ਮਨਾਉਂਦੀ ਹੋਈ।

ਮੂਨੀ ਨੂੰ 'ਪਲੇਅਰ ਆਫ ਦਿ ਮੈਚ' ਅਤੇ ਐਸ਼ਲੇ ਗਾਰਡਨਰ ਨੂੰ 'ਪਲੇਅਰ ਆਫ ਦਿ ਸੀਰੀਜ਼' ਐਲਾਨਿਆ ਗਿਆ। ਮੂਨੀ ਨੇ ਨਾਬਾਦ 73 ਦੌੜਾਂ (53 ਗੇਂਦਾਂ) ਦੀ ਪਾਰੀ ਖੇਡੀ। ਉਸ ਨੇ ਅਲਾਇਸਾ ਹੀਲੀ (18 ਦੌੜਾਂ) ਨਾਲ ਪਹਿਲੀ ਵਿਕਟ ਲਈ 36 ਦੌੜਾਂ ਤੇ ਐਸ਼ਲੇ (29) ਨਾਲ ਦੂਜੀ ਵਿਕਟ ਲਈ 46 ਦੌੜਾਂ ਦੀ ਭਾਈਵਾਲੀ ਕੀਤੀ। ਇਸ ਤਰ੍ਹਾਂ ਆਸਟਰੇਲੀਆ ਨੇ ਛੇ ਵਿਕਟਾਂ ਗੁਆ ਕੇ 156 ਦੌੜਾਂ ਬਣਾਈਆਂ। ਇਸ ਦੇ ਜਵਾਬ ਵਿਚ ਦੱਖਣੀ ਅਫਰੀਕਾ ਦੀ ਟੀਮ ਸਲਾਮੀ ਬੱਲੇਬਾਜ਼ ਲੌਰਾ ਵੋਲਵਾਰਟ ਦੀਆਂ 61 ਦੌੜਾਂ (48 ਗੇਂਦਾਂ) ਦੀ ਪਾਰੀ ਦੇ ਬਾਵਜੂਦ ਛੇ ਵਿਕਟਾਂ 'ਤੇ 137 ਦੌੜਾਂ ਹੀ ਬਣਾ ਸਕੀ।

ਵੋਲਵਾਰਟ ਤੋਂ ਇਲਾਵਾ ਦੱਖਣੀ ਅਫਰੀਕਾ ਵੱਲੋਂ ਸਿਰਫ਼ ਕਲੋਅ ਟੀ. ਨੇ ਸਭ ਤੋਂ ਵੱਧ 25 ਦੌੜਾਂ ਬਣਾਈਆਂ।

# ਪਿਛਲੇ ਪੰਜ ਸਾਲਾਂ 'ਚ 159 ਭਾਰਤੀਆਂ ਸਮੇਤ 214 ਵਿਦੇਸ਼ੀਆਂ ਨੂੰ ਮਿਲੀ ਪਾਕਿਸਤਾਨੀ ਨਾਗਰਿਕਤਾ

**ਇਸਲਾਮਾਬਾਦ, (ਪੰਜਾਬ ਮੇਲ)-** ਪਾਕਿਸਤਾਨ ਦੇ ਗ੍ਰਹਿ ਮੰਤਰਾਲੇ ਨੇ ਪਿਛਲੇ ਪੰਜ ਸਾਲਾਂ ਵਿਚ 214 ਵਿਦੇਸ਼ੀਆਂ ਨੂੰ ਪਾਕਿਸਤਾਨੀ ਨਾਗਰਿਕਤਾ ਦਿੱਤੀ। ਦਿਲਚਸਪ ਗੱਲ ਇਹ ਹੈ ਕਿ ਇਨ੍ਹਾਂ ਵਿੱਚੋਂ 159 ਭਾਰਤੀ ਸਨ। ਰਿਪੋਰਟਾਂ ਵਿਚ ਦੱਸਿਆ ਗਿਆ ਕਿ ਗ੍ਰਹਿ ਮੰਤਰਾਲੇ ਨੇ ਇਨ੍ਹਾਂ ਲੋਕਾਂ ਨੂੰ ਵਿਆਹ ਅਤੇ ਪਰਿਵਾਰਕ ਸਬੰਧਾਂ ਸਮੇਤ ਕਈ ਕਾਰਨਾਂ ਕਰਕੇ ਨਾਗਰਿਕਤਾ ਦਿੱਤੀ। ਅਧਿਕਾਰਤ ਦਸਤਾਵੇਜ਼ਾਂ ਤੋਂ ਪਤਾ ਲੱਗਾ ਹੈ ਕਿ ਭਾਰਤ ਤੋਂ ਇਲਾਵਾ ਹੋਰ ਦੇਸ਼ਾਂ ਦੇ 55 ਨਾਗਰਿਕਾਂ ਨੂੰ ਵੀ ਪਾਕਿਸਤਾਨੀ ਨਾਗਰਿਕਤਾ ਦਿੱਤੀ ਗਈ।

ਡੇਲੀ ਪਾਕਿਸਤਾਨ ਦੀ ਰਿਪੋਰਟ ਮੁਤਾਬਕ 2019 ਵਿਚ 55 ਭਾਰਤੀਆਂ ਨੂੰ, 2018 ਵਿਚ 43, 2020 ਅਤੇ 2021 ਵਿਚ 27 ਅਤੇ 2022 ਵਿਚ 18 ਨੂੰ ਪਾਕਿਸਤਾਨੀ ਨਾਗਰਿਕਤਾ ਦਿੱਤੀ ਗਈ। ਰਿਪੋਰਟ ਮੁਤਾਬਕ ਹਜ਼ਾਰਾਂ ਅਰਜ਼ੀਆਂ ਅਜੇ ਵੀ ਮਨਜ਼ੂਰੀ ਲਈ ਸਬੰਧਤ ਮੰਤਰਾਲੇ ਕੋਲ ਪੈਂਡਿੰਗ ਹਨ। ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਵਿਦੇਸ਼ੀਆਂ ਨੂੰ ਪਾਕਿਸਤਾਨ 'ਚ ਵਿਆਹ, ਪਰਿਵਾਰਕ ਸਬੰਧਾਂ, ਪੇਸ਼ੇ ਜਾਂ ਲੰਬੇ ਸਮੇਂ ਤੱਕ ਰਹਿਣ ਕਾਰਨ ਨਾਗਰਿਕਤਾ ਦਿੱਤੀ ਗਈ ਸੀ। ਰਿਪੋਰਟ ਮੁਤਾਬਕ ਪਾਕਿਸਤਾਨੀ ਅਧਿਕਾਰੀਆਂ ਨੇ ਪਿਛਲੇ 5 ਸਾਲਾਂ 'ਚ 11 ਅਫਗਾਨ ਨਾਗਰਿਕਾਂ ਨੂੰ ਪਾਕਿਸਤਾਨੀ ਨਾਗਰਿਕਤਾ ਦਿੱਤੀ ਹੈ। 2022 ਵਿਚ 4, 2021 ਵਿਚ 1, 2020 ਵਿਚ 3, 2019 ਵਿਚ 2 ਅਤੇ 2018 ਵਿਚ 1 ਨੂੰ ਨਾਗਰਿਕਤਾ ਦਿੱਤੀ ਗਈ। ਇਸ ਤੋਂ ਇਲਾਵਾ ਪਿਛਲੇ 5 ਸਾਲਾਂ 'ਚ 3 ਚੀਨੀ ਨਾਗਰਿਕਾਂ ਨੂੰ ਵੀ ਪਾਕਿਸਤਾਨੀ ਨਾਗਰਿਕਤਾ ਦਿੱਤੀ ਗਈ। ਇੰਨਾ ਹੀ ਨਹੀਂ, ਪਿਛਲੇ 5 ਸਾਲਾਂ 'ਚ 4 ਬ੍ਰਿਟਿਸ਼, 4 ਬੰਗਲਾਦੇਸ਼ੀ, 3 ਅਮਰੀਕੀ, 2 ਕੈਨੇਡੀਅਨ, 1 ਇਟਾਲੀਅਨ, 1 ਸਵਿਸ ਨਾਗਰਿਕ ਨੂੰ ਪਾਕਿਸਤਾਨੀ ਨਾਗਰਿਕਤਾ ਦਿੱਤੀ ਗਈ। ਇਸੇ ਸਮੇਂ ਦੌਰਾਨ ਬਰਮਾ, ਫਿਲੀਪੀਨਜ਼, ਮਾਲਡੋਵਾ, ਕਿਰਗਿਸਤਾਨ, ਨੇਪਾਲ ਆਦਿ ਦੇ 20 ਤੋਂ ਵੱਧ ਨਾਗਰਿਕਾਂ ਨੂੰ ਪਾਕਿਸਤਾਨੀ ਨਾਗਰਿਕਤਾ ਮਿਲੀ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਆਰ.ਟੀ.ਆਈ. ਕਾਰਕੁੰਨ ਜੀਸ਼ਾਨ ਹੈਦਰ ਨੇ ਕੇਂਦਰੀ ਗ੍ਰਹਿ ਮੰਤਰਾਲੇ ਵਿਚ ਇੱਕ ਆਰ.ਟੀ.ਆਈ. ਦਾਇਰ ਕੀਤੀ ਸੀ, ਜਿਸ ਵਿਚ ਉਨ੍ਹਾਂ ਨੇ ਪਹੁੰਚ ਕੀਤੀ ਸੀ ਕਿ 2015 ਤੋਂ ਫਰਵਰੀ 2020 ਤੱਕ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਦੇ ਕਿੰਨੇ ਨਾਗਰਿਕਾਂ ਨੇ ਭਾਰਤੀ ਨਾਗਰਿਕਤਾ ਲਈ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਗ੍ਰਹਿ ਮੰਤਰਾਲੇ ਦੇ ਵਿਦੇਸ਼ ਵਿਭਾਗ ਨੇ ਦੱਸਿਆ ਕਿ 6 ਸਾਲਾਂ 'ਚ 56 ਦੇਸ਼ਾਂ ਦੇ 19,034 ਨਾਗਰਿਕਾਂ ਨੇ ਭਾਰਤੀ ਨਾਗਰਿਕਤਾ ਲਈ। ਇਨ੍ਹਾਂ ਵਿਚੋਂ ਸਭ ਤੋਂ ਵੱਧ 2838 ਨਾਗਰਿਕ ਪਾਕਿਸਤਾਨ ਦੇ ਸਨ।

# ਬ੍ਰਿਟੇਨ 'ਚ ਬਾਲ ਵਿਆਹ ਨੂੰ ਰੋਕਣ ਲਈ ਨਵਾਂ ਕਾਨੂੰਨ ਲਾਗੂ

**ਲੰਡਨ, (ਪੰਜਾਬ ਮੇਲ)-** ਇੰਗਲੈਂਡ ਅਤੇ ਵੇਲਜ਼ ਵਿਚ ਵਿਆਹ ਲਈ ਘੱਟੋ-ਘੱਟ ਉਮਰ ਵਧਾ ਕੇ 18 ਸਾਲ ਕਰ ਦਿੱਤੀ ਗਈ ਹੈ, ਤਾਂ ਕਿ ਘੱਟ ਉਮਰ ਦੇ ਲੋਕਾਂ ਨੂੰ ਉਨ੍ਹਾਂ ਦੀ ਮਰਜ਼ੀ ਦੇ ਵਿਰੁੱਧ ਵਿਆਹ ਲਈ ਮਜਬੂਰ ਕੀਤੇ ਜਾਣ ਤੋਂ ਬਚਾਇਆ ਜਾ ਸਕੇ। ਇਸ ਤੋਂ ਪਹਿਲਾਂ ਤੱਕ 16 ਜਾਂ 17 ਸਾਲ ਦੀ ਉਮਰ ਦੇ ਲੋਕ ਮਾਤਾ-ਪਿਤਾ ਦੀ ਸਹਿਮਤੀ ਨਾਲ ਵਿਆਹ ਕਰ ਸਕਦੇ ਸਨ। ਨਵੇਂ ਕਾਨੂੰਨ 'ਵਿਆਹ ਅਤੇ ਨਾਗਰਿਕ ਭਾਗੀਦਾਰੀ (ਘੱਟੋ-ਘੱਟ) ਉਮਰ 2022' ਦਾ ਉਨ੍ਹਾਂ ਚੈਰੀਟੇਬਲ ਸੰਸਥਾਵਾਂ ਨੇ ਸਵਾਗਤ ਕੀਤਾ ਹੈ, ਜੋ ਜ਼ਬਰੀ ਵਿਆਹਾਂ ਵਿਰੁੱਧ ਮੁਹਿੰਮ ਚਲਾ ਰਹੀਆਂ ਸਨ।

**■ ਬਾਲ ਵਿਆਹ ਕਰਵਾਉਣ ਦੇ ਦੋਸ਼ੀ ਨੂੰ ਹੋਵੇਗੀ 7 ਸਾਲ ਦੀ ਜੇਲ੍ਹ**

ਜ਼ਬਰਨ ਵਿਆਹ ਦੀ ਸਮੱਸਿਆ ਨਾਲ ਬ੍ਰਿਟੇਨ ਵਿਚ ਦੱਖਣੀ ਏਸ਼ੀਆਈ ਅਤੇ ਅਫਰੀਕੀ ਭਾਈਚਾਰੇ ਦੇ ਕੁਝ ਹਿੱਸੇ ਵਿਆਪਕ ਤੌਰ 'ਤੇ ਪ੍ਰਭਾਵਿਤ ਹਨ। ਬ੍ਰਿਟੇਨ ਦੇ ਉਪ ਪ੍ਰਧਾਨ ਮੰਤਰੀ ਡੋਮਿਨਿਕ ਰਾਬ ਨੇ ਕਿਹਾ, "ਇਸ ਕਾਨੂੰਨ ਦੀ ਮਦਦ ਨਾਲ ਨੌਜਵਾਨਾਂ ਨੂੰ ਸਾਡੇ ਸਮਾਜ 'ਚ ਮੌਜੂਦ ਜ਼ਬਰਨ ਵਿਆਹ ਦੀ ਸਮੱਸਿਆ ਤੋਂ ਬਿਹਤਰ ਢੰਗ ਨਾਲ ਬਚਾਇਆ ਜਾ ਸਕਦਾ ਹੈ।" ਉਨ੍ਹਾਂ ਕਿਹਾ, "ਬੱਚਿਆਂ ਨੂੰ ਛੋਟੀ ਉਮਰ ਵਿਚ ਵਿਆਹ ਕਰਵਾਉਣ ਲਈ ਧੋਖਾ ਦੇਣ ਵਾਲਿਆਂ ਨੂੰ ਹੁਣ ਕਾਨੂੰਨ ਦਾ ਸਾਹਮਣਾ ਕਰਨਾ ਪਵੇਗਾ।" ਬਾਲ ਵਿਆਹ ਕਰਵਾਉਣ ਦੇ ਦੋਸ਼ੀ ਪਾਏ ਜਾਣ ਵਾਲੇ ਵਿਅਕਤੀ ਨੂੰ 7 ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ।

ਬ੍ਰਿਟੇਨ ਸਰਕਾਰ ਨੇ ਕਿਹਾ ਕਿ 18 ਸਾਲ ਨੂੰ ਵਿਆਪਕ ਤੌਰ 'ਤੇ ਉਸ ਉਮਰ ਵਜੋਂ ਮਾਨਤਾ ਦਿੱਤੀ ਜਾਂਦੀ ਹੈ, ਜਦੋਂ ਵਿਅਕਤੀ ਬਾਲਗ ਹੋ ਜਾਂਦਾ ਹੈ ਅਤੇ ਪੂਰਨ ਨਾਗਰਿਕਤਾ ਅਧਿਕਾਰ ਪ੍ਰਾਪਤ ਕਰਦਾ ਹੈ। ਪਹਿਲਾਂ ਜੇਕਰ ਇਹ ਸਾਬਤ ਹੋ ਜਾਂਦਾ ਸੀ ਕਿ ਕਿਸੇ ਵਿਅਕਤੀ ਨੇ ਜ਼ਬਰਨ ਕਿਸੇ ਦਾ ਵਿਆਹ ਕਰਵਾਇਆ ਹੈ, ਤਾਂ ਹੀ ਇਸ ਨੂੰ ਅਪਰਾਧ ਮੰਨਿਆ ਜਾਂਦਾ ਸੀ, ਪਰ ਹੁਣ ਜ਼ਬਰਨ ਵਿਆਹ ਹੋਣ ਦੀ ਗੱਲ ਸਾਬਿਤ ਕਰਨ ਦੀ ਲੋੜ ਨਹੀਂ ਹੈ।

## ਸੰਯੁਕਤ ਰਾਸ਼ਟਰ 'ਚ ਯੂਕਰੇਨ ਬਾਰੇ ਮਤੇ 'ਤੇ ਵੋਟਿੰਗ ਤੋਂ ਦੂਰ ਰਿਹਾ ਭਾਰਤ

**ਸੰਯੁਕਤ ਰਾਸ਼ਟਰ, (ਪੰਜਾਬ ਮੇਲ)-** ਸੰਯੁਕਤ ਰਾਸ਼ਟਰ ਮਹਾਸਭਾ ਨੇ ਮਤਾ ਪਾਸ ਕੀਤਾ, ਜਿਸ ਵਿਚ ਰੂਸ ਤੋਂ ਯੂਕਰੇਨ ਵਿਚ ਜੰਗ ਖਤਮ ਕਰਨ ਅਤੇ ਆਪਣੀਆਂ ਫੌਜਾਂ ਨੂੰ ਵਾਪਸ ਬੁਲਾਉਣ ਦੀ ਮੰਗ ਕੀਤੀ ਗਈ, ਜਿਸ ਵਿਚ ਭਾਰਤ ਵੋਟਿੰਗ ਤੋਂ ਦੂਰ ਰਿਹਾ। ਭਾਰਤ ਨੇ ਸਵਾਲ ਕੀਤਾ ਕਿ ਕੀ ਸਾਲ ਦੇ ਯੁੱਧ ਤੋਂ ਬਾਅਦ ਵੀ ਦੁਨੀਆਂ ਸੰਭਾਵੀ ਹੱਲ ਵੱਲ ਥੋੜ੍ਹੀ ਜਿਹੀ ਵੀ ਨੇੜੇ ਗਈ ਹੈ, ਜੋ ਰੂਸ ਅਤੇ ਯੂਕਰੇਨ ਦੋਵਾਂ ਲਈ ਸਵੀਕਾਰਯੋਗ ਹੋਵੇਗਾ। ਭਾਰਤ ਉਨ੍ਹਾਂ 32 ਦੇਸ਼ਾਂ ਵਿਚ ਸ਼ਾਮਲ ਸੀ, ਜੋ 193 ਮੈਂਬਰੀ ਜਨਰਲ ਅਸੈਂਬਲੀ ਵਿਚ ਮਤੇ 'ਤੇ ਵੋਟਿੰਗ ਤੋਂ ਦੂਰ ਰਹੇ।




24hrs Towing

FIVE STAR
TOWING INC


8 Locations and 55 Tow Trucks Serve You Better.
Northern California's Number 1 Towing Service

3rd Generation in Business






24hrs Live Dispatch






Jasmail Singh Chitti
Ph: 877-389-4700

Designed By Punjab Mail USA


Global Allianz
LAW FIRM LLP

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

ਕਾਨੂੰਨੀ ਸਲਾਹਾਂ


Atul Kapoor
C.E.O

Asylum & Deportation Defense


Neat Allen Sawyer
Attorney at law

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

KAMBOJ AYURVEDIC & HERBS

ਆਯੁਰਵੇਦਿਕ ਜੜ੍ਹੀ-ਬੂਟੀਆਂ




- ਵਾਈ-ਬਾਦੀ ਦੇ ਰੋਗ ਜਿਵੇਂ ਲਕਵਾ, ਅਧਰੰਗ, ਜੋੜਾਂ ਦਾ ਦਰਦ, ਗਠੀਆ
- ਗੁਪਤ ਰੋਗ ਜਿਵੇਂ ਧਾਂਤ ਪੈਣਾ, ਨਾਮਰਦੀ, ਸੁਪਨਦੋਸ਼, ਲਿਕਿਓਰੀਆ, ਮਾਂਹਵਾਰੀ ਦੀਆਂ ਖਰਾਬੀਆਂ
- ਖ਼ੂਨ ਦੀ ਕਮੀ, ਲਿਵਰ ਦੀ ਕੋਈ ਵੀ ਖਰਾਬੀ, ਲਿਵਰ ਵਧਣਾ ਜਾਂ ਸੁੰਗੜਨਾ, ਤੇਜ਼ਾਬ ਬਣਨਾ, ਖਾਣਾ ਨਾ ਪਚਣਾ, ਭੁੱਖ ਨਾ ਲੱਗਣਾ, ਸੰਗਰਹਿਣੀ ਆਦਿ ਦੇ ਪੁਰਾਣੇ ਰੋਗ
- ਦਿਮਾਗੀ ਖਰਾਬੀ, ਦੌਰੇ ਪੈਣਾ, ਮਿਰਗੀ, ਯਾਦਾਸ਼ਤ ਕਮਜ਼ੋਰ, ਹੱਥਾਂ-ਪੈਰਾਂ 'ਚੋਂ ਸੇਕ ਨਿਕਲਣਾ ਆਦਿ
- ਛਾਤੀ ਦੇ ਰੋਗ ਜਿਵੇਂ ਨਿਮੋਨੀਆ, ਕਾਲੀ ਖੰਗ, ਦਮਾ ਆਦਿ
- ਚਮੜੀ ਦੇ ਰੋਗ, ਖਾਜ, ਮੁਹਾਂਸੇ, ਛਾਈਆਂ ਆਦਿ

Open 10AM–6PM

ਕੈਂਸਰ ਦਾ ਇਲਾਜ

524 S. Clovis Ave, Fresno, CA 93727
559-341-9252



Kharati Kamboj
Ayurvedic Prescription

## ਕਹਾਣੀ

# ਮਿੱਟੀ ਦਾ ਮੋਹ




-ਮਨਜੀਤ ਮਾਨ
ਪਿੰਡ ਸਾਹਨੇਵਾਲੀ
(ਮਾਨਸਾ)
ਮੋਬ : 70098-98044
(Punjab Mail USA)



ਅਰਜਨ ਸਿਉਂ ਦੇ ਪੋਤੇ ਨੂੰ ਕੈਨੇਡਾ ਗਏ ਪੰਜ ਸਾਲ ਹੋ ਗਏ ਸਨ ਪਰ ਉਹ ਮੁੜ ਕੇ ਇੱਕ ਵਾਰ ਵੀ ਪਿੰਡ ਨਹੀਂ ਆਇਆ ਸੀ। ਪੀ.ਆਰ. ਮਿਲਣ ਮਗਰੋਂ ਤਾਂ ਲੱਗਦਾ ਸੀ ਕਿ ਜਿਵੇਂ ਉਸਨੇ ਪਿੰਡ ਮੁੜਨ ਦਾ ਖ਼ਿਆਲ ਹੀ ਛੱਡ ਦਿੱਤਾ ਸੀ। ਉਸ ਦੀ ਮਾਂ ਫੋਨ 'ਤੇ ਉਸਨੂੰ ਬਥੇਰਾ ਕਹਿੰਦੀ ਕਿ ਪੁੱਤ ਹੁਣ ਤਾਂ ਤੂੰ ਏਥੇ ਸੁੱਖ ਨਾਲ ਪੱਕਾ ਹੋ ਗਿਆ ਏਂ, ਹੁਣ ਤਾਂ ਘਰ ਆਜਾ। ਪਰ ਉਹ ਹਰ ਵਾਰੀ ਕੋਈ ਨਾ ਕੋਈ ਬਹਾਨਾ ਬਣਾ ਕੇ ਗੱਲ ਨੂੰ ਟਾਲ ਦਿੰਦਾ ਸੀ। ਮਾਪਿਆਂ ਦਾ ਇਕਲੌਤਾ ਪੁੱਤ ਹੋਣ ਕਰਕੇ ਉਸ ਬਿਨਾਂ ਖਾਲੀ ਘਰ ਵੱਢ ਖਾਣ ਨੂੰ ਆਉਂਦਾ ਸੀ। ਉਸਦੇ ਮਾਂ-ਪਿਉ ਤਾਂ ਫਿਰ ਵੀ ਆਥਣੇ ਤੜਕੇ ਫੋਨ 'ਤੇ ਗੱਲ ਕਰਕੇ ਆਪਣੇ ਦਿਲ ਧਰਵਾਸ ਦੇ ਲੈਂਦੇ ਸਨ ਪਰ ਔਖਾ ਤਾਂ ਅਰਜਨ ਸਿਉਂ ਦਾ ਹੋਇਆ ਪਿਆ ਸੀ, ਜਿਸ ਨੇ ਪੰਜ ਸਾਲਾਂ ਵਿਚ ਮਸਾਂ ਪੰਜ ਸੱਤ ਵਾਰੀ ਗੱਲ ਕੀਤੀ ਹੋਵੇਗੀ। ਉਹ ਜਦ ਵੀ ਫੋਨ 'ਤੇ ਗੱਲ ਕਰਦਾ, ਤਾਂ ਉਸਦਾ ਇੱਕ-ਦੋ ਗੱਲਾਂ ਕਰਕੇ ਹੀ ਗੱਚ ਭਰ ਆਉਂਦਾ ਤੇ ਉਹ ਫੋਨ ਆਪਣੀ ਨੂੰਹ ਨੂੰ ਫੜਾ ਦਿੰਦਾ।

ਅਰਜਨ ਸਿਉਂ ਨੇ ਆਪਣੇ ਪੋਤੇ ਨੂੰ ਬੜੇ ਲਾਡ ਪਿਆਰ ਨਾਲ ਪਾਲ਼ਿਆ ਸੀ। ਉਹ ਨਿੱਕੇ ਹੁੰਦੇ ਨੂੰ ਸਾਰਾ ਦਿਨ ਗੋਦੀ ਚੁੱਕ ਕੇ ਖਿਡਾਉਂਦਾ ਥੱਕਦਾ ਨਹੀਂ ਸੀ। ਫਿਰ ਜਦ ਉਸ ਨੂੰ ਸਕੂਲ ਦਾਖ਼ਲ ਕਰਵਾਇਆ, ਤਾਂ ਆਪ ਉਸ ਨੂੰ ਸਾਈਕਲ 'ਤੇ ਪਹਿਲਾਂ ਸਵੇਰੇ ਸਕੂਲ ਛੱਡ ਕੇ ਆਉਂਦਾ, ਫਿਰ ਛੁੱਟੀ ਮਿਲਣ 'ਤੇ ਘਰ ਲੈ ਕੇ ਆਉਂਦਾ। ਜਦੋਂ ਬਾਰ੍ਹਾਂ ਜਮਾਤਾਂ ਪਾਸ ਕਰਨ ਮਗਰੋਂ ਆਈਲੈਟਸ ਕਰਕੇ ਉਸਦਾ ਪੋਤਾ ਕੈਨੇਡਾ ਜਾ ਰਿਹਾ ਸੀ, ਤਾਂ ਅਰਜਨ ਸਿਉਂ ਉਸਨੂੰ ਬਥੇਰਾ ਰੋਕਿਆ ਸੀ ਕਿ ਪੁੱਤ ਕਿਉਂ ਸੱਤ ਸਮੁੰਦਰੋਂ ਪਾਰ ਬੇਗਾਨੇ ਮੁਲਖ ਜਾਨਾ ਏ, ਆਪਣੇ ਘਰ ਇੱਥੇ ਕੀ ਤੈਨੂੰ ਕਿਸੇ ਗੱਲ ਦਾ ਘਾਟਾ ਹੈ। ਪਰ ਜਦ ਉਸਦਾ ਪੋਤਾ ਨਹੀਂ ਮੰਨਿਆ ਸੀ, ਤਾਂ ਉਸਨੇ ਆਪਣੇ ਪੋਤੇ ਦੇ ਪਿਆਰ ਤੇ ਜ਼ਿੱਦ ਅੱਗੇ ਝੁੱਕ ਕੇ ਉਸ ਨੂੰ ਕੈਨੇਡਾ ਭੇਜ ਦਿੱਤਾ ਸੀ। ਪਰ ਹੁਣ ਜਦੋਂ ਪੰਜ ਸਾਲਾਂ ਤੋਂ ਵੱਧ ਸਮੇਂ ਦੇ ਬੀਤ ਜਾਣ ਮਗਰੋਂ ਵੀ ਜਦ ਉਸ ਦਾ ਪੋਤਾ ਘਰ ਨਹੀਂ ਮੁੜਿਆ ਸੀ, ਤਾਂ ਅਰਜਨ ਸਿਉਂ ਕੁਝ ਓਦਰਿਆ-ਓਦਰਿਆ ਜਿਹਾ ਰਹਿਣ ਲੱਗ ਪਿਆ ਸੀ। ਉਸ ਨੇ ਇਸ ਉਦਰੇਵੇਂ ਵਿਚ ਹੀ ਸੱਥ ਦੇ ਨਾਲ ਘਰੋਂ ਬਾਹਰ-ਅੰਦਰ ਜਾਣਾ ਵੀ ਛੱਡ ਦਿੱਤਾ ਸੀ ਤੇ ਸਾਰਾ ਦਿਨ ਚੁੱਪ ਕਰਕੇ ਘਰੇ ਹੀ ਬੈਠਾ ਰਹਿੰਦਾ ਸੀ। ਅਰਜਨ ਸਿਉਂ ਦੇ ਨੂੰਹ ਪੁੱਤ ਵੀ ਉਸਦੇ ਉਦਰੇਵੇਂ ਤੇ ਉਦਾਸੀ ਦਾ ਕਾਰਨ ਸਮਝਦੇ ਸਨ। ਪਰ ਉਹ ਚਾਹ ਕੇ ਵੀ ਕੁਝ ਨਹੀਂ ਕਰ ਪਾ ਰਹੇ ਸਨ ਕਿਉਂਕਿ ਉਹ ਤਾਂ ਆਪ ਆਪਣੇ ਪੁੱਤ ਨੂੰ ਮਿਲਣ ਲਈ ਤਰਸੇ ਪਏ ਸਨ।

ਆਖਿਰ ਜਦ ਅਰਜਨ ਸਿਉਂ ਦੀ ਆਪਣੇ ਪੋਤੇ ਦੇ ਹੇਰਵੇ 'ਚ ਹਾਲਤ ਜ਼ਿਆਦਾ ਵਿਗੜਨ ਲੱਗੀ, ਤਾਂ ਉਸ ਦੀ ਨੂੰਹ ਨੇ ਆਪਣੇ ਪੁੱਤ ਨੂੰ ਫੋਨ ਕਰਕੇ ਕਹਿ ਦਿੱਤਾ ਕਿ ਪੁੱਤ ਤੇਰੇ ਦਾਦਾ ਜੀ ਤੇਰੇ ਬਿਨਾਂ ਬਹੁਤ ਓਦਰੇ ਪਏ ਹਨ, ਜੇ ਤੂੰ ਨੀ ਆਉਣਾ, ਤਾਂ ਜੀ ਸਦਕੇ ਨਾ ਆ ਪਰ ਪੁੱਤ ਤੂੰ ਆਪਣੇ ਦਾਦਾ ਜੀ ਨੂੰ ਤਾਂ ਆਪਣੇ ਕੋਲ ਬੁਲਾ ਸਕਦੇ ਹੈਂ। ਵੇਖ ਪੁੱਤ ਨਾਲੇ ਤਾਂ ਤੇਰੇ ਕੋਲ ਮਹੀਨਾ, ਦੋ ਮਹੀਨੇ ਰਹਿ ਕੇ ਉਨ੍ਹਾਂ ਦਾ ਚਿੱਤ ਰਾਜ਼ੀ ਹੋ ਜਾਵੇਗਾ, ਨਾਲੇ ਉਨ੍ਹਾਂ ਦੀ ਗਰਮੀ ਵੀ ਸੌਖੀ ਲੰਘ ਜਾਵੇਗੀ। ਆਪਣੀ ਮਾਂ ਦੀ ਗੱਲ ਮੰਨਦਿਆਂ ਉਸਨੇ ਦੋ ਕੁ ਮਹੀਨਿਆਂ ਮਗਰੋਂ ਦਾਦਾ ਜੀ ਨੂੰ ਆਪਣੇ ਕੋਲ ਕੈਨੇਡਾ ਬੁਲਾ ਲਿਆ ਸੀ। ਅਰਜਨ ਸਿਉਂ ਪਹਿਲਾਂ ਤਾਂ ਘਰ ਛੱਡ ਕੇ ਜਾਣ ਲਈ ਤਿਆਰ ਨਹੀਂ ਹੋਇਆ ਸੀ ਪਰ ਫਿਰ ਆਪਣੇ ਨੂੰਹ ਪੁੱਤ ਦੇ ਜ਼ੋਰ ਪਾਉਣ 'ਤੇ ਉਹ ਦੋ ਮਹੀਨਿਆਂ ਲਈ ਆਪਣੇ ਪੋਤੇ ਕੋਲ ਚਲਿਆ ਗਿਆ ਸੀ। ਕੈਨੇਡਾ ਜਾ ਕੇ ਇੱਕ ਵਾਰ ਉਸਨੂੰ ਲੱਗਿਆ, ਜਿਵੇਂ ਸੱਚੀ ਉਹ ਸੁਰਗ ਵਿਚ ਆ ਗਿਆ ਹੁੰਦਾ ਹੈ। ਪਰ ਕੁਝ ਦਿਨਾਂ ਵਿਚ ਹੀ ਪੋਤੇ ਦੀਆਂ ਸ਼ਿਫਟਾਂ ਤੇ ਉੱਥੋਂ ਦੀ ਇਕੱਲਤਾ ਨੇ ਉਸ ਦਾ ਮੋਹ ਭੰਗ ਕਰ ਦਿੱਤਾ ਸੀ। ਉਹ ਸਾਰਾ ਦਿਨ ਇਕੱਲਾ ਘਰ ਵਿਚ ਬੈਠਾ ਰਹਿੰਦਾ, ਉਸ ਦਾ ਪੋਤਾ ਕਦੇ ਦਿਨ ਨੂੰ ਆਉਂਦਾ, ਕਦੇ ਰਾਤ ਨੂੰ। ਉਸਦਾ ਮਨ ਲੋਚਦਾ ਕਿ ਉਹ ਆਪਣੇ ਪੋਤੇ ਨਾਲ ਖੁੱਲ੍ਹ ਕੇ ਗੱਲਾਂ ਕਰੇ, ਪਰ ਪੋਤੇ ਕੋਲ ਤਾਂ ਆਪਣੇ ਦਾਦਾ ਜੀ ਪਾਸ ਬੈਠਣ ਦਾ ਟਾਈਮ ਹੀ ਨਾ ਹੁੰਦਾ। ਬੱਸ ਉਹ ਆਉਂਦਾ-ਜਾਂਦਾ ਕਹਿੰਦਾ ਰਹਿੰਦਾ ਕਿ ਦਾਦਾ ਜੀ, ਤੁਸੀਂ ਸਾਰਾ ਦਿਨ ਘਰ ਨਾ ਬੈਠੇ ਰਿਹਾ ਕਰੋ, ਬਾਹਰ ਵੀ ਘੁੰਮ ਫਿਰ ਆਇਆ ਕਰੋ। ਆਹ ਆਪਣੇ ਨੇੜਲੇ ਪਾਰਕ ਵਿਚ ਚਲੇ ਜਾਇਆ ਕਰੋ, ਉੱਥੇ ਆਪਣੇ ਬਹੁਤ ਸਾਰੇ ਪੰਜਾਬੀ ਹੁੰਦੇ ਹਨ। ਪਰ ਉਹ ਆਪਣੇ ਪੋਤੇ ਦੀ ਗੱਲ ਅਣਸੁਣੀ ਜਿਹੀ ਕਰਕੇ ਕਮਰੇ ਵਿਚ ਪਿਆ ਹੀ ਸਾਰਾ ਦਿਨ ਲੰਘਾ ਦਿੰਦਾ ਸੀ।

ਅੱਜ ਸ਼ਾਮ ਨੂੰ ਵੀ ਅਰਜਨ ਸਿਉਂ ਕਮਰੇ ਅੰਦਰ ਹੀ ਪਿਆ ਸੀ, ਜਦ ਉਸਦਾ ਪੋਤਾ ਸ਼ਿਫਟ ਲਗਾ ਕੇ ਘਰ ਆਇਆ ਸੀ। ਉਸਨੇ ਅੰਦਰ ਆਉਂਦਿਆਂ ਹੀ ਕਿਹਾ, ਦਾਦਾ ਜੀ ਅੰਦਰ ਕਿਉਂ ਪਏ ਹੋ, ਬਾਹਰ ਚੱਲੋ, ਆਓ ਤੁਹਾਨੂੰ ਸਾਡੇ ਦੇਸ਼ ਕੈਨੇਡਾ ਦੀ ਵਰਖਾ ਦਿਖਾਉਂਦਾ ਹਾਂ, ਬਾਹਰ ਵੇਖੋ ਕਿੰਨਾ ਮੀਂਹ ਪੈ ਰਿਹਾ ਹੈ। ਉਹ ਆਪਣੇ ਦਾਦਾ ਨੂੰ ਬੈੱਡ ਤੋਂ ਉਠਾ ਕੇ ਪੋਰਚ ਵਿਚ ਲੈ ਆਇਆ ਸੀ। ਬਾਹਰ ਮੋਹਲੇਧਾਰ ਮੀਂਹ ਪੈ ਰਿਹਾ ਸੀ ਤੇ ਤੇਜ਼ ਹਵਾਵਾਂ ਨਾਲ ਰੁੱਖ ਦੂਹਰੇ ਹੋ ਕੇ ਧਰਤੀ ਨੂੰ ਚੁੰਮਦੇ ਨਜ਼ਰ ਆ ਰਹੇ ਸਨ। ਪੋਤਾ ਵਰਖਾ ਨੂੰ ਵੇਖ ਕੇ ਝੂਮ ਰਿਹਾ ਸੀ ਪਰ ਅਰਜਨ ਸਿਉਂ ਗੁੰਮ-ਸੁੰਮ ਜਿਹਾ ਖੜ੍ਹਾ ਮੀਂਹ ਨੂੰ ਵੇਖ ਰਿਹਾ ਸੀ। ਕੀ ਹੋਇਆ ਦਾਦਾ ਜੀ। ਅਚਾਨਕ ਉਸਦੇ ਪੋਤੇ ਨੇ ਉਸਨੂੰ ਮੋਢੇ ਤੋਂ ਫੜ ਕੇ ਹਲੂਣਦਿਆਂ ਕਿਹਾ। ਕੁਝ ਨਹੀਂ ਪੁੱਤਰਾ ਮੀਂਹ ਸੱਚੀ ਬਾਹਲਾ ਤੇਜ਼ ਪੈ ਰਿਹਾ ਏ, ਮੈਨੂੰ ਤਾਂ ਡਰ ਹੈ ਕਿਤੇ ਪਿੰਡ ਆਪਣੇ ਬਾਹਰਲੇ ਘਰ ਤੂੜੀ ਵਾਲੀ ਕੱਚੀ ਸਬਾਤ ਨਾ ਢਹਿ ਜਾਵੇ, ਦੋ ਸਾਲ ਹੋ ਗਏ ਹਨ ਉਸਨੂੰ ਲਿਪਿਆ ਨਹੀਂ ਹੈ। ਮੈਂ ਤੇਰੇ ਬਾਪੂ ਜੀ ਨੂੰ ਬਥੇਰਾ ਕਿਹਾ ਸੀ ਕਿ ਸਬਾਤ ਦੀ ਛੱਤ ਨੂੰ ਲਿਪ ਦੇ ਪਰ ਉਸਨੇ ਮੇਰੀ ਗੱਲ ਹੀ ਨਹੀਂ ਗੌਲੀ, ਆਹ ਹੁਣ ਸਾਰੀ ਤੂੜੀ ਖ਼ਰਾਬ ਹੋ ਜਾਵੇਗੀ। ਆਪਣੇ ਦਾਦਾ ਜੀ ਦੀ ਗੱਲ ਸੁਣ ਕੇ ਉਸ ਦਾ ਪੋਤਾ ਸੁੰਨ ਜਿਹਾ ਹੋ ਗਿਆ ਸੀ ਤੇ ਬਾਹਰ ਮੀਂਹ ਹੋਰ ਤੇਜ਼ ਹੋ ਗਿਆ ਸੀ।



## ‘ਜੋ ਦਿਖਾ, ਸੋ ਲਿਖਾ’

# ਕੋਟਕਪੂਰਾ ਫਾਇਰਿੰਗ ਦੀ ਚਾਰਜਸ਼ੀਟ ਦਾ ਬਾਦਲਾਂ ਨੂੰ ਝੱਟਕਾ

## ਅਕਾਲੀ ਦਲ ਵਿਚ ਪੈ ਸਕਦੈ ਵੱਡਾ ਖਿਲਾਰਾ






**ਦਰਸ਼ਨ ਸਿੰਘ ਸ਼ੰਕਰ**
ਜ਼ਿਲ੍ਹਾ ਲੋਕ ਸੰਪਰਕ ਅਫਸਰ (ਰਿਟਾ.)
ਫੋਨ: 99158-36543
(Punjab Mail USA)


ਆਖਿਰ ਬਹੁ-ਚਰਚਿਤ ਕੋਟਕਪੂਰਾ ਫਾਇਰਿੰਗ ਦੀ ਜਾਂਚ ਕਰ ਰਹੀ ਐੱਲ.ਕੇ. ਯਾਦਵ ਵਾਲੀ ਐੱਸ.ਆਈ.ਟੀ. ਵਲੋਂ ਫਰੀਦਕੋਟ ਅਦਾਲਤ ਵਿਚ ਚਾਰਜਸ਼ੀਟ ਦਾਇਰ ਕੀਤੀ ਗਈ ਹੈ। ਇਸ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸਾਬਕਾ ਡੀ.ਜੀ.ਪੀ. ਸੁਮੇਧ ਸਿੰਘ ਸੈਣੀ, ਸਾਬਕਾ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਦੇ ਨਾਮ ਸ਼ਾਮਲ ਨੇ। ਇਨ੍ਹਾਂ ਤੋਂ ਇਲਾਵਾ ਡੀ.ਆਈ.ਜੀ. ਅਮਰ ਸਿੰਘ, ਸਾਬਕਾ ਐੱਸ.ਐੱਸ.ਪੀ. ਚਰਨਜੀਤ ਸ਼ਰਮਾ, ਸਾਬਕਾ ਐੱਸ.ਐੱਸ.ਪੀ. ਫਰੀਦਕੋਟ ਸੁਖਮੰਦਰ ਸਿੰਘ ਮਾਨ ਦੇ ਨਾਮ ਸ਼ਾਮਲ ਨੇ। ਮੁੱਖ ਸਾਜਿਸ਼ ਘਾੜਿਆਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦਾ ਨਾਮ ਆਉਣ ਨਾਲ ਪੰਥਕ ਪਾਰਟੀ ਇਕ ਬਹੁਤ ਵੱਡੀ ਉਲਝਣ ਵਿਚ ਫਸੀ ਦਿਸਦੀ ਹੈ। ਆਮ ਜਨਤਾ ਦੇ ਨਾਲ ਹੇਠਲੀ ਪੱਧਰ ਤੱਕ ਪਾਰਟੀ ਵਰਕਰ ਵੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਫਾਇਰਿੰਗ ਦੇ ਦੋਸ਼ੀਆਂ ਨੂੰ ਬਚਾਉਣ ਲਈ ਵੱਡੇ ਅਤੇ ਛੋਟੇ ਬਾਦਲ ਨੂੰ ਹੀ ਜ਼ਿੰਮੇਵਾਰ ਸਮਝਦੇ ਨੇ। 2022 ਦੀਆਂ ਵਿਧਾਨ ਸਭਾ ਚੋਣਾਂ ਅਤੇ ਫਿਰ ਸੰਗਰੂਰ ਦੀ ਲੋਕ ਸਭਾ ਜ਼ਿਮਨੀ ਚੋਣ ਵਿਚ ਪਾਰਟੀ ਦੀ ਨਿਮੋਸ਼ੀ ਭਰੀ ਹਾਰ ਪਿੱਛੋਂ ਸੀਨੀਅਰ ਲੀਡਰਸ਼ਿਪ ਵਿਚ ਬਦਲਾਅ ਲਈ ਲਗਾਤਾਰ ਵਿਰੋਧੀ ਸੁਰਾਂ ਉਠਦੀਆਂ ਆ ਰਹੀਆਂ ਨੇ। ਬਹੁਤ ਸਾਰੇ ਸੀਨੀਅਰ ਆਗੂ ਪਾਰਟੀ ਤੋਂ ਕਿਨਾਰਾ ਵੀ ਕਰ ਚੁੱਕੇ ਨੇ। ਜਥੇਬੰਦੀ ਦੇ ਪੁਨਰਗਠਨ ਦੇ ਛਲਾਵੇ ਨਾਲ ਸੁਖਬੀਰ ਬਾਦਲ ਆਪਣੀ ਪ੍ਰਧਾਨਗੀ ਜ਼ਰੂਰ ਕਾਇਮ ਰੱਖ ਰਹੇ ਨੇ। ਪ੍ਰੰਤੂ ਹੁਣ ਦੋਵੇਂ ਬਾਦਲਾਂ ਦੇ ਨਾਮ ਦੋਸ਼ੀਆਂ ਵਜੋਂ ਆਉਣ ਨਾਲ ਪਾਰਟੀ ਉਪਰ ਆਪਣਾ ਗਲਬਾ ਕਾਇਮ ਰੱਖਣਾ ਆਸਾਨ ਨਹੀਂ ਰਹੇਗਾ।

### ਕੀ ਹੈ ਸਾਰਾ ਮਾਮਲਾ ?

1 ਜੂਨ, 2015 ਨੂੰ ਫ਼ਰੀਦਕੋਟ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੋਂ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਹੋਇਆ ਸੀ। ਇਸ ਦੇ ਅੰਗ ਪਿੰਡ ਬਰਗਾੜੀ ਵਿਖੇ ਖਿਲਰੇ ਮਿਲਣ ਤੋਂ ਬਾਅਦ ਕੋਟਕਪੂਰਾ ਅਤੇ ਬਹਿਬਲ ਕਲਾਂ ਵਿਖੇ ਧਰਨਾ ਪ੍ਰਦਰਸ਼ਨ ਹੋਏ ਅਤੇ 14 ਅਕਤੂਬਰ 2015 ਨੂੰ ਕੋਟਕਪੂਰਾ ਅਤੇ ਬਗਰਾੜੀ ਵਿਚ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਕਰਦੇ ਲੋਕਾਂ ਉੱਤੇ ਪੁਲਿਸ ਨੇ ਗੋਲੀ ਚਲਾਈ। ਕੋਟਕਪੂਰਾ ਵਿਖੇ ਦਰਜਨਾਂ ਸਿੰਘ ਜ਼ਖਮੀ ਹੋਏ ਅਤੇ ਬਹਿਬਲ ਕਲਾਂ ’ਚ ਪੁਲਿਸ ਫਾਇਰਿੰਗ ਦੌਰਾਨ ਦੋ ਧਰਨਾਕਾਰੀ ਗੁਰਜੀਤ ਸਿੰਘ ਅਤੇ ਕ੍ਰਿਸ਼ਨ ਭਗਵਾਨ ਸਿੰਘ ਮਾਰੇ ਗਏ। ਉਸ ਸਮੇਂ ਪ੍ਰਕਾਸ਼ ਸਿੰਘ ਬਾਦਲ ਸੂਬੇ ਦੇ ਮੁੱਖ ਮੰਤਰੀ, ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ ਤੇ ਗ੍ਰਹਿ ਮੰਤਰੀ ਅਤੇ ਸੁਮੇਧ ਸਿੰਘ ਸੈਣੀ ਪੁਲਿਸ ਮੁਖੀ ਸਨ। ਅਸਲ ਦੋਸ਼ੀਆਂ ਦੀ ਬਜਾਏ ਦੋ ਅੰਮ੍ਰਿਤਧਾਰੀ ਨੌਜਵਾਨਾਂ ਨੂੰ ਨਾਜਾਇਜ਼ ਗ੍ਰਿਫ਼ਤਾਰ ਕਰਨ ਨਾਲ ਮਾਮਲਾ ਭੜਕ ਗਿਆ। ਗੋਲੀਕਾਂਡ ਦੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਸੱਤ ਸਾਲ ਤੋਂ ਲਗਾਤਾਰ ਸਿੱਖ ਸੰਗਤ ਧਰਨੇ ਉੱਤੇ ਡੱਟੀ ਰਹੀ। ਇਸ ਦੌਰਾਨ ਦੋ ਜਾਂਚ ਕਮਿਸ਼ਨ ਵੀ ਰਿਪੋਰਟਾਂ ਪੇਸ਼ ਕਰ ਚੁੱਕੇ ਨੇ। ਮੌਜੂਦਾ ਚਾਰਜਸ਼ੀਟ ਕੋਟਕਪੂਰਾ ਮਾਮਲੇ ਨਾਲ ਸਬੰਧਿਤ ਹੈ। ਇਸ ਮਾਮਲੇ ਵਿਚ ਸਾਲ 2018 ਵਿਚ ਧਾਰਾ 307 ਅਧੀਨ ਕੋਟਕਪੂਰਾ ਦੇ ਪੁਲਿਸ ਸਟੇਸ਼ਨ ਵਿਖੇ ਕੇਸ ਦਰਜ ਕੀਤਾ ਗਿਆ ਸੀ। ਕੋਟਕਪੂਰਾ ਵਿਖੇ ਹੋਏ ਗੋਲੀਕਾਂਡ ਦੀ ਜਾਂਚ ਲਈ ਏ.ਡੀ.ਜੀ.ਪੀ. ਵਿਜੀਲੈਂਸ ਐੱਲ.ਕੇ. ਯਾਦਵ ਦੀ ਅਗਵਾਈ ਹੇਠ ਤਿੰਨ ਮੈਂਬਰੀ ਐੱਸ.ਆਈ.ਟੀ. ਦਾ ਗਠਨ 7 ਮਈ, 2023 ਨੂੰ ਹੋਇਆ ਸੀ। ਚਾਰਜਸ਼ੀਟ ਦਾਇਰ ਹੋਣ ’ਤੇ ਇਨਸਾਫ ਮੋਰਚੇ ਨੇ ਸੰਤੁਸ਼ਟੀ ਪ੍ਰਗਟ ਕਰਦੇ ਮੁੱਖ ਮੰਤਰੀ ਦਾ ਧੰਨਵਾਦ ਕੀਤਾ ਅਤੇ 4 ਮਾਰਚ ਨੂੰ ਸ਼ੁਕਰਾਨਾ ਸਮਾਗਮ ਕਰਕੇ ਧਰਨਾ ਸਮਾਪਤੀ ਦਾ ਫੈਸਲਾ ਲੈ ਲਿਆ। ਜਲਦੀ ਹੀ ਬਹਿਬਲ ਕਲਾਂ ਗੋਲੀਕਾਂਡ ਦੀ ਜਾਂਚ ਕਰ ਰਹੀ ਆਈ.ਜੀ. ਨੌਨਿਹਾਲ ਸਿੰਘ ਵਾਲੀ ਐੱਸ.ਆਈ.ਟੀ. ਵਲੋਂ ਵੀ ਚਾਰਜ਼ਸ਼ੀਟ ਦਾਖਲ ਕਰਨ ਦੀ ਸੰਭਾਵਨਾ ਹੈ, ਜਿਥੇ ਮਾਮਲਾ ਧਾਰਾ 302 ਤਹਿਤ ਦਰਜ ਹੈ।

### ਅਕਾਲੀ ਦਲ ਦਾ ਸੰਕਟ

ਪਿਛਲੇ 25 ਸਾਲਾਂ ਦੌਰਾਨ ਤਿੰਨ ਵਾਰ ਸੱਤਾ ’ਤੇ ਕਾਬਜ਼ ਰਹਿਣ ਵਾਲੀ ਪਾਰਟੀ ਆਪਣੀ ਹੋਂਦ ਬਚਾਉਣ ਲਈ ਸੰਘਰਸ਼ ਕਰ ਰਹੀ ਹੈ। ਸੁਖਬੀਰ ਬਾਦਲ ਵਲੋਂ ਪ੍ਰਧਾਨਗੀ ਬਚਾਉਣ ਲਈ ਲਿਆ ਹਰ ਫੈਸਲਾ ਪੁੱਠਾ ਪੈ ਰਿਹੈ। ਸੁਖਬੀਰ ਦੀ ਅਗਵਾਈ ਵਿਚ ਪਾਰਟੀ ਦੀਆਂ 2014 ਲੋਕ ਸਭਾ, 2017 ਵਿਧਾਨ ਸਭਾ, 2019 ਲੋਕ ਸਭਾ ਅਤੇ ਫਿਰ 2022 ਵਿਧਾਨ ਸਭਾ ਚੋਣਾਂ ਵਿਚ ਸ਼ਰਮਨਾਕ ਹਾਰਾਂ ਹੋਈਆਂ ਨੇ। 2022 ਵਿਧਾਨ ਸਭਾ ਚੋਣਾਂ ’ਚ ਕਰਾਰੀ ਹਾਰ ਪਿੱਛੋਂ ਸਿਖਰਲੀ ਲੀਡਰਸ਼ਿਪ ਦੀ ਤਿੱਖੀ ਆਲੋਚਨਾ ਹੋਈ। ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਵਿਚ ਤਾਂ ਪਾਰਟੀ ਦੀ ਜ਼ਮਾਨਤ ਵੀ ਜ਼ਬਤ ਹੋਈ। ਚੋਣ ਦੌਰਾਨ ਵੱਡੇ ਅਤੇ ਛੋਟੇ ਬਾਦਲ ਦੀਆਂ ਤਸਵੀਰਾਂ ਵੀ ਪੋਸਟਰਾਂ ਤੋਂ ਲਾਂਭੇ ਰੱਖੀਆਂ ਗਈਆਂ। ਪਾਰਟੀ ਦਾ ਬਾਦਲ ਪਰਿਵਾਰ ਦੇ ਪਾਰਟੀ ਅਤੇ ਸ਼੍ਰੋਮਣੀ ਕਮੇਟੀ ’ਤੇ ਕੰਟਰੋਲ, ਸਿਰਸਾ ਸਾਧ ਨੂੰ ਮੁਆਫੀ ਅਤੇ ਬੇਅਦਬੀ ਦੇ ਦੋਸ਼ੀਆਂ ਨੂੰ ਬਚਾਉਣ ਕਾਰਨ ਰਵਾਇਤੀ ਪੰਥਕ ਆਧਾਰ ਮੂੰਹ ਮੋੜ ਚੁੱਕੈ। ਖੇਤੀ ਕਾਨੂੰਨਾਂ ਨੂੰ ਸਹੀ ਦੱਸਣ ਨਾਲ ਕਿਸਾਨਾਂ ਦਾ ਗੁੱਸਾ ਸਹੇੜ ਕੇ ਪਾਰਟੀ ਸੂਬੇ ਦੀ ਰਾਜਨੀਤੀ ਦੇ ਹਾਸ਼ੀਏ ’ਤੇ ਪੁੱਜ ਚੁੱਕੀ ਹੈ। ਪਾਰਟੀ ਦਿੱਲੀ ਅਤੇ ਹਰਿਆਣਾ ਵਿਚ ਗੁਰਦੁਆਰਾ ਕਮੇਟੀਆਂ ਵੀ ਗਵਾ ਚੁੱਕੀ ਹੈ। 2022 ਚੋਣਾਂ ਵਿਚ ਕਰਾਰੀ ਹਾਰ ਦੀ ਸਮੀਖਿਆ ਲਈ ਬਣਾਈ ਇਕਬਾਲ ਸਿੰਘ ਝੂੰਦਾ ਕਮੇਟੀ ਰਿਪੋਰਟ ਵਿਚ ਸੀਨੀਅਰ ਲੀਡਰਸ਼ਿਪ ਬਦਲਣ ਅਤੇ ਪਾਰਟੀ ਦੇ ਪੁਨਰਗਠਨ ਦੇ ਸੁਝਾਅ ਆਏ। ਸੁਖਬੀਰ ਬਾਦਲ ਵਲੋਂ ਰਿਪੋਰਟ ਅਨੁਸਾਰ ਕਾਰਵਾਈ ਨਾ ਕਰਨ ’ਤੇ ਵਿਰੋਧੀ ਸੁਰਾਂ ਹੋਰ ਤਿੱਖੀਆਂ ਹੋਈਆਂ। ਸੁਖਬੀਰ ਨੇ ਪ੍ਰਧਾਨਗੀ ਬਚਾ ਕੇ ਜਥੇਬੰਦਕ ਢਾਂਚਾ ਭੰਗ ਕਰ ਦਿੱਤਾ ਅਤੇ ਜਥੇਬੰਦਕ ਚੋਣਾਂ ਨਵੰਬਰ ਤੱਕ ਪੂਰਾ ਕਰਨ ਦਾ ਭਰੋਸਾ ਦਿੱਤਾ ਸੀ, ਜੋ ਅੱਜ ਤੱਕ ਪੂਰਾ ਨਹੀਂ ਹੋਇਆ। ਸਗੋਂ ਢਾਂਚੇ ਦੇ ਪੁਨਰਗਠਨ ਰਾਹੀਂ ਸੁਖਬੀਰ ਬਾਦਲ ਨੇ ਸ਼ਿਕੰਜਾ ਹੋਰ ਵੀ ਕੱਸ ਲਿਐ। ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਚੋਣ ਸਮੇਂ ਬਾਦਲਾਂ ਦੀ ਪੱਕੀ ਵਫਾਦਾਰ ਬੀਬੀ ਜਗੀਰ ਕੌਰ ਦੀ ਬਗਾਵਤ ਨੇ ਤਾਂ ਪਾਰਟੀ ਦਾ ਲੱਕ ਹੀ ਤੋੜ ਦਿੱਤੈ। ਬੀਬੀ ਨੇ ਚੋਣ ਵਿਚ 42 ਮੈਂਬਰਾਂ ਦਾ ਸਮਰਥਨ ਜੁਟਾ ਕੇ ਵੱਡਾ ਚੈਲਿੰਜ ਦੇ ਦਿੱਤੈ। ਪਾਰਟੀ ਨੂੰ ਅਲਵਿਦਾ ਕਹਿ ਚੁੱਕੇ ਵੱਡੇ ਲੀਡਰ ਸੁਖਦੇਵ ਢੀਂਡਸਾ, ਪਰਮਿੰਦਰ ਢੀਂਡਸਾ, ਜਗਮੀਤ ਬਰਾੜ ਆਦਿ ਬਾਦਲਾਂ ਤੋਂ ਰਹਿਤ ਪਾਰਟੀ ਦੇ ਸਾਰੇ ਧੜਿਆਂ ਨੂੰ ਇਕੱਠਾ ਕਰਕੇ ਮੁੜ ਅਕਾਲੀ ਦਲ ਉਭਾਰਨ ਲਈ ਯਤਨਸ਼ੀਲ ਨੇ। ਅਕਾਲੀ ਦਲ ਅੰਦਰ ਵਿਧਾਇਕ ਮਨਪ੍ਰੀਤ ਇਯਾਲੀ, ਚਰਨਜੀਤ ਸਿੰਘ ਅਟਵਾਲ, ਪ੍ਰੇਮ ਸਿੰਘ ਚੰਦੂਮਾਜਰਾ, ਬਲਵਿੰਦ ਸਿੰਘ ਭੂੰਦੜ, ਸਿਕੰਦਰ ਮਲੂਕਾ ਆਦਿ ਲੀਡਰ ਦੱਬੀ ਆਵਾਜ਼ ਵਿਚ ਸਿਖਰਲੀ ਲੀਡਰਸ਼ਿਪ ਬਦਲਣ ਦੀ ਗੱਲ ਕਰਦੇ ਆ ਰਹੇ ਨੇ। ਹੁਣ ਬੇਅਦਬੀ ਅਤੇ ਫਾਇਰਿੰਗ ਦੇ ਮਾਮਲਿਆਂ ’ਚ ਸਿੱਧੇ ਨਾਮ ਆਉਣ ’ਤੇ ਬਾਦਲਾਂ ਦਾ ਖੁੱਲ੍ਹਾ ਵਿਰੋਧ ਹੋਣ ਦੇ ਵੱਡੇ ਆਸਾਰ ਨੇ। ਜਿਸ ਤਰ੍ਹਾਂ ਕਾਂਗਰਸ ਪਾਰਟੀ ਨੂੰ ਪਰਿਵਾਰਵਾਦ ਦੇ ਦੋਸ਼ਾਂ ਤੋਂ ਨਿਜ਼ਾਤ ਦਵਾਉਣ ਲਈ ਰਾਹੁਲ ਗਾਂਧੀ ਨੇ ਅਸਤੀਫਾ ਦੇ ਕੇ ਨਵੇਂ ਚੁਣੇ ਪ੍ਰਧਾਨ ਮਲਕਾਰਜੁਨ ਖੜਗੇ ਨੂੰ ਵਾਗਡੋਰ ਸੰਭਾਲੀ ਹੈ, ਉਸੇ ਤਰਜ਼ ’ਤੇ ਸੁਖਬੀਰ ਬਾਦਲ ਨੂੰ ਵੀ ਪਾਰਟੀ ਹਿੱਤ ਵਿਚ ਪ੍ਰਧਾਨਗੀ ਤੋਂ ਖੁਦ ਹੀ ਲਾਂਭੇ ਹੋ ਜਾਣਾ ਬਣਦੈ। ਬਾਦਲਾਂ ਦੇ ਪਾਰਟੀ ਅਤੇ ਸ਼੍ਰੋਮਣੀ ਕਮੇਟੀ ’ਤੇ ਸਿੱਧੇ ਕੰਟਰੋਲ, ਸਿਰਸਾ ਸਾਧ ਨੂੰ ਮੁਆਫੀ ਅਤੇ ਬੇਅਦਬੀ ਦੇ ਦੋਸ਼ੀਆਂ ਨੂੰ ਬਚਾਉਣ ਦੇ ਦੋਸ਼ਾਂ ਕਾਰਨ ਰਵਾਇਤੀ ਪੰਥਕ ਆਧਾਰ ਖਿਸਕ ਚੁੱਕੈ। ਖੇਤੀ ਕਾਨੂੰਨਾਂ ਨੂੰ ਸਹੀ ਦੱਸ ਕੇ ਕਿਸਾਨਾਂ ਦਾ ਗੁੱਸਾ ਵੀ ਸਹੇੜ ਬੈਠੀ ਹੈ। ਦਿੱਲੀ ਗੁਰਦੁਆਰਾ ਕਮੇਟੀ ਹੱਥੋਂ ਗਈ ਅਤੇ ਹਰਿਆਣਾ ਵਿਚ ਵੱਖਰੀ ਕਮੇਟੀ ਦਾ ਗਠਨ ਹੋ ਚੁੱਕੈ। ਬੀਬੀ ਜਗੀਰ ਕੌਰ ਦੀ ਬਗਾਵਤ ਨਾਲ ਵੱਡਾ ਝੱਟਕਾ ਲੱਗਿਐ। ਅੰਦਰਖਾਤੇ ਬਹੁਤੇ ਲੀਡਰ ਨਾਰਾਜ਼ ਨੇ ਅਤੇ ਸਹੀ ਸਮੇਂ ਦੀ ਤਲਾਸ਼ ਵਿਚ ਨੇ। ਅੰਦਰ ਸੁਖਬੀਰ ਧੜੇ ਵਿਚ ਸੂਬੇ ਦੇ ਵੱਡੇ ਮੁੱਦਿਆਂ ’ਤੇ ਪਹਿਰਾ ਦੇ ਕੇ ਪਾਰਟੀ ਨੂੰ ਮੌਜੂਦਾ ਸੰਕਟ ਵਿਚੋਂ ਉਭਾਰਨ ਦੇ ਸਮੱਰਥ ਦਖਾਈ ਨਹੀਂ ਦੇ ਰਿਹਾ। ਪ੍ਰੰਤੂ ਬੀਬੀ ਜਗੀਰ ਕੌਰ ਨੇ ਵੱਖ ਹੋਣ ਸਮੇਂ ਆਪਣਾ ਰਵਾਇਤੀ ਪੰਥਕ ਏਜੰਡਾ ਜ਼ਰੂਰ ਪੇਸ਼ ਕੀਤਾ ਸੀ। ਪਾਰਟੀ ਦੇ ਹਰ ਪੱਧਰ ’ਤੇ ਬੀਬੀ ਦੀ ਪੰਥਕ ਸੋਚ ਅਤੇ ਰਾਜਨੀਤਿਕ ਪਰਪੱਕਤਾ ਦੀ ਮਕਬੂਲੀਅਤ ਪਾਰਟੀ ਲਈ ਇਕੋ ਇੱਕ ਆਸ ਬਚਦੀ ਹੈ, ਜੋ ਸਾਰੇ ਧੜਿਆਂ ਨੂੰ ਨਾਲ ਲੈ ਕੇ ਬੇਮਿਸਾਲ ਕੁਰਬਾਨੀਆਂ ਵਾਲੀ ਪਾਰਟੀ ਨੂੰ ਮੁੜ ਉਭਾਰਨ ਦੀ ਸਮਰੱਥ ਦਿਖਾਈ ਦੰਦੀ ਹੈ। ਇਸ ਸਮੇਂ ਪੰਜਾਬ ਦੀ ਰਾਜਨੀਤੀ ਵਿਚ ਇਕ ਵੱਡਾ ਖਲਾਅ ਪੈਦਾ ਹੋ ਚੁੱਕੈ। ਬਦਲਾਅ ਦੀ ਹਨੇਰੀ ਨਾਲ ਆਈ ‘ਆਪ’ ਸਰਕਾਰ ਤੋਂ ਜਨਤਾ ਦਾ ਮੋਹ ਭੰਗ ਹੋ ਰਿਹੈ। ਹਮੇਸ਼ਾਂ ਪੰਜਾਬ ਦੇ ਮੁੱਦਿਆਂ ਅਤੇ ਹੱਕਾਂ ਲਈ ਸਫਲ ਮੋਰਚੇ ਲਗਾਉਣ ਵਾਲੀ ‘ਅਕਾਲੀ ਦਲ’ ਵਰਗੀ ਖੇਤਰੀ ਪਾਰਟੀ ਦੀ ਕਮੀ ਬੁਰੀ ਤਰ੍ਹਾਂ ਖਟਕਦੀ ਹੈ। ਹੁਣ ਦੂਜੀ ਸ਼੍ਰੇਣੀ ਦੀ ਅਕਾਲੀ ਲੀਡਰਸ਼ਿੱਪ ਅੱਗੇ ਪਾਰਟੀ ਨੂੰ ਹੋਂਦ ਦੇ ਗੰਭੀਰ ਸੰਕਟ ਵਿਚੋਂ ਉਭਾਰਨ ਦਾ ਵੱਡਾ ਚੈਲਿੰਜ ਆ ਖੜ੍ਹਾ ਹੋਇਐ। ਜੇਕਰ ਇਹ ਲੀਡਰ ਸੌ ਸਾਲ ਪੁਰਾਣੀ ਪਾਰਟੀ ਨੂੰ ਸੰਭਾਲਣ ਵਿਚ ਕੁਤਾਹੀ ਕਰਦੇ ਨੇ, ਤਾਂ ਪੰਜਾਬ ਦੀ ਜਨਤਾ ਪੱਲੇ ਨਿਮੋਸ਼ੀ ਪੈਣੀ ਤੈਅ ਹੈ।







# ਤਿੱਥ, ਤਾਰੀਖ ਅਤੇ ਪ੍ਰਵਿਸ਼ਟਾ


**ਸਰਵਜੀਤ ਸਿੰਘ**
ਸੈਕਰਾਮੈਂਟੋ
(Punjab Mail USA)




ਪੰਜਾਬੀ ਵਿਚ ਇਕ ਅਖਾਣ ਹੈ ਕਿ 'ਬਾਰਾਂ ਸਾਲਾਂ ਪਿਛੋਂ ਤਾਂ ਰੂੜੀ ਦੀ ਵੀ ਸੁਣੀ ਜਾਂਦੀ ਹੈ'; ਇਸ ਨੂੰ ਪਿਛਲੇ ਸਾਲ ਸੱਚ ਕਰ ਵਿਖਾਇਆ ਹੈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ। ਗੱਲ ਇਉਂ ਹੋਈ ਕਿ ਮੈਂ ਅਕਤੂਬਰ 2009 ਤੋਂ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖਤ ਸਾਹਿਬ ਨੂੰ ਕੈਲੰਡਰ ਸਬੰਧੀ ਪੱਤਰ ਲਿਖਦਾ ਆ ਰਿਹਾ ਹਾਂ। ਪਿਛਲੇ ਸਾਲ, 14 ਸਤੰਬਰ 2022 ਈ: (ਪੱਤਰ ਨੰਬਰ 38930) ਨੂੰ ਪਹਿਲੀ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਸਕੱਤਰ ਵੱਲੋਂ ਜਵਾਬ ਆਇਆ, ਜਿਸ ਵਿਚ ਉਹ ਲਿਖਦੇ ਹਨ, "ਆਪ ਜੀ ਵੱਲੋਂ ਪੁੱਜੀ ਈਮੇਲ ਪੱਤ੍ਰਿਕਾ ਰਾਹੀਂ ਮੰਗੀ ਗਈ ਜਾਣਕਾਰੀ ਦੇ ਸਬੰਧ ਵਿਚ ਮਾਣਯੋਗ ਪ੍ਰਧਾਨ ਸਾਹਿਬ ਗੁ: ਪ੍ਰ: ਕਮੇਟੀ ਵੱਲੋਂ ਹੋਏ ਆਦੇਸ਼ ਅਨੁਸਾਰ ਇਸ ਸਬੰਧੀ ਕੋਆਰਡੀਨੇਟਰ ਕੈਲੰਡਰ ਸਬ-ਕਮੇਟੀ ਪਾਸੋਂ ਰਾਏ ਪ੍ਰਾਪਤ ਕੀਤੀ ਗਈ ਹੈ। ਉਨ੍ਹਾਂ ਦੀ ਰਾਏ ਅਨੁਸਾਰ ਨਾਨਕਸ਼ਾਹੀ ਕੈਲੰਡਰ ਵਿਚ ਤਿੰਨ (ਸੂਰਜੀ, ਚੰਦ੍ਰਮਾ ਤੇ ਅੰਗਰੇਜ਼ੀ) ਤਰ੍ਹਾਂ ਦੀਆਂ ਤਾਰੀਖਾਂ ਦੀ ਵਰਤੋਂ ਕੀਤੀ ਗਈ ਹੈ"।

## ਆਓ ਇਨ੍ਹਾਂ ਤਿੰਨ ਤਰ੍ਹਾਂ ਦੀਆਂ ਤਾਰੀਖਾਂ ਬਾਰੇ ਜਾਣਕਾਰੀ ਸਾਂਝੀ ਕਰੀਏ।

**ਤਿੱਥ**:- ਚੰਦ ਧਰਤੀ ਦੇ ਦੁਵਾਲੇ ਚੱਕਰ ਲਾਉਂਦਾ ਹੈ। ਇਹ ਚੱਕਰ, ਜਿਸ ਨੂੰ ਚੰਦ ਦਾ ਮਹੀਨਾ ਮੰਨਿਆ ਜਾਂਦਾ ਹੈ, 29.53 ਸੂਰਜੀ ਦਿਨਾਂ ਵਿਚ ਪੂਰਾ ਹੁੰਦਾ ਹੈ। ਇਸ ਸਮੇਂ ਦੌਰਾਨ ਚੰਦ ਦੀਆਂ 30 ਤਿੱਥਾਂ ਹੁੰਦੀਆਂ ਹਨ। ਚੰਦ ਦੀ ਇੱਕ ਤਿੱਥ 12% ਦੇ ਬਰਾਬਰ ਹੁੰਦੀ ਹੈ। ਚੰਦ ਦੀ ਧਰਤੀ ਤੋਂ ਦੂਰੀ ਵੱਧਦੀ-ਘੱਟਦੀ ਰਹਿੰਦੀ ਹੈ, ਇਸ ਕਾਰਨ ਚੰਦ ਨੂੰ 12% ਦਾ ਸਫਰ ਤਹਿ ਕਰਨ ਦਾ ਸਮਾਂ ਵੀ ਵੱਧਦਾ ਘੱਟਦਾ ਰਹਿੰਦਾ ਹੈ। ਇਹ ਲਗਭਗ 20.5 ਤੋਂ 26.5 ਘੰਟੇ ਦੇ ਦਰਮਿਆਨ ਹੁੰਦਾ ਹੈ। ਸੂਰਜ ਚੜ੍ਹਨ ਵੇਲੇ ਦੀ ਤਿੱਥ, ਉਸ ਦਿਨ ਦੀ ਤਿੱਥ ਗਿਣੀ ਜਾਂਦੀ ਹੈ। ਇਹ ਹੀ ਕਾਰਨ ਹੈ ਇਕ ਸੂਰਜੀ ਦਿਨ ਵਿਚ ਦੋ ਤਿੱਥਾਂ ਜਿਵੇਂ 21 ਫਰਵਰੀ 2023 ਈ: ਨੂੰ (ਫੱਗਣ ਸੁਦੀ ਏਕਮ ਅਤੇ ਦੂਜ) ਇਕ ਦਿਨ ਹੀ ਸਨ, ਅਤੇ ਦੋ ਸੂਰਜੀ ਦਿਨਾਂ ਵਿਚ ਚੰਦ ਦੀ ਇਕ ਤਿੱਥ, (2 ਅਤੇ 3 ਮਾਰਚ ਨੂੰ ਫੱਗਣ ਸੁਦੀ ਇਕਾਦਸ਼ੀ) ਅਕਸਰ ਹੀ ਆ ਜਾਂਦੀਆਂ ਹਨ। ਸਿੱਖ ਇਤਿਹਾਸ ਦੇ ਕਈ ਦਿਹਾੜੇ ਇਸ ਅਨੁਸਾਰ ਦਰਜ ਹਨ, ਜਿਵੇਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ, ਪੋਹ ਸੁਦੀ 7 ਸੰਮਤ 1723 ਬਿਕ੍ਰਮੀ। ਚੰਦ ਦੇ ਸਾਧਾਰਨ ਸਾਲ ਵਿਚ 354 ਦਿਨ ਹੁੰਦੇ ਹਨ। 19 ਸਾਲਾਂ ਵਿਚ 7 ਸਾਲ ਅਜਿਹੇ ਹੁੰਦੇ ਹਨ, ਜਿਨ੍ਹਾਂ ਵਿਚ ਚੰਦ ਦੇ ਸਾਲ ਵਿਚ 384 ਦਿਨ ਹੁੰਦੇ ਹਨ।

**ਤਾਰੀਖ**:- ਅੰਗਰੇਜ਼ੀ ਕੈਲੰਡਰ ਦੇ ਦਿਨਾਂ ਦੀ ਗਿਣਤੀ ਤਾਰੀਖ਼ਾਂ ਵਿਚ ਕੀਤੀ ਜਾਂਦੀ ਹੈ। ਅੰਗਰੇਜ਼ਾਂ ਦੇ ਆਉਣ ਤੋਂ ਪਿਛੋਂ, ਬਿਕ੍ਰਮੀ ਕੈਲੰਡਰ ਦੀਆਂ ਤਾਰੀਖਾਂ (ਤਿੱਥਾਂ ਅਤੇ ਪ੍ਰਵਿਸ਼ਟੇ) ਨੂੰ ਅੰਗਰੇਜ਼ੀ ਤਾਰੀਖ਼ਾਂ ਵਿਚ ਲਿਖਣ ਦਾ ਰਿਵਾਜ਼ ਚੱਲ ਪਿਆ ਸੀ। ਜਿਵੇਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ 22 ਦਸੰਬਰ 1666 ਈ: ਜੂਲੀਅਨ। ਜੂਲੀਅਨ ਸਾਲ ਦੀ ਲੰਬਾਈ 365.25 ਦਿਨ ਸੀ। ਅਕਤੂਬਰ 1582 ਈ: ਵਿਚ ਇਸ ਕੈਲੰਡਰ ਵਿਚ ਸੋਧ ਕੀਤੀ ਗਈ ਸੀ ਅਤੇ ਸਾਲ ਦੀ ਲੰਬਾਈ 365.2425 ਦਿਨ ਮੰਨ ਲਈ ਗਈ। ਇੰਗਲੈਂਡ ਨੇ ਇਸ ਸੋਧ ਨੂੰ ਸਤੰਬਰ 1752 ਈ: ਵਿਚ ਮਾਨਤਾ ਦਿੱਤੀ ਸੀ।

**ਪ੍ਰਵਿਸ਼ਟਾ**:- ਸੂਰਜੀ ਬਿਕ੍ਰਮੀ ਕੈਲੰਡਰ ਦੇ ਦਿਨਾਂ ਦੀ ਗਿਣਤੀ ਪ੍ਰਵਿਸ਼ਟਿਆਂ ਵਿਚ ਕੀਤੀ ਜਾਂਦੀ ਹੈ। ਜਿਵੇਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ 23 ਪੋਹ ਸੰਮਤ 1723 ਬਿਕ੍ਰਮੀ। ਗੁਰੂ ਕਾਲ ਵੇਲੇ ਬਿਕ੍ਰਮੀ ਕੈਲੰਡਰ (ਸੂਰਜੀ ਸਿਧਾਂਤ) ਦੇ ਸਾਲ ਦੀ ਲੰਬਾਈ 365.2587 ਦਿਨ ਸੀ 1964 ਈ: ਵਿਚ ਹਿੰਦੂ ਵਿਦਵਾਨਾਂ ਵਾਲੇ ਕੀਤੀ ਗਈ ਸੋਧ ਮੁਤਾਬਕ ਇਸ ਸਾਲ ਦੀ ਲੰਬਾਈ 365.2563 ਦਿਨ ਮੰਨ ਲਈ ਗਈ ਸੀ। ਹੁਣ ਇਸ ਨੂੰ ਦ੍ਰਿਕ ਗਣਿਤ ਸਿਧਾਂਤ ਕਹਿੰਦੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਛਾਪੇ ਜਾਂਦੇ ਕੈਲੰਡਰ ਵਿਚ ਤਿੰਨ ਵੱਖ-ਵੱਖ ਕੈਲੰਡਰਾਂ ਮੁਤਾਬਕ ਤਾਰੀਖਾਂ ਨਿਰਧਾਰਿਤ ਕੀਤੀਆਂ ਜਾਂਦੀਆਂ ਹਨ ਪਰ ਦਰਜ ਪ੍ਰਵਿਸ਼ਟਿਆਂ ਵਿਚ ਹੀ ਕੀਤੀਆਂ ਜਾਂਦੀਆਂ ਹਨ। ਇਹ ਹੀ ਕਾਰਨ ਹੈ ਕਿ ਹਰ ਸਾਲ ਚੰਦ ਮੁਤਾਬਕ ਨਿਰਧਾਰਤ ਕੀਤੀਆਂ ਤਾਰੀਖਾਂ ਤਾਂ ਬਦਲਣੀਆਂ ਹੀ ਹਨ, ਸੂਰਜੀ ਕੈਲੰਡਰਾਂ ਦੇ ਪ੍ਰਵਿਸ਼ਟੇ ਅਤੇ ਤਾਰੀਖਾਂ ਵੀ ਬਦਲ ਜਾਂਦੀਆਂ ਹਨ। ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਦੋ ਬੇੜੀਆਂ ਦਾ ਸਵਾਰ ਪਾਰ ਨਹੀਂ ਲੱਗਦਾ। ਸ਼੍ਰੋਮਣੀ ਕਮੇਟੀ ਤਾਂ ਆਪ ਮੰਨਦੀ ਹੈ ਕਿ ਉਹ ਤਿੰਨ ਬੇੜੀਆਂ ਦੀ ਸਵਾਰ ਹੈ।

| ਸੰਮਤ | ਸਾਕਾ ਨਨਕਾਣਾ ਸਾਹਿਬ | | ਜੈਤੋ ਦਾ ਮੋਰਚਾ | |
|---|---|---|---|---|
| | ਪ੍ਰਵਿਸ਼ਟਾ | ਤਾਰੀਖ | ਪ੍ਰਵਿਸ਼ਟਾ | ਤਾਰੀਖ |
| 546 | 9 ਫੱਗਣ | 21 ਫਰਵਰੀ | 9 ਫੱਗਣ | 21 ਫਰਵਰੀ |
| 547 | 9 ਫੱਗਣ | 21 ਫਰਵਰੀ | 9 ਫੱਗਣ | 21 ਫਰਵਰੀ |
| 548 | 10 ਫੱਗਣ | 21 ਫਰਵਰੀ | 10 ਫੱਗਣ | 21 ਫਰਵਰੀ |
| 549 | 10 ਫੱਗਣ | 21 ਫਰਵਰੀ | 10 ਫੱਗਣ | 21 ਫਰਵਰੀ |
| 550 | 10 ਫੱਗਣ | 22 ਫਰਵਰੀ | 10 ਫੱਗਣ | 22 ਫਰਵਰੀ |
| 551 | 9 ਫੱਗਣ | 21 ਫਰਵਰੀ | 9 ਫੱਗਣ | 21 ਫਰਵਰੀ |
| 552 | 10 ਫੱਗਣ | 21 ਫਰਵਰੀ | 10 ਫੱਗਣ | 21 ਫਰਵਰੀ |
| 553 | 10 ਫੱਗਣ | 21 ਫਰਵਰੀ | 10 ਫੱਗਣ | 21 ਫਰਵਰੀ |
| 554 | 9 ਫੱਗਣ | 21 ਫਰਵਰੀ | 9 ਫੱਗਣ | 21 ਫਰਵਰੀ |
| 555 | 9 ਫੱਗਣ | 21 ਫਰਵਰੀ | 9 ਫੱਗਣ | 21 ਫਰਵਰੀ |

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਸੰਮਤ 555, ਦੇ ਨਾਮ ਹੇਠ ਛਾਪੇ ਗਏ ਕੈਲੰਡਰ ਨੂੰ ਇਸ ਸਾਲ ਆ ਰਹੀਆਂ ਤਿੰਨ ਸ਼ਤਾਬਦੀਆਂ ਨੂੰ ਸਮਰਪਿਤ ਕੀਤਾ ਗਿਆ ਹੈ। ਇਨ੍ਹਾਂ 'ਚ ਇਕ ਹੈ ਸ. ਜੱਸਾ ਸਿੰਘ ਰਾਮਗੜ੍ਹੀਆ ਦੀ ਤੀਜੀ ਜਨਮ ਸ਼ਤਾਬਦੀ। ਕੈਲੰਡਰ ਵਿਚ ਇਹ ਦਿਹਾੜਾ 5 ਮਈ (22 ਵੈਸਾਖ) ਦਾ ਦਰਜ ਹੈ। ਵੱਖ-ਵੱਖ ਵਸੀਲਿਆਂ ਤੋਂ ਮਿਲੀ ਜਾਣਕਾਰੀ ਮੁਤਾਬਕ ਸ. ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ 5 ਮਈ, 1723 ਈ: (ਜੂਲੀਅਨ) ਨੂੰ ਹੋਇਆ ਸੀ। ਹੁਣ ਸ਼੍ਰੋਮਣੀ ਕਮੇਟੀ ਵੀ ਇਸੇ ਤਾਰੀਖ ਮੁਤਾਬਕ ਭਾਵ 5 ਮਈ ਨੂੰ, ਅੰਗਰੇਜ਼ੀ ਤਾਰੀਖ ਮੁਤਾਬਕ ਹੀ ਤੀਜੀ ਜਨਮ ਸ਼ਤਾਬਦੀ ਮਨਾ ਰਹੀ ਹੈ। ਇਹ ਘੋੜੇ ਚੜ੍ਹੀ ਸੱਚਾਈ ਹੈ ਕਿ ਜੂਲੀਅਨ ਕੈਲੰਡਰ ਕਦੇ ਵੀ ਆਪਣੇ ਦੇਸ਼ ਵਿਚ ਲਾਗੂ ਨਹੀਂ ਹੋਇਆ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਿਹੜਾ ਕੈਲੰਡਰ ਕਦੇ ਲਾਗੂ ਹੀ ਨਹੀਂ ਹੋਇਆ, ਉਸ ਵਿਚ ਇਤਿਹਾਸ ਕਿਵੇਂ ਲਿਖਿਆ ਜਾ ਸਕਦਾ ਹੈ? ਜਦੋਂ 5 ਮਈ 1723 ਈ: ਜੂਲੀਅਨ ਨੂੰ, ਆਪਣੇ ਖਿੱਤੇ ਵਿਚ ਲਾਗੂ ਕੈਲੰਡਰ ਵਿਚ ਵੇਖੀਏ, ਤਾਂ ਇਹ 7 ਜੇਠ ਸੰਮਤ 1780 ਬਿਕ੍ਰਮੀ ਬਣਦੀ ਹੈ। ਸ਼੍ਰੋਮਣੀ ਕਮੇਟੀ ਦੇ ਕੈਲੰਡਰ ਮੁਤਾਬਕ ਇਸ ਸਾਲ 7 ਜੇਠ, 21 ਮਈ ਨੂੰ ਆਉਂਦੀ ਹੈ। ਪਰ ਸ਼੍ਰੋਮਣੀ ਕਮੇਟੀ ਇਹ ਦਿਹਾੜਾ 5 ਮਈ ਨੂੰ ਮਨਾ ਰਹੀ ਹੈ। ਦੂਜੇ ਪਾਸੇ, ਸ਼੍ਰੋਮਣੀ ਕਮੇਟੀ ਜੱਸਾ ਸਿੰਘ ਆਹਲੂਵਾਲੀਆਂ ਦਾ ਜਨਮ ਦਿਹਾੜਾ ਪ੍ਰਵਿਸ਼ਟਿਆਂ ਮੁਤਾਬਕ ਹਰ ਸਾਲ 5 ਜੇਠ ਨੂੰ ਹੀ ਮਨਾਉਂਦੀ ਹੈ। ਯਾਦ ਰਹੇ ਸ. ਜੱਸਾ ਸਿੰਘ ਆਹਲੂਵਾਲੀਆਂ ਦਾ ਜਨਮ 5 ਜੇਠ ਸੰਮਤ 1775 ਬਿਕ੍ਰਮੀ ਨੂੰ ਹੋਇਆ ਸੀ। ਜੇ ਇਸ ਦਿਨ ਦੀ ਜੂਲੀਅਨ ਤਾਰੀਖ ਵੇਖੀਏ, ਤਾਂ ਇਹ 3 ਮਈ, 1718 ਈ: ਬਣਦੀ ਹੈ। ਪਰ ਸ਼੍ਰੋਮਣੀ ਕਮੇਟੀ ਇਹ ਦਿਹਾੜਾ 3 ਮਈ ਨੂੰ ਨਹੀਂ, ਹਰ ਸਾਲ 5 ਜੇਠ ਨੂੰ ਮਨਾਉਂਦੀ ਹੈ। ਅਕਾਲੀ ਫੂਲਾ ਸਿੰਘ ਦਾ ਸ਼ਹੀਦੀ ਦਿਹਾੜਾ 14 ਮਾਰਚ /1 ਚੇਤ ਨੂੰ ਮਨਾ ਰਹੀ ਹੈ, ਜਦੋਂਕਿ ਉਨ੍ਹਾਂ ਦੀ ਸ਼ਹੀਦੀ 3 ਚੇਤ ਨੂੰ ਹੋਈ ਸੀ। ਸਾਕਾ ਨਨਕਾਣਾ ਸਾਹਿਬ 9 ਫੱਗਣ/21 ਫਰਵਰੀ ਦਾ ਦਰਜ ਹੈ। ਨਾ ਤਾਂ ਉਸ ਦਿਨ 9 ਫੱਗਣ ਸੀ ਅਤੇ ਨਾ ਹੀ 21 ਫਰਵਰੀ, ਇਹ ਸਾਕਾ ਤਾਂ 10 ਫੱਗਣ ਮੁਤਾਬਕ 20 ਫਰਵਰੀ ਨੂੰ ਵਾਪਰਿਆ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕੀ ਮਜਬੂਰੀ ਹੈ ਕਿ ਉਹ ਸ. ਜੱਸਾ ਸਿੰਘ ਆਹਲੂਵਾਲੀਆਂ ਦਾ ਜਨਮ ਦਿਹਾੜਾ ਤਾਂ ਪ੍ਰਵਿਸ਼ਟੀਆਂ ਮੁਤਾਬਕ ਮਨਾਉਂਦੀ ਹੈ ਪਰ ਸ. ਜੱਸਾ ਸਿੰਘ ਰਾਮਗੜ੍ਹੀਏ ਦਾ ਜਨਮ ਦਿਹਾੜਾ ਅੰਗਰੇਜ਼ੀ ਤਾਰੀਖ ਮੁਤਾਬਕ? ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਤਿੱਥ (ਵਦੀ-ਸੁਦੀ) ਮੁਤਾਬਕ, ਪਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਪ੍ਰਵਿਸ਼ਟਿਆਂ ਮੁਤਾਬਕ? ਗੁਰੂ ਗ੍ਰੰਥ ਸਾਹਿਬ ਦੀ ਦਾ ਸੰਪੂਰਨਤਾ ਦਿਵਸ ਪ੍ਰਵਿਸ਼ਟਿਆਂ ਮੁਤਾਬਕ ਅਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਹਾੜਾ ਵਦੀ-ਸੁਦੀ (ਤਿੱਥ) ਮੁਤਾਬਕ? ਹੋਲਾ-ਮਹਲਾ ਵਦੀ-ਸੁਦੀ ਮੁਤਾਬਕ ਅਤੇ ਵੈਸਾਖੀ ਪ੍ਰਵਿਸ਼ਟਿਆਂ ਮੁਤਾਬਕ? ਬਾਬਾ ਬੰਦਾ ਬਹਾਦਰ ਜੀ ਵੱਲੋਂ ਸਰਹਿੰਦ ਤੇ ਫ਼ਤਿਹ ਦਿਵਸ ਤਾਰੀਖਾਂ ਮੁਤਾਬਕ ਅਤੇ ਬਾਬਾ ਬੰਦਾ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਪ੍ਰਵਿਸ਼ਟਿਆਂ ਮੁਤਾਬਕ?

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਸ਼੍ਰੋਮਣੀ ਕਮੇਟੀ, ਸਾਰੇ ਦਿਹਾੜੇ ਆਪਣੇ ਕੈਲੰਡਰ ਮੁਤਾਬਕ ਭਾਵ ਪ੍ਰਵਿਸ਼ਟਿਆਂ ਮੁਤਾਬਕ ਹੀ ਕਿਉਂ ਨਹੀਂ ਮਨਾਉਂਦੀ? ਕੀ ਸ਼੍ਰੋਮਣੀ ਕਮੇਟੀ ਨੂੰ ਖ਼ੁਦ ਜਾਂ ਉਸ ਦੇ ਸਲਾਹਕਾਰਾਂ ਨੂੰ ਇਹ ਸੋਝੀ ਨਹੀਂ ਹੈ ਜਾਂ ਕਿਸੇ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਜਾਣਬੁੱਝ ਕੇ ਭੰਬਲਭੂਸਾ ਪੈਦਾ ਕਰ ਰਹੀ ਹੈ?




# ਨੌਜਵਾਨੀ ਦਾ ਵਿਦੇਸ਼ ਜਾਣਾ ਮਜਬੂਰੀ ਜਾਂ ਬੇਰੁਜ਼ਗਾਰੀ



-ਜਸਵੰਤ ਸਿੰਘ ਜੋਗਾ
ਫੋਨ : 62396-43306
(Punjab Mail USA)



ਪਹਿਲਾਂ ਕੋਈ ਵਿਰਲਾ ਹੀ ਸੀ, ਜੋ ਪਿੰਡ 'ਚੋਂ ਬਾਹਰ ਵਿਦੇਸ਼ ਜਾਂਦਾ ਸੀ। ਪਹਿਲਾਂ-ਪਹਿਲ ਇੰਨਾ ਕੁ ਦੌੜ ਜ਼ਰੂਰ ਸੀ ਕਿ ਜਿਸ ਪਰਿਵਾਰ ਦਾ ਕੋਈ ਜੀਅ ਬਾਹਰ ਸੀ, ਉਹ ਆਪਣੇ ਸਕੇ-ਸੰਬੰਧੀਆਂ ਦਾ ਵੀਜ਼ਾ ਲਗਵਾ ਕੇ ਆਪਣੇ ਕੋਲ ਸੱਦ ਲੈਂਦੇ ਸੀ। ਹੁਣ ਇਸ ਗੀਤ ਅਨੁਸਾਰ ਬਹੁਤ ਨੌਜਵਾਨੀ ਬਾਹਰ ਜਾ ਰਹੀ ਹੈ ਪਰ ਹੁਣ ਇਸ ਦੇ ਬਹੁਤ ਸਾਰੇ ਕਾਰਨ ਹੋਰ ਵੀ ਉਪਜ ਗਏ ਹਨ। ਜਿਵੇਂ ਵਿਦੇਸ਼ਾਂ ਵਿਚ ਰਹਿ ਕੇ ਹਰ ਕੋਈ ਆਪਣੇ ਆਪ ਨੂੰ ਸੁਰੱਖਿਅਤ ਸਮਝਦਾ ਹੈ। ਇੱਥੇ ਪਤਾ ਨਹੀਂ ਕਦੋਂ ਤੇ ਕਿੱਥੇ ਰੋਕ ਕੇ ਮੋਟਰਸਾਇਕਲ ਵਾਲਿਆਂ ਨੇ ਵੱਢ-ਟੁੱਕ ਕਰਕੇ ਚਲੇ ਜਾਣਾ ਹੈ। ਪਰ ਜੇ ਦੇਖਿਆ ਜਾਵੇ, ਤਾਂ ਗੁੰਡਾਗਰਦੀ ਵਿਦੇਸ਼ਾਂ ਵਿਚ ਵੀ ਘੱਟ ਨਹੀਂ। ਵਿਦੇਸ਼ਾਂ ਵਿਚ ਰਾਜਨੀਤਿਕ ਲੋਕਾਂ ਦੀ ਦਖਲ-ਅੰਦਾਜ਼ੀ ਬਹੁਤ ਘੱਟ ਹੈ। ਵਿਦੇਸ਼ਾਂ ਵਿਚ ਵਾਤਾਵਰਨ ਬਹੁਤ ਵਧੀਆ ਹੈ। ਲੋਕ ਵੀ ਆਪਣੀ ਜ਼ਿੰਮੇਵਾਰੀ ਸਮਝਦੇ ਹਨ। ਇੱਥੇ ਜ਼ਿੰਮੇਵਾਰੀ ਨੂੰ ਕੋਈ ਸਮਝਦਾ ਹੀ ਨਹੀਂ, ਚੰਡੀਗੜ੍ਹ ਜਾ ਕੇ ਭਾਵੇਂ ਕੁਝ ਨਿਯਮ ਸਿੱਖ ਲੈਣ ਪਰ ਚੰਡੀਗੜ੍ਹ ਤੋਂ ਬਾਹਰ ਫੇਰ ਉਹੀ ਮਾਇਆਜਾਲ ਜਾਰੀ ਰਹਿੰਦਾ। ਵਿਦੇਸ਼ਾਂ ਵਿਚ ਮੁਫ਼ਤ ਦੀਆਂ ਸਹੂਲਤਾਂ ਦੇ ਕੇ ਲੋਕਾਂ ਤੋਂ ਵੋਟਾਂ ਨਹੀਂ ਲਈਆਂ ਜਾਂਦੀਆਂ। ਜਿਵੇਂ ਕਿ ਸਾਡੇ ਮੁਫਤਖੋਰੀ ਨੇ ਨੌਜਵਾਨੀ ਦਾ ਘਾਣ ਕਰ ਛੱਡਿਆ। ਵਿਦੇਸ਼ਾਂ ਵਿਚ ਆਵਾਜਾਈ ਦੇ ਨਿਯਮ ਹਨ। ਲੋਕ ਉਸ ਨੂੰ ਫਾਲੋ ਕਰਦੇ ਹਨ। ਜੇ ਕੋਈ ਗਲਤੀ ਕਰਦਾ ਹੈ, ਤਾਂ ਸਭ ਨਾਲ ਇੱਕੋ ਜਿਹਾ ਵਰਤਾਰਾ ਕੀਤਾ ਜਾਂਦਾ ਹੈ, ਭਾਵੇਂ ਓਹ ਐੱਮ.ਪੀ., ਐੱਮ.ਐੱਲ.ਏ. ਹੈ ਜਾਂ ਆਮ ਨਾਗਰਿਕ ਕਿਉਂ ਨਾ ਹੋਵੇ। ਐਥੇ ਇੱਕ ਐੱਮ.ਐੱਲ.ਏ. ਲੰਘਾਉਣ ਲਈ ਘੰਟਿਆਂਬੱਧੀ ਆਮ ਲੋਕ ਖੱਜਲ ਹੁੰਦੇ ਰਹਿੰਦੇ ਨੇ। ਲੜਕੀਆਂ ਵੀ ਪੂਰੀ ਤਰ੍ਹਾਂ ਸੁਰੱਖਿਅਤ ਹਨ ਪਰ ਹਰੇਕ ਲੜਕੀ 'ਤੇ ਨਿਰਭਰ ਕਰਦਾ ਹੈ, ਉਸ ਨੇ ਕਿਸ ਤਰ੍ਹਾਂ ਰਹਿਣਾ ਹੈ। ਵਿਦੇਸ਼ਾਂ ਵਿਚ ਥਾਂ-ਥਾਂ ਪੁਲਿਸ ਵੱਲੋਂ ਨਾਕੇ ਲਾਕੇ ਲੋਕਾਂ ਨੂੰ ਪ੍ਰੇਸ਼ਾਨ ਨਹੀਂ ਕੀਤਾ ਜਾਂਦਾਂ। ਵਿਦੇਸ਼ਾਂ ਵਿਚ ਜਾਤੀਵਾਦ ਭਾਸ਼ਾਵਾਦ ਨਹੀਂ, ਸਾਡੇ ਦੇਸ਼ ਵਿਚ ਇਹ ਹੀ ਲੜਾਈਆਂ ਨਹੀਂ ਮੁੱਕਦੀਆਂ। ਰਾਜਨੀਤਿਕ ਲੋਕ ਆਪਣੇ ਦੇਸ਼ ਨੂੰ ਸਮਰਪਿਤ ਹਨ। ਸਾਡੇ ਰਾਜਨੀਤਿਕ ਲੋਕ ਆਪਣੇ ਘਰ ਭਰਦੇ ਹਨ। ਪਰ ਅਸੀਂ ਕਹਿੰਦੇ ਹਾਂ ਕਿ ਸਾਡਾ ਦੇਸ਼ ਆਜ਼ਾਦ ਹੈ। ਅੱਜ ਵੀ ਗੋਰਿਆਂ ਦੇ ਕੀਤੇ ਵਿਕਾਸ ਨੂੰ ਯਾਦ ਕੀਤਾ ਜਾਂਦਾ ਹੈ ਪਰ ਸਾਡੇ ਕਾਲਿਆਂ ਨੇ ਦੇਸ਼ ਨੂੰ ਉਨ੍ਹਾਂ ਤੋਂ ਜ਼ਿਆਦਾ ਲੁੱਟਿਆ ਹੈ। ਅੱਜ ਅਸੀਂ ਲੱਖਾਂ ਰੁਪਏ ਖਰਚ ਕਰਕੇ ਉਨ੍ਹਾਂ ਗੋਰਿਆਂ ਕੋਲ ਕਿਉਂ ਜਾ ਰਹੇ ਹਾਂ, ਇੱਕ ਸੋਚਣ ਦੀ ਗੱਲ ਹੈ। ਵਿਦੇਸ਼ਾਂ ਵਿਚ ਲੋਕਤੰਤਰ ਵਿਕਾਊ ਨਹੀਂ ਹੈ ਪਰ ਸਾਡੇ ਦੇਸ਼ ਵਿਚ ਲੋਕਤੰਤਰ ਵੋਟਾਂ ਵਾਲੇ ਦਿਨ ਗਲ਼ੀਆਂ ਵਿਚ ਮੁੱਲ ਮਿਲਦਾ ਹੈ, ਖਰੀਦਣ ਵਾਲੇ ਵੋਟ ਦੀ ਬੋਲੀ ਲਾਉਂਦੇ ਹਨ। ਵਿਦੇਸ਼ਾਂ ਵਿਚ ਮਜ਼ਦੂਰ ਨੂੰ ਉਸ ਦੀ ਮਜ਼ਦੂਰੀ ਦਾ ਪੂਰਾ ਹੱਕ ਮਿਲਦਾ ਹੈ ਪਰ ਸਾਡੇ ਦੇਸ਼ ਵਿਚ ਮਜ਼ਦੂਰ ਨੂੰ ਉਸਦਾ ਪੂਰਾ ਮਿਹਨਤਾਨਾ ਨਹੀਂ ਮਿਲਦਾ, ਜਿਸ ਕਾਰਨ ਲੋਕ ਵਿਦੇਸ਼ਾਂ ਵਿਚ ਜਾ ਕੇ ਮਜ਼ਦੂਰੀ ਕਰਨਾ ਵੀ ਪਸੰਦ ਕਰਦੇ ਹਨ। ਕੁਝ ਹੱਦ ਤੱਕ ਇਸਦਾ ਕਾਰਨ ਨੌਜਵਾਨੀ ਵਿਚ ਨਿਰਾਸ਼ਤਾ ਹੈ। ਉਹ ਸਰਕਾਰੀ ਨੌਕਰੀ ਦੇ ਕਾਬਲ ਹੋਣ ਦੇ ਬਾਵਜੂਦ ਵੀ ਸਮਝਣ ਲੱਗੀ ਹੈ ਕਿ ਉਸਦਾ ਅਗਲਾ ਪਰਿਵਾਰਕ ਜੀਵਨ ਸੁਖਾਲਾ ਨਹੀਂ ਹੋਵੇਗਾ। ਪੜ੍ਹੀ-ਲਿਖੀ ਬੇਰੁਜ਼ਗਾਰੀ ਹਰ ਮੋੜ, ਚੁਰਾਹੇ 'ਤੇ ਕਹਿੰਦੀ ਮਿਲ ਜਾਵੇਗੀ, ਕੀ ਰੱਖਿਆ ਐਥੇ, ਬਾਹਰ ਜਾ ਬਾਹਰ। ਕਿਸਾਨ ਵਰਗ ਆਪਣੇ ਖੇਤੀ ਧੰਦੇ ਨੂੰ ਹੁਣ ਬਹੁਤਾ ਕਮਾਈ ਦਾ ਸਾਧਨ ਨਹੀਂ ਸਮਝਦਾ। ਇਸੇ ਕਾਰਨ ਉਹ ਆਪਣੇ ਧੀ-ਪੁੱਤ ਨੂੰ ਪੁੱਠੇ-ਸਿੱਧੇ ਤਰੀਕੇ ਨਾਲ ਵਿਦੇਸ਼ ਸੈੱਟ ਕਰਨਾ ਹੀ ਆਪਣਾ ਸਹੀ ਤਰੀਕਾ ਸਮਝਦਾ। ਵਿਦੇਸ਼ ਜਾਣ ਦੇ ਦੋਵੇਂ ਪੱਖ ਵਾਚਣੇ ਬਹੁਤ ਜ਼ਰੂਰੀ ਨੇ ਕਿ ਜੇ ਜਵਾਨੀ ਕੁਝ ਆਪਣੇ ਆਪ ਨੂੰ ਨਿਖਾਰਨਾ ਚਾਹੁੰਦੀ ਹੈ, ਤਾਂ ਜੀਅ ਸੱਦਕੇ ਜਾਵੇ ਪਰ ਇਹ ਕਹਿ ਕਿ ਪੰਜਾਬ ਛੱਡ ਰਹੀ ਆ ਕਿ ਇੱਥੇ ਮਾਹੌਲ ਮਾੜਾ, ਨਸ਼ੇ ਨੇ, ਸੁਰੱਖਿਆ ਨਹੀਂ, ਤਾਂ ਇਹ ਤੁਹਾਡਾ ਸਭ ਤੋਂ ਵੱਡਾ ਵਹਿਮ ਹੈ ਕਿਉਂਕਿ ਜਿੰਨਾ ਦੇਸ਼ਾਂ ਵਿਚ ਤੁਸੀਂ ਰਹਿੰਦੇ ਹੋ ਜੁਰਮ, ਨਸ਼ੇ, ਮਾੜਾ ਮਾਹੌਲ ਤਾਂ ਉੱਥੇ ਵੀ ਆ। ਹਾਂ, ਜੇ ਤੁਸੀ ਪੰਜਾਬ ਨੂੰ ਬਦਲਣਾ ਨਹੀਂ ਚਾਹੋਗੇ, ਤਾਂ ਹੋਰ ਕੌਣ ਬਦਲੂ। ਜੇ ਸਾਨੂੰ ਲੱਗਦਾ ਕਿ ਪੰਜਾਬ ਵਿਚ ਰੁਜ਼ਗਾਰ ਨਹੀਂ ਤਾਂ ਦੱਸੋ ਕਿ ਪੰਜਾਬ ਵਿਚ ਬਾਕੀ ਸੂਬਿਆਂ ਤੋਂ ਆ ਕੇ ਰਹਿਣ ਵਾਲੇ ਲੋਕ ਲੱਖਾਂ ਕਰੋੜਾਂ ਦੇ ਮਾਲਕ ਕਿਵੇਂ ਬਣ ਗਏ? ਕੀ ਨੌਜਵਾਨੀ ਜਿੰਨੀ ਮਿਹਨਤ ਵਿਦੇਸ਼ਾਂ ਵਿਚ ਕਰਦੀ ਹੈ, ਪੰਜਾਬ ਵਿਚ ਕਰੇ, ਪੰਜਾਬ ਤਰੱਕੀ ਨਹੀਂ ਕਰੂ? ਰਹੀ ਗੱਲ ਨਸ਼ਿਆਂ ਦੀ, ਨਸ਼ਾ ਕੋਈ ਨੌਜਵਾਨੀ ਦੇ ਮੂੰਹ 'ਚ ਨਹੀਂ ਪਾਉਂਦਾ, ਸਰਕਾਰਾਂ ਨਸ਼ੇ ਮੂੰਹ ਵਿਚ ਨਹੀਂ ਪਾਉਂਦੀਆਂ। ਜੇ ਬਚਣਾ ਤਾਂ ਬਚਾਅ ਸਾਨੂੰ ਖੁਦ ਕਰਨਾ ਪੈਣਾ। ਜੇ ਵਾਕਿਆ ਹੀ ਤਰੱਕੀ ਕਰਨ ਜਾ ਰਹੀ ਜਵਾਨੀ ਵਿਦੇਸ਼ਾ ਵਿਚ ਤਾਂ ਜੀਅ ਸੱਦਕੇ ਜਾਵੇ ਪਰ ਜੇ ਇਹ ਸੋਚ ਕੇ ਜਾ ਰਹੇ ਹੋ ਕਿ ਪੰਜਾਬ ਵਿਚ ਸਾਡਾ ਭਵਿੱਖ ਮੁਸ਼ਕਿਲ ਤੇ ਖਤਰੇ ਵਿਚ ਹੈ ਤਾਂ ਇੱਕ ਗੱਲ ਹਮੇਸ਼ਾ ਯਾਦ ਰੱਖਿਓ, ਜੋ ਪੰਜਾਬ ਵਿਚ ਅੱਜ ਜਿਊਂਦੇ ਨੇ, ਉਹ ਤੁਹਾਡੇ ਵਿਦੇਸ਼ ਜਾਣ ਤੋਂ ਬਾਦ ਵੀ ਜਿਊਂਦੇ ਹੀ ਮਿਲਣਗੇ।

## ਜਾਗਰੂਕਤਾ

### ਮਿੰਨੀ ਕਹਾਣੀ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA)



ਕਿਥੇ ਨੂੰ ਚਲੀ ਗਈ ਸਾਡੀ ਸੋਚ ਕੁਝ ਦਿਨ ਪਹਿਲਾਂ ਪਿੰਡ ਦੀ ਬਾਹਰਲੀ ਫਿਰਨੀ ਨਾਲ ਲੱਗਦੀ ਸਕੂਲ ਦੀ ਕੰਧ ਉਤੇ ਬਹੁਤ ਸੁੰਦਰ ਲਫ਼ਜ਼ਾਂ ਵਿਚ ਲਿਖਿਆ ਹੋਇਆ ਸੀ, ਹਰ ਮਨੁੱਖ ਲਾਵੇ ਰੁੱਖ..., ਰੁੱਖ ਹੀ ਰੁੱਖ ਤੇ ਸੁੱਖ ਹੀ ਸੁੱਖ...। ਅੱਜ ਬਖਤੌਰ ਸੋਂਹ ਵਾਂਢਿਉਂ ਆਇਆ ਅਤੇ ਆਉਂਦੇ ਨੇ ਕੰਧ ਦੇ ਨਾਲ ਲੱਗਦੇ ਚਾਰ ਸਫੈਦੇ ਤੇ ਇੱਕ ਟਾਹਲੀ ਵੱਢੀ ਪਈ ਵੇਖੀ। ਜਿਸ 'ਤੇ ਬਖਤੌਰ ਸੋਂਹ ਡਾਢਾ ਦੁਖੀ ਹੋਇਆ। ਉਹ ਸਿੱਧਾ ਸਰਪੰਚ ਦੇ ਘਰ ਨੂੰ ਹੋ ਤੁਰਿਆ ਤੇ ਉਸਨੇ ਸਰਪੰਚ ਨੂੰ ਪੁੱਛਿਆ ਕਿ ਇਨ੍ਹਾਂ ਰੁੱਖਾਂ ਨੂੰ ਕਿਉਂ ਕਤਲ ਕੀਤਾ? ਸਰਪੰਚ ਸਾਹਿਬ ਕਹਿੰਦੇ, ਭਾਈ ਆਹ ਲਿਖਿਆ ਹੋਇਆ ਹੈ ਨਾ ਰੁੱਖਾਂ ਵਾਲਾ ਸਲੋਗਨ, ਇਸ ਨੂੰ ਪੜ੍ਹਨ ਵਿਚ ਲੋਕਾਂ ਨੂੰ ਦਿੱਕਤ ਆਉਂਦੀ ਸੀ। ਸੋਚਿਆ ਲੋਕ ਚੰਗੀ ਤਰ੍ਹਾਂ ਪੜ੍ਹ ਕੇ ਜਾਗਰੂਕ ਹੋ ਜਾਣਗੇ। ਬਖਤੌਰ ਸਿੰਘ ਸਾਰੀ ਰਾਤ ਉੱਸਲਵਾਟੇ ਲੈਂਦਾ ਰਿਹਾ, ਭਾਈ ਇਹ ਕਿਹੜਾ ਢੰਗ ਹੋਇਆ ਜਾਗਰੂਕਤਾ ਫੈਲਾਉਣ ਦਾ?



# ਜਿਹੜੇ ਚਰਖੜੀਆਂ 'ਤੇ ਚੜ੍ਹੇ, ਭਾਈ ਸੁਬੇਗ ਸਿੰਘ - ਭਾਈ ਸ਼ਾਹਬਾਜ਼ ਸਿੰਘ





ਬਲਰਾਜ ਸਿੰਘ ਸਿੱਧੂ ਕਮਾਂਡੈਂਟ.
ਪੰਡੋਰੀ ਸਿੱਧਵਾਂ 95011-00062
(Punjab Mail USA)


ਭਾਈ ਸੁਬੇਗ ਸਿੰਘ ਤੇ ਭਾਈ ਸ਼ਾਹਬਾਜ਼ ਸਿੰਘ ਸਿੱਖ ਪੰਥ ਦੇ ਉਹ ਅਣਮੋਲ ਹੀਰੇ ਹਨ, ਜਿਨ੍ਹਾਂ ਨੂੰ ਪੰਥ ਵੱਲੋਂ ਲੱਖਾਂ ਅਰਦਾਸਾਂ ਰਾਹੀਂ ਰੋਜ਼ਾਨਾ ਯਾਦ ਕੀਤਾ ਜਾਂਦਾ ਹੈ। ਭਾਈ ਸੁਬੇਗ ਸਿੰਘ ਦਾ ਜਨਮ ਲਾਹੌਰ ਜ਼ਿਲ੍ਹੇ ਦੇ ਜੰਬਰ ਪਿੰਡ ਦੇ ਸਿਰ ਕੱਢ ਜ਼ਿੰਮੀਦਾਰ ਰਾਏ ਭਾਗਾ ਦੇ ਘਰ ਹੋਇਆ ਸੀ। ਭਾਈ ਸਾਹਿਬ ਦੀ ਸਹੀ ਜਨਮ ਮਿਤੀ ਮੁਹੱਈਆ ਨਹੀਂ ਹੈ। ਭਾਈ ਸੁਬੇਗ ਸਿੰਘ ਨੇ ਪਿੰਡ ਤੋਂ ਹੀ ਅਰਬੀ ਅਤੇ ਫਾਰਸੀ ਦੀ ਸਿੱਖਿਆ ਗ੍ਰਹਿਣ ਕੀਤੀ, ਜੋ ਅਗਲੇ ਜੀਵਨ ਵਿਚ ਉਨ੍ਹਾਂ ਦੇ ਬਹੁਤ ਕੰਮ ਆਈ ਕਿਉਂਕਿ ਫਾਰਸੀ ਲਾਹੌਰ ਅਤੇ ਦਿੱਲੀ ਦਰਬਾਰ ਦੀ ਸਰਕਾਰੀ ਭਾਸ਼ਾ ਸੀ। ਜਵਾਨ ਹੋਣ 'ਤੇ ਉਹ ਲਾਹੌਰ ਚਲੇ ਗਏ ਤੇ ਸਰਕਾਰੀ ਠੇਕੇਦਾਰ ਦੇ ਤੌਰ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੇ ਘਰ ਇੱਕ ਪੁੱਤਰ ਸ਼ਾਹਬਾਜ਼ ਸਿੰਘ ਨੇ ਜਨਮ ਲਿਆ।

ਉਸ ਵੇਲੇ ਲਾਹੌਰ ਦਾ ਸੂਬੇਦਾਰ ਖਾਨ ਬਹਾਦਰ ਜ਼ਕਰੀਆ ਖਾਨ ਸੀ ਤੇ ਸਿੱਖ ਮੁਗਲ ਸੰਘਰਸ਼ ਸਿਖਰਾਂ 'ਤੇ ਸੀ। ਨਿੱਤ ਦੀਆਂ ਲੜਾਈਆਂ ਅਤੇ ਲੁੱਟਮਾਰ ਕਾਰਨ ਪੰਜਾਬ ਦੀ ਆਰਥਿਕਤਾ ਇੱਕ ਤਰ੍ਹਾਂ ਨਾਲ ਤਬਾਹ ਹੋ ਗਈ ਸੀ। ਮੱਧ ਏਸ਼ੀਆ ਤੋਂ ਭਾਰਤ ਆਉਣ ਵਾਲੇ ਵਪਾਰੀ ਪੰਜਾਬ ਵਿਚ ਵੜਨ ਤੋਂ ਕਤਰਾਉਣ ਲੱਗ ਪਏ ਸਨ ਤੇ ਚੁੰਗੀ ਅਤੇ ਹੋਰ ਟੈਕਸ ਪ੍ਰਾਪਤ ਨਾ ਹੋਣ ਕਾਰਨ ਸਰਕਾਰੀ ਖਜ਼ਾਨਾ ਖਾਲੀ ਹੋ ਗਿਆ ਸੀ। ਫੌਜ ਨੂੰ ਕਈ ਮਹੀਨਿਆਂ ਤੋਂ ਤਨਖਾਹ ਨਹੀਂ ਸੀ ਮਿਲੀ ਅਤੇ ਉੱਪਰੋਂ ਦਿੱਲੀ ਦਰਬਾਰ ਦਾ ਪੰਜ ਸਾਲ ਦਾ ਖਿਰਾਜ਼ (ਟੈਕਸ) ਦੇਣਾ ਬਾਕੀ ਸੀ। 1730 ਈਸਵੀ ਵਿਚ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਨੇ ਜਰਨੈਲ ਹੈਬਤ ਖਾਂ ਅਤੇ ਸਲਾਬਤ ਖਾਨ ਨੂੰ ਦੋ ਹਜ਼ਾਰ ਰੋਹੀਲਾ ਫੌਜ ਦੇ ਕੇ ਖਿਰਾਜ਼ ਉਗਰਾਹੁਣ ਲਈ ਲਾਹੌਰ ਭੇਜ ਦਿੱਤਾ। ਉਨ੍ਹਾਂ ਨੇ ਲਾਹੌਰ ਆਣ ਡੇਰੇ ਲਗਾਏ ਤੇ ਤਿੰਨ ਕਰੋੜ ਰੁਪਏ ਖਿਰਾਜ਼ ਤੋਂ ਇਲਾਵਾ ਆਪਣੇ ਖਰਚੇ ਵਾਸਤੇ ਪੰਜ ਹਜ਼ਾਰ ਰੋਜ਼ਾਨਾ ਅਲੱਗ ਤੋਂ ਮੰਗ ਕੀਤੀ। ਜ਼ਕਰੀਆ ਖਾਨ ਨੂੰ ਆਪਣੀ ਸੂਬੇਦਾਰੀ ਖਤਰੇ ਵਿਚ ਦਿੱਸਣ ਲੱਗ ਪਈ ਕਿਉਂਕਿ ਉਸ ਕੋਲ ਤਾਂ ਨਿੱਤ ਪ੍ਰਤੀ ਦੇ ਖਰਚਿਆਂ ਵਾਸਤੇ ਵੀ ਪੈਸੇ ਨਹੀਂ ਸਨ।

ਸੂਬੇਦਾਰ ਨੇ ਆਪਣੀ ਜਾਨ ਬਚਾਉਣ ਲਈ ਦਿੱਲੀ ਦੇ ਜਰਨੈਲਾਂ ਨਾਲ ਧੋਖਾ ਕੀਤਾ ਤੇ ਬੋਰੀਆਂ ਵਿਚ ਮੋਹਰਾਂ ਭਰ ਕੇ ਇਹ ਕਹਿ ਦਿੱਤਾ ਕਿ ਤਿੰਨ ਕਰੋੜ ਰੁਪਏ ਹਨ, ਪਰ ਅਸਲ ਵਿਚ ਰਕਮ ਬਹੁਤ ਘੱਟ ਸੀ। ਜਰਨੈਲਾਂ ਨੇ ਪੈਸੇ ਨਾ ਗਿਣੇ ਤੇ ਸੂਬੇਦਾਰ 'ਤੇ ਯਕੀਨ ਕਰਕੇ ਦਿੱਲੀ ਵੱਲ ਚਾਲੇ ਪਾ ਦਿੱਤੇ। ਸੂਬੇਦਾਰ ਨੂੰ ਫਿਕਰ ਪੈ ਗਿਆ ਕਿ ਜੇ ਬਾਦਸ਼ਾਹ ਨੂੰ ਇਸ ਧੋਖੇ ਦਾ ਪਤਾ ਚੱਲ ਗਿਆ, ਤਾਂ ਗੱਦੀ ਤਾਂ ਜਾਵੇਗੀ ਹੀ, ਸਿਰ ਵੀ ਧੜ ਨਾਲੋਂ ਅਲੱਗ ਹੋ ਸਕਦਾ ਹੈ। ਉਸ ਨੇ ਇੱਕ ਚਾਲ ਚੱਲੀ ਤੇ ਭਾਈ ਸੁਬੇਗ ਸਿੰਘ ਰਾਹੀਂ ਸਿੱਖਾਂ ਨੂੰ ਦਿੱਲੀ ਜਾ ਰਹੇ ਖਜ਼ਾਨੇ ਬਾਰੇ ਖਬਰ ਭੇਜ ਦਿੱਤੀ। ਜਦੋਂ ਦਿੱਲੀ ਦੀ ਫੌਜ ਦਰਿਆ ਬਿਆਸ ਦੇ ਕਿਨਾਰੇ ਪਹੁੰਚੀ ਤਾਂ ਰਾਤ ਨੂੰ ਸਿੱਖਾਂ ਨੇ ਉਨ੍ਹਾਂ ਦੇ ਕੈਂਪ 'ਤੇ ਹਮਲਾ ਕਰ ਦਿੱਤਾ ਤੇ ਖਜ਼ਾਨਾ ਲੁੱਟ ਕੇ ਚਲਦੇ ਬਣੇ। ਮੁਗਲ ਲੁੱਟੇ-ਪੁੱਟੇ ਰੋਂਦੇ-ਕੁਰਲਾਉਂਦੇ ਦਿੱਲੀ ਨੂੰ ਚਲੇ ਗਏ।

ਸੂਬੇਦਾਰ ਨੇ ਦੂਸਰੀ ਚਾਲ ਇਹ ਖੇਡੀ ਕਿ ਖਜ਼ਾਨੇ ਦੀ ਲੁੱਟ ਸਬੰਧੀ ਬਾਦਸ਼ਾਹ ਦੇ ਕੰਨ ਭਰੇ ਕਿ ਸਿੱਖਾਂ ਦੇ ਹੌਂਸਲੇ ਬਹੁਤ ਜ਼ਿਆਦਾ ਵਧ ਗਏ ਹਨ, ਇਸ ਲਈ ਉਸ ਨੂੰ ਹੋਰ ਫੌਜੀ ਮਦਦ ਭੇਜੀ ਜਾਵੇ। ਬਾਦਸ਼ਾਹ ਨੇ ਉਸ ਦੀ ਗੱਲ ਮੰਨ ਲਈ ਤੇ ਵੀਹ ਹਜ਼ਾਰ ਫੌਜ ਨਜ਼ੀਬ ਖਾਨ, ਸਫਦਰ ਖਾਨ ਅਤੇ ਜ਼ਾਫਰ ਖਾਨ ਦੀ ਕਮਾਂਡ ਹੇਠ ਉਸ ਦੀ ਮਦਦ ਲਈ ਭੇਜ ਦਿੱਤੀ। ਪਰ ਸਾਰੀ ਵਾਹ ਲਗਾਉਣ ਦੇ ਬਾਵਜੂਦ ਜ਼ਕਰੀਆ ਖਾਨ ਸਿੱਖਾਂ ਨੂੰ ਬਲ ਨਾਲ ਦਬਾ ਨਾ ਸਕਿਆ, ਤਾਂ ਉਸ ਨੇ ਕੂਟਨੀਤੀ ਰਾਹੀਂ ਸ਼ਾਂਤੀ ਸਥਾਪਿਤ ਕਰਨੀ ਚਾਹੀ। ਉਹ ਸਮਝ ਗਿਆ ਸੀ ਕਿ ਸਿੱਖਾਂ ਨੂੰ ਸੰਤੁਸ਼ਟ ਕੀਤੇ ਬਿਨਾਂ ਪੰਜਾਬ ਦੀ ਆਰਥਿਕਤਾ ਮੁੜ ਲੀਹਾਂ 'ਤੇ ਨਹੀਂ ਲਿਆਂਦੀ ਜਾ ਸਕਦੀ। 1733 ਈਸਵੀ ਦੀ ਦੀਵਾਲੀ ਮਨਾਉਣ ਲਈ ਸਾਰੇ ਸਿੱਖ ਜਥੇ ਅੰਮ੍ਰਿਤਸਰ ਵਿਖੇ ਇਕੱਠੇ ਹੋਏ। ਇਸ ਮੌਕੇ ਜ਼ਕਰੀਆ ਖਾਨ ਨੇ ਭਾਈ ਸੁਬੇਗ ਸਿੰਘ ਨੂੰ ਦੂਤ ਬਣਾ ਕੇ ਪੰਥ ਨਾਲ ਸੁਲ੍ਹਾ ਕਰਨ ਲਈ ਲੰਗਰ ਵਾਸਤੇ ਪੰਜ ਹਜ਼ਾਰ ਰੁਪਏ, ਇੱਕ ਲੱਖ ਰੁਪਏ ਸਾਲਾਨਾ ਦੀ ਜਾਗੀਰ ਅਤੇ ਨਵਾਬੀ ਦੀ ਖਿਲ੍ਹਤ ਭੇਜੀ। ਉਸ ਵੇਲੇ ਪੰਥ ਦਾ ਪ੍ਰਧਾਨ ਸੈਨਾਪਤੀ ਅਤੇ ਜਥੇਦਾਰ ਦੀਵਾਨ ਦਰਬਾਰਾ ਸਿੰਘ ਸੀ। ਜਦੋਂ ਉਸ ਨੇ ਪੰਥ ਦੀ ਰਾਏ ਪੁੱਛੀ ਤਾਂ ਬਹੁਤਿਆਂ ਨੇ ਇਹ ਪੇਸ਼ਕਸ਼ ਨਾਮੰਜ਼ੂਰ ਕਰਨ ਦੀ ਸਲਾਹ ਦਿੱਤੀ।

ਪਰ ਭਾਈ ਸੁਬੇਗ ਸਿੰਘ ਨੇ ਬਹੁਤ ਹੀ ਸਿਆਣਪ ਵਾਲੀ ਬੇਨਤੀ ਕੀਤੀ, "ਨੀਤੀ ਇਸ ਗੱਲ ਦੀ ਮੰਗ ਕਰਦੀ ਹੈ ਕਿ ਘਰ ਆਈ ਅਜਿਹੀ ਪੇਸ਼ਕਸ਼ ਮੋੜੀ ਨਾ ਜਾਵੇ। ਸੁਲ੍ਹਾ ਵਾਸਤੇ ਪੰਥ ਨੇ ਦਰਖਾਸਤ ਨਹੀਂ ਕੀਤੀ, ਸਗੋਂ ਲਾਹੌਰ ਸਰਕਾਰ ਨੇ ਡਰ ਕੇ ਕੀਤੀ ਹੈ। ਇਸ ਵਿਚ ਪੰਥ ਦੀ ਸ਼ਾਨ ਹੈ, ਨਿਰਾਦਰੀ ਨਹੀਂ। ਸੋ ਸਭ ਕੁਝ ਪ੍ਰਵਾਨ ਕਰ ਲੈਣਾ ਚਾਹੀਦਾ ਹੈ।" ਭਾਈ ਸਾਹਿਬ ਦੀ ਸਲਾਹ ਸਰਬ ਸੰਮਤੀ ਨਾਲ ਮੰਨ ਲਈ ਗਈ ਤੇ ਸ. ਕਪੂਰ ਸਿੰਘ ਨੂੰ ਨਵਾਬ ਥਾਪ ਦਿੱਤਾ ਗਿਆ। ਭਾਈ ਸਾਹਿਬ ਦੀ ਇਸ ਸੇਵਾ ਬਦਲੇ ਜ਼ਕਰੀਆ ਖਾਨ ਨੇ ਉਸ ਨੂੰ ਲਾਹੌਰ ਦਾ ਕੋਤਵਾਲ ਥਾਪ ਦਿੱਤਾ। ਕੋਤਵਾਲ ਬਣ ਕੇ ਭਾਈ ਸੁਬੇਗ ਸਿੰਘ ਨੇ ਪੰਥ ਦੀ ਬਹੁਤ ਸੇਵਾ ਕੀਤੀ। ਚਰਖੀ ਅਤੇ ਸੂਲੀ ਆਦਿ ਸਜ਼ਾਵਾਂ ਬੰਦ ਕਰਵਾ ਦਿੱਤੀਆਂ ਅਤੇ ਦਰਵਾਜ਼ਿਆਂ ਉੱਪਰ ਚਿਣੇ ਹੋਏ ਅਤੇ ਖੂਹਾਂ ਖੱਡਾਂ ਵਿਚ ਸੁੱਟੇ ਹੋਏ ਸਿੰਘਾਂ ਦੇ ਸਿਰ ਅਤੇ ਹੋਰ ਅਵਸ਼ੇਸ਼ ਲੱਭ ਕੇ ਗੁਰ ਮਰਿਆਦਾ ਅਨੁਸਾਰ ਅੰਤਿਮ ਸੰਸਕਾਰ ਕਰਵਾਇਆ। ਇਸ ਤੋਂ ਇਲਾਵਾ ਉਸ ਨੇ ਸਖਤੀ ਨਾਲ ਲਾਹੌਰ ਵਿਚ ਅਮਨ-ਕਾਨੂੰਨ ਦੀ ਸਥਾਪਨਾ ਕੀਤੀ।

ਪਰ ਸਿੱਖਾਂ ਨਾਲ ਸ਼ਾਂਤੀ ਸੰਧੀ ਬਹੁਤਾ ਚਿਰ ਨਿਭ ਨਾ ਸਕੀ। 1735 ਈਸਵੀ ਵਿਚ ਜਾਗੀਰ ਜ਼ਬਤ ਕਰ ਲਈ ਗਈ ਪਰ ਭਾਈ ਸਾਹਿਬ ਲਾਹੌਰ ਦੇ ਕੋਤਵਾਲ ਬਣੇ ਰਹੇ। ਪਹਿਲੀ ਜੁਲਾਈ 1745 ਈਸਵੀ ਨੂੰ ਜ਼ਕਰੀਆ ਖਾਨ ਦੀ ਪਿਸ਼ਾਬ ਦਾ ਬੰਨ੍ਹ ਪੈਣ ਕਰਨ ਮੌਤ ਹੋ ਗਈ ਤੇ ਲਾਹੌਰ ਦੀ ਸੂਬੇਦਾਰੀ ਉਸ ਦੇ ਪੁੱਤਰ ਯਾਹੀਆ ਖਾਨ ਨੂੰ ਮਿਲ ਗਈ। ਯਾਹੀਆ ਖਾਨ ਨੇ ਲਖਪਤ ਰਾਏ ਨੂੰ ਆਪਣਾ ਦੀਵਾਨ ਥਾਪ ਦਿੱਤਾ ਤੇ ਸਿੱਖਾਂ ਦੇ ਖਿਲਾਫ ਸਖਤੀ ਦਾ ਦੌਰ ਦੁਬਾਰਾ ਸ਼ੁਰੂ ਹੋ ਗਿਆ। ਫਰਵਰੀ 1746 ਈਸਵੀ ਨੂੰ ਸਿੱਖਾਂ ਦਾ ਇੱਕ ਜਥਾ ਸ਼ਾਹੀ ਫੌਜਾਂ ਨਾਲ ਝੜਪ ਤੋਂ ਬਾਅਦ ਏਮਨਾਬਾਦ ਦੇ ਇਲਾਕੇ ਵਿਚ ਪਹੁੰਚ ਗਿਆ। ਏਮਨਾਬਾਦ ਦਾ ਫੌਜਦਾਰ ਜਸਪਤ ਰਾਏ, ਦੀਵਾਨ ਲਖਪਤ ਰਾਏ ਦਾ ਛੋਟਾ ਭਰਾ ਸੀ। ਉਸ ਨੂੰ ਸਿੱਖਾਂ ਦੀ ਆਮਦ ਬਾਰੇ ਪਤਾ ਲੱਗਾ ਤਾਂ ਉਸ ਨੇ ਸਿੱਖਾਂ 'ਤੇ ਹਮਲਾ ਕਰ ਦਿੱਤਾ। ਸਿੱਖ ਲੜਨਾ ਨਹੀਂ ਸਨ ਚਾਹੁੰਦੇ, ਪਰ ਲੜਾਈ ਬਦੋ-ਬਦੀ ਉਨ੍ਹਾਂ ਦੇ ਗਲ ਪੈ ਗਈ। ਜਸਪਤ ਰਾਏ ਹਾਥੀ 'ਤੇ ਬੈਠਾ ਆਪਣੀ ਫੌਜ ਦੀ ਅਗਵਾਈ ਕਰ ਰਿਹਾ ਸੀ ਕਿ ਇੱਕ ਸਿੱਖ ਨਿਬਾਹੂ ਸਿੰਘ ਦੀ ਨਜ਼ਰੇ ਪੈ ਗਿਆ। ਨਿਬਾਹੂ ਸਿੰਘ ਪੂਛ ਪਕੜ ਕੇ ਹਾਥੀ 'ਤੇ ਜਾ ਚੜ੍ਹਿਆ ਤੇ ਤਲਵਾਰ ਦੇ ਇੱਕੋ ਵਾਰ ਨਾਲ ਜਸਪਤ ਰਾਏ ਦਾ ਸਿਰ ਲਾਹ ਦਿੱਤਾ। ਫੌਜਦਾਰ ਦੇ ਡਿੱਗਦੇ ਸਾਰ ਨਿਖੱਸਮੀਆਂ ਫੌਜਾਂ ਹਰਨ ਹੋ ਗਈਆਂ।

ਆਪਣੇ ਭਰਾ ਦੇ ਕਤਲ ਦੀ ਖਬਰ ਸੁਣ ਕੇ ਲਖਪਤ ਰਾਏ ਨੂੰ ਅੱਗ ਲੱਗ ਗਈ। ਉਸ ਨੇ ਪੱਗ ਯਾਹੀਆ ਖਾਨ ਦੇ ਪੈਰਾਂ ਵਿਚ ਸੁੱਟ ਕੇ ਸਹੁੰ ਖਾਧੀ ਕਿ ਜਦ ਤੱਕ ਪੰਥ ਖਤਮ ਨਹੀਂ ਹੋ ਜਾਂਦਾ, ਉਹ ਪੱਗ ਨਹੀਂ ਬੰਨ੍ਹੇਗਾ। ਉਸ ਨੇ ਯਾਹੀਆ ਖਾਨ ਕੋਲੋਂ ਸਿੱਖਾਂ ਦੇ ਕਤਲੇਆਮ ਦਾ ਹੁਕਮ ਲੈ ਲਿਆ। ਇਸ ਤੋਂ ਪਹਿਲਾਂ ਸਿਰਫ ਜੰਗੀ ਸਿੱਖ ਹੀ ਸਰਕਾਰ ਦੇ ਬਾਗੀ ਸਮਝੇ ਜਾਂਦੇ ਸਨ, ਪਰ ਲਖਪਤ ਨੇ ਇੱਕ ਪਾਸਿਉਂ ਹੀ ਵਾਢਾ ਰੱਖ ਲਿਆ। ਲਾਹੌਰ ਅਤੇ ਆਸ-ਪਾਸ ਅਮਨ-ਅਮਾਨ ਨਾਲ ਵੱਸਦੇ ਤੇ ਸਰਕਾਰੀ ਨੌਕਰੀ ਕਰਦੇ ਸਾਰੇ ਸਿੱਖ ਗ੍ਰਿਫਤਾਰ ਕਰ ਲਏ ਗਏ। ਉਨ੍ਹਾਂ ਨੂੰ ਇਸਲਾਮ ਜਾਂ ਮੌਤ ਚੁਣਨ ਲਈ ਪੁੱਛਿਆ ਗਿਆ, ਪਰ ਇੱਕ ਵੀ ਸਿੱਖ ਨੇ ਧਰਮ ਨਾ ਛੱਡਿਆ। ਇਨ੍ਹਾਂ ਵਿਚ ਭਾਈ ਸੁਬੇਗ ਸਿੰਘ ਤੇ ਉਸ ਦਾ ਬੇਟਾ ਸ਼ਾਹਬਾਜ਼ ਸਿੰਘ ਵੀ ਸ਼ਾਮਲ ਸਨ। ਸਾਰੇ ਸ਼ਹਿਰ ਵਿਚ ਹਾਹਾਕਾਰ ਮੱਚ ਗਈ। ਸ਼ਹਿਰ ਦੇ ਪਤਵੰਤੇ ਹਿੰਦੂਆਂ ਨੇ ਦੀਵਾਨ ਕੌੜਾ ਮੱਲ ਦੀ ਅਗਵਾਈ ਹੇਠ ਲਖਪਤ ਨੂੰ ਇਹ ਜ਼ੁਲਮ ਨਾ ਕਰਨ ਦੀ ਬੇਨਤੀ ਕੀਤੀ, ਪਰ ਉਸ ਨੇ ਕਿਸੇ ਦੀ ਨਾ ਮੰਨੀ। ਭਾਈ ਸੁਬੇਗ ਸਿੰਘ ਸਮੇਤ ਸਾਰੇ ਸਿੱਖ ਮੱਸਿਆ ਵਾਲੇ ਦਿਨ 10 ਮਾਰਚ, 1746 ਈਸਵੀ ਨੂੰ ਸ਼ਹੀਦ ਕੀਤੇ ਗਏ। ਭਾਈ ਸੁਬੇਗ ਸਿੰਘ ਅਤੇ ਭਾਈ ਸ਼ਾਹਬਾਜ਼ ਸਿੰਘ ਨੂੰ ਚਰਖੜੀਆਂ 'ਤੇ ਚਾੜ੍ਹ ਕੇ ਸ਼ਹੀਦ ਕੀਤਾ ਗਿਆ। ਭਾਈ ਸਾਹਿਬ ਦੀ ਸ਼ਹੀਦੀ ਸਿੱਖ ਪੰਥ ਦੇ ਇਤਿਹਾਸ ਵਿਚ ਸੁਨਿਹਰੀ ਅੱਖਰਾਂ ਵਿਚ ਲਿਖੀ ਗਈ ਹੈ।


L.A. MERCHANDISE
Whole Sale +Retail
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991
Loose Fabrics, Groceries, Blankets, Vegetables
ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
ਵਾਨ ਵਾਲਾ ਮੰਜਾ ਸੇਲ 'ਤੇ ਹੈ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਾਮਾਨ
ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।
Red Label Tea 900 Gm $ 3.99
Bio Bidet Elite 2 $ 39.99+Tax (Smart Lota)
ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
only $ 41.99+Tax
ਇੰਡੀਆ ਤੋਂ *Mattress* ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।

Hardev Singh Visla Baksho Kaur Visla
530-671-0439, Fax-530-822-0439
cell- 530-844-3250.
ਗੋਲਡਨ ਆਟਾ ਨਾਲ 400 ਗ੍ਰਾਮ ਸੂਜੀ ਪੈਕੇਟ ਮੁਫ਼ਤ
» ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
» ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
» ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇਥੋਂ ਖਰੀਦੋ।
ਪੱਗਾਂ
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਜਗ੍ਹਾ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ
ਲਾਈਨਿੰਗ
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ ਵਾਲੀ ਹੁਣ 1.79 ਡਾਲਰ ਪ੍ਰਤੀ ਗਜ ਦੀ ਖਰੀਦੋ
ਸੂਟ
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ
buy 5 get one free



HOTHI FREIGHTLINES


Your Job Search Ends With Us!
Come and Join Our Team!
- $2500 salary per week (depending on experience)
- Sign On and Referral Bonuses
- Contracted Freight and Brand New Equipment
- Average salary of our drivers is $10,000/month

- Class A License
- 6-Months continuous experience
- 1 year of driving experience
- 23 years of age or older
- 3 years MVR is verified
- 6 months of reefer experience
- No slip seating

Gary Hothi • (408) 332-9355 • Gary@hflfreight.com

# ਕਿਤਾਬਾਂ ਪੜ੍ਹਨ ਦੇ ਲਾਭ






-ਵਿਜੈ ਗਰਗ ਰਿਟਾਇਰਡ
ਪ੍ਰਿੰਸੀਪਲ ਐਜੂਕੇਸ਼ਨਲ
ਕਾਲਮਨਵੀਸ ਮਲੋਟ, ਪੰਜਾਬ
(Punjab Mail USA)


ਅਸੀਂ ਸਾਰਿਆਂ ਨੇ ਬਚਪਨ ਵਿਚ ਕਿਤਾਬਾਂ ਪੜ੍ਹੀਆਂ ਹਨ, ਕਿਤਾਬਾਂ ਸਾਡੀ ਜ਼ਿੰਦਗੀ ਦਾ ਬਹੁਤ ਮਹੱਤਵਪੂਰਨ ਹਿੱਸਾ ਹਨ। ਕਿਤਾਬ ਪੜ੍ਹ ਕੇ ਨਾ ਸਿਰਫ਼ ਗਿਆਨ ਪ੍ਰਾਪਤ ਹੁੰਦਾ ਹੈ, ਸਗੋਂ ਇਹ ਸਾਡੇ ਮਾਨਸਿਕ ਵਿਕਾਸ ਵਿਚ ਵੀ ਸਹਾਈ ਹੁੰਦਾ ਹੈ। ਪੁਰਾਣੇ ਸਮਿਆਂ ਤੋਂ ਹੀ ਕਿਤਾਬਾਂ ਚਲਦੀਆਂ ਆ ਰਹੀਆਂ ਹਨ। ਪੁਰਾਣੇ ਸਮਿਆਂ ਵਿਚ ਜੋ ਵੀ ਗੱਲਾਂ ਲਿਖੀਆਂ ਗਈਆਂ ਸਨ, ਉਹ ਸਭ ਅੱਜ ਦੇ ਸਮੇਂ ਵਿਚ ਇਤਿਹਾਸ ਦਾ ਰੂਪ ਦੇ ਚੁੱਕੀਆਂ ਹਨ। ਇੰਨਾ ਹੀ ਨਹੀਂ, ਕੁਝ ਲੋਕਾਂ ਨੂੰ ਇਹ ਵੀ ਮੰਨਣਾ ਪੈਂਦਾ ਹੈ ਕਿ ਕਿਤਾਬਾਂ ਦੀ ਆਪਣੀ ਵੱਖਰੀ ਦੁਨੀਆਂ ਹੁੰਦੀ ਹੈ। ਕਿਤਾਬਾਂ ਨੂੰ ਪੜ੍ਹਨ ਦੇ ਬਹੁਤ ਸਾਰੇ ਫਾਇਦੇ ਹੁੰਦੇ ਹਨ ਅਤੇ ਬਹੁਤ ਸਾਰੀਆਂ ਨਵੀਆਂ ਚੀਜ਼ਾਂ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇੰਨਾ ਹੀ ਨਹੀਂ, ਕਿਤਾਬਾਂ ਦੀ ਮਦਦ ਨਾਲ ਅਸੀਂ ਕਈ ਚੀਜ਼ਾਂ ਵੀ ਸਿੱਖ ਸਕਦੇ ਹਾਂ। ਜੋ ਗਿਆਨ ਅਸੀਂ ਬਚਪਨ ਵਿਚ ਸਕੂਲਾਂ ਵਿਚ ਪੜ੍ਹਿਆ ਸੀ ਅਤੇ ਜੋ ਅੱਜ ਸਾਡੇ ਲਈ ਬਹੁਤ ਲਾਭਦਾਇਕ ਹੈ, ਉਹ ਗਿਆਨ ਵੀ ਸਾਨੂੰ ਕਿਤਾਬਾਂ ਰਾਹੀਂ ਹੀ ਮਿਲਿਆ ਹੈ। ਕਿਤਾਬਾਂ ਪੜ੍ਹਨ ਦੇ ਲਾਭ ਕਿਤਾਬਾਂ ਪੜ੍ਹਨ ਦੇ ਅਜਿਹੇ ਫਾਇਦੇ ਹਨ, ਜਿਨ੍ਹਾਂ ਬਾਰੇ ਅੱਜ ਅਸੀਂ ਤੁਹਾਨੂੰ ਇਸ ਆਰਟੀਕਲ ਦੇ ਜ਼ਰੀਏ ਕਿਤਾਬਾਂ ਪੜ੍ਹਨ ਦੇ ਫਾਇਦਿਆਂ ਬਾਰੇ ਦੱਸਣ ਜਾ ਰਹੇ ਹਾਂ, ਤਾਂ ਜੇਕਰ ਤੁਹਾਨੂੰ ਵੀ ਇਸ ਤਰ੍ਹਾਂ ਦੀ ਜਾਣਕਾਰੀ ਮਿਲਦੀ ਹੈ। ਜੇਕਰ ਤੁਸੀਂ ਅਜਿਹਾ ਕਰਨਾ ਚਾਹੁੰਦੇ ਹੋ, ਤਾਂ ਇਸਦੇ ਲਈ ਤੁਹਾਨੂੰ ਇਸ ਲੇਖ ਨੂੰ ਅੰਤ ਤੱਕ ਪੜ੍ਹਨਾ ਹੋਵੇਗਾ, ਤਾਂ ਹੀ ਤੁਸੀਂ ਇਸ ਨਾਲ ਜੁੜੀ ਜਾਣਕਾਰੀ ਪ੍ਰਾਪਤ ਕਰ ਸਕੋਗੇ। ਕਿਤਾਬਾਂ ਪੜ੍ਹਨ ਦੇ ਲਾਭ ਜਿਵੇਂ ਕਿ ਤੁਸੀਂ ਸਾਰੇ ਜਾਣਦੇ ਹੋ ਕਿ ਕਿਤਾਬਾਂ ਸਾਡੇ ਸਾਰਿਆਂ ਲਈ ਕਿੰਨੀਆਂ ਮਹੱਤਵਪੂਰਨ ਹਨ ਅਤੇ ਇਨ੍ਹਾਂ ਨੂੰ ਪੜ੍ਹਣ ਨਾਲ ਸਾਡਾ ਕੋਈ ਨੁਕਸਾਨ ਨਹੀਂ ਹੁੰਦਾ, ਅਸੀਂ ਸਾਰੇ ਇਨ੍ਹਾਂ ਨੂੰ ਪੜ੍ਹ ਕੇ ਬਹੁਤ ਸਾਰੇ ਲਾਭ ਪ੍ਰਾਪਤ ਕਰਦੇ ਹਾਂ ਅਤੇ ਵੱਖ-ਵੱਖ ਅਤੇ ਨਵੀਆਂ ਚੀਜ਼ਾਂ ਬਾਰੇ ਸਿੱਖਦੇ ਹਾਂ। ਸਾਰੇ ਲੋਕ ਵੱਖ-ਵੱਖ ਤਰ੍ਹਾਂ ਦੀਆਂ ਕਿਤਾਬਾਂ ਪਸੰਦ ਕਰਦੇ ਹਨ, ਜਿਵੇਂ ਕਿ ਕੁਝ ਕਹਾਣੀਆਂ ਦੀਆਂ ਕਿਤਾਬਾਂ ਪੜ੍ਹਨਾ ਪਸੰਦ ਕਰਦੇ ਹਨ। ਮੈਨੂੰ ਇਤਿਹਾਸਕ ਕਿਤਾਬਾਂ ਪੜ੍ਹਨ ਦਾ ਸ਼ੌਕ ਹੈ। ਕੁਝ ਡਰਾਉਣੀਆਂ ਕਹਾਣੀਆਂ ਦੀਆਂ ਕਿਤਾਬਾਂ ਪੜ੍ਹਨਾ ਪਸੰਦ ਹੈ, ਹਰ ਕਿਸੇ ਦੀ ਆਪਣੀ ਪਸੰਦ ਹੈ। ਕਿਤਾਬ ਕੋਈ ਵੀ ਹੋਵੇ, ਇਸ ਨੂੰ ਪੜ੍ਹੋ, ਇਸ ਦੇ ਬਹੁਤ ਸਾਰੇ ਫਾਇਦੇ ਹਨ, ਜਿਸ ਬਾਰੇ ਅਸੀਂ ਅੱਜ ਤੁਹਾਨੂੰ ਇਸ ਲੇਖ ਰਾਹੀਂ ਦੱਸਣ ਜਾ ਰਹੇ ਹਾਂ।

ਮਾਨਸਿਕ ਵਿਕਾਸ: ਜੇਕਰ ਅਸੀਂ ਆਪਣੇ ਮਾਨਸਿਕ ਵਿਕਾਸ ਨੂੰ ਵਧਾਉਣਾ ਚਾਹੁੰਦੇ ਹਾਂ, ਤਾਂ ਉਸ ਲਈ ਸਾਨੂੰ ਸਾਰਿਆਂ ਨੂੰ ਕਿਤਾਬਾਂ ਪੜ੍ਹਨੀਆਂ ਚਾਹੀਦੀਆਂ ਹਨ ਕਿਉਂਕਿ ਕਿਤਾਬਾਂ ਪੜ੍ਹਨ ਨਾਲ ਬਹੁਤ ਸਾਰੇ ਫਾਇਦੇ ਹੁੰਦੇ ਹਨ, ਜਿਨ੍ਹਾਂ ਵਿਚੋਂ ਪਹਿਲਾ ਇਹ ਹੈ ਕਿ ਕਿਤਾਬਾਂ ਪੜ੍ਹਨ ਨਾਲ ਸਾਡਾ ਸਾਰਿਆਂ ਦਾ ਮਾਨਸਿਕ ਵਿਕਾਸ ਹੁੰਦਾ ਹੈ। ਕਿਉਂਕਿ ਜਦੋਂ ਅਸੀਂ ਕੋਈ ਕਿਤਾਬ ਪੜ੍ਹਦੇ ਹਾਂ, ਸਾਨੂੰ ਬਹੁਤ ਸਾਰੀਆਂ ਨਵੀਆਂ ਚੀਜ਼ਾਂ ਬਾਰੇ ਪਤਾ ਲੱਗਦਾ ਹੈ, ਜਿਸ ਨਾਲ ਸਾਨੂੰ ਨਵੀਆਂ ਚੀਜ਼ਾਂ ਦਾ ਗਿਆਨ ਮਿਲਦਾ ਹੈ ਅਤੇ ਇਸ ਨਾਲ ਸਾਡਾ ਮਾਨਸਿਕ ਵਿਕਾਸ ਵੀ ਹੁੰਦਾ ਹੈ। ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਜਦੋਂ ਵੀ ਅਸੀਂ ਕੋਈ ਵੀ ਕਿਤਾਬ ਪੜ੍ਹਦੇ ਹਾਂ, ਤਾਂ ਸਾਡਾ ਸਾਰਾ ਧਿਆਨ ਉਸ ਕਿਤਾਬ ’ਤੇ ਕੇਂਦਰਿਤ ਹੁੰਦਾ ਹੈ ਅਤੇ ਇਸ ਕਾਰਨ ਸਾਡੇ ਮਨ ਦੀ ਇਕਾਗਰਤਾ ਵਧ ਜਾਂਦੀ ਹੈ ਅਤੇ ਸਾਡਾ ਪੂਰਾ ਧਿਆਨ ਉਸ ਕਿਤਾਬ ਨੂੰ ਪੜ੍ਹਨ ’ਚ ਲੱਗ ਜਾਂਦਾ ਹੈ ਅਤੇ ਸਾਨੂੰ ਉਸ ਕਿਤਾਬ ਤੋਂ ਬਹੁਤ ਸਾਰੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਜਦੋਂ ਸਾਡਾ ਮਾਨਸਿਕ ਵਿਕਾਸ ਹੁੰਦਾ ਹੈ, ਤਾਂ ਸਾਨੂੰ ਸਾਡੇ ਵਰਗੇ ਬਹੁਤ ਸਾਰੇ ਫਾਇਦੇ ਮਿਲਦੇ ਹਨ, ਮਨ ਵੀ ਤੰਦਰੁਸਤ ਰਹਿੰਦਾ ਹੈ ਅਤੇ ਆਪਣੇ ਮਨ ਦੀ ਸਿਹਤ ਨੂੰ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ। ਸੋ ਦੋਸਤੋ, ਸਾਨੂੰ ਸਾਰਿਆਂ ਨੂੰ ਕਿਤਾਬਾਂ ਪੜ੍ਹਨੀਆਂ ਚਾਹੀਦੀਆਂ ਹਨ, ਤਾਂ ਜੋ ਸਾਡਾ ਮਾਨਸਿਕ ਵਿਕਾਸ ਹੁੰਦਾ ਹੈ ਅਤੇ ਸਾਡੇ ਮਨ ਨੂੰ ਵੀ ਸ਼ਾਂਤੀ ਮਿਲਦੀ ਹੈ। ਜਿਸ ਤਰ੍ਹਾਂ ਲੋਕ ਆਪਣੇ ਸਰੀਰ ਨੂੰ ਸੁਧਾਰਨ ਲਈ ਕਸਰਤ ਅਤੇ ਯੋਗਾ ਕਰਦੇ ਹਨ, ਉਸੇ ਤਰ੍ਹਾਂ ਸਾਨੂੰ ਸਾਰਿਆਂ ਨੂੰ ਆਪਣੇ ਦਿਮਾਗ ਦੀ ਕਸਰਤ ਕਰਨੀ ਚਾਹੀਦੀ ਹੈ, ਤਾਂ ਜੋ ਇਹ ਹੋਰ ਵੀ ਮਜ਼ਬੂਤ ਹੋ ਸਕੇ ਅਤੇ ਦਿਮਾਗ ਦੀ ਕਸਰਤ ਕਰਨ ਲਈ ਸਭ ਤੋਂ ਵਧੀਆ ਚੀਜ਼ ਕਿਤਾਬ ਪੜ੍ਹਨਾ ਹੈ।

ਤਣਾਅ ਤੋਂ ਬਚਾਅ: ਤੁਸੀਂ ਸਾਰੇ ਜਾਣਦੇ ਹੋ ਕਿ ਅੱਜ ਦੇ ਸਮੇਂ ਵਿਚ ਹਰ ਵਿਅਕਤੀ ਕੋਲ ਕੋਈ ਨਾ ਕੋਈ ਚੀਜ਼ ਹੈ। ਹਰ ਚੀਜ਼ ਨੂੰ ਲੈ ਕੇ ਤਣਾਅ ਹੁੰਦਾ ਹੈ ਅਤੇ ਆਪਣੇ ਤਣਾਅ ਨੂੰ ਘੱਟ ਕਰਨਾ ਬਹੁਤ ਜ਼ਰੂਰੀ ਹੈ ਕਿਉਂਕਿ ਤਣਾਅ ਸਾਡੇ ਸਾਰਿਆਂ ਲਈ ਚੰਗੀ ਚੀਜ਼ ਨਹੀਂ ਹੈ, ਇਸ ਦਾ ਅਸਰ ਸਾਡੀ ਸਿਹਤ ’ਤੇ ਵੀ ਪੈਂਦਾ ਹੈ ਅਤੇ ਲੋਕ ਇਸ ਤਣਾਅ ਨੂੰ ਘੱਟ ਕਰਨ ਲਈ ਕੁਝ ਨਾ ਕੁਝ ਕਰਦੇ ਹਨ। ਲੋਕ ਆਪਣੇ ਤਣਾਅ ਨੂੰ ਘੱਟ ਕਰਨ ਲਈ ਕਿਤਾਬਾਂ ਪੜ੍ਹਦੇ ਹਨ। ਤੁਹਾਨੂੰ ਇਹ ਵੀ ਦੱਸ ਦੇਈਏ ਕਿ ਅਜਿਹਾ ਮੰਨਿਆ ਜਾਂਦਾ ਹੈ ਕਿ ਕਿਤਾਬ ਪੜ੍ਹਨਾ ਤੁਹਾਡੇ ਤਣਾਅ ਤੋਂ ਛੁਟਕਾਰਾ ਪਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ। ਇਕ ਰਿਸਰਚ ਮੁਤਾਬਕ ਇਹ ਵੀ ਦੱਸਿਆ ਗਿਆ ਹੈ ਕਿ 6 ਮਿੰਟ ਤੱਕ ਕਿਤਾਬ ਪੜ੍ਹਨ ਨਾਲ 68 ਫੀਸਦੀ ਤਣਾਅ ਘੱਟ ਹੋ ਜਾਂਦਾ ਹੈ। ਇਹ ਵਾਪਰਦਾ ਹੈ ਕਿਉਂਕਿ ਜਦੋਂ ਅਸੀਂ ਜਦੋਂ ਅਸੀਂ ਤਣਾਅ ਵਿਚ ਹੁੰਦੇ ਹਾਂ, ਤਾਂ ਸਾਡੇ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਜਿਸ ਕਾਰਨ ਅਸੀਂ ਤਣਾਅ ਵਿਚ ਰਹਿੰਦੇ ਹਾਂ, ਅਸੀਂ ਉਸ ਗੱਲ ਨੂੰ ਕੁਝ ਸਮੇਂ ਲਈ ਆਪਣੇ ਦਿਮਾਗ ਵਿਚੋਂ ਕੱਢ ਦੇਈਏ ਅਤੇ ਜਦੋਂ ਤੁਸੀਂ ਕੋਈ ਕਿਤਾਬ ਪੜ੍ਹਦੇ ਹੋ, ਤਾਂ ਤੁਹਾਡਾ ਸਾਰਾ ਧਿਆਨ ਉਸ ਕਿਤਾਬ ’ਤੇ ਹੁੰਦਾ ਹੈ ਅਤੇ ਤੁਸੀਂ ਰੁੱਝ ਜਾਂਦੇ ਹੋ। ਉਸ ਕਿਤਾਬ ਨੂੰ ਪੜ੍ਹਦੇ ਹੋਏ ਅਤੇ ਫਿਰ ਤੁਸੀਂ ਉਸ ਚੀਜ਼ ਨੂੰ ਭੁੱਲ ਜਾਂਦੇ ਹੋ, ਜੋ ਤੁਹਾਨੂੰ ਤਣਾਅ ਦਾ ਕਾਰਨ ਬਣ ਰਹੀ ਸੀ। ਇਸ ਲਈ ਕਿਹਾ ਜਾਂਦਾ ਹੈ ਕਿ ਤਣਾਅ ਤੋਂ ਛੁਟਕਾਰਾ ਪਾਉਣ ਲਈ ਕਿਤਾਬ ਪੜ੍ਹਨਾ ਸਭ ਤੋਂ ਵਧੀਆ ਚੀਜ਼ ਹੈ। ਇਸ ਲਈ ਜੇਕਰ ਤੁਹਾਨੂੰ ਵੀ ਕਦੇ ਤਣਾਅ ਹੈ, ਤਾਂ ਤੁਸੀਂ ਵੀ ਕਿਤਾਬ ਜ਼ਰੂਰ ਪੜ੍ਹੋ। ਇਸ ਨਾਲ ਤੁਹਾਡਾ ਤਣਾਅ ਵੀ ਘੱਟ ਹੋਵੇਗਾ। ਮੈਂ ਉੱਥੇ ਰਹਾਂਗਾ ਅਤੇ ਤੁਹਾਨੂੰ ਵੀ ਗਿਆਨ ਮਿਲੇਗਾ। ਇਸ ਲਈ ਹਰ ਵਿਅਕਤੀ ਨੂੰ ਕਿਤਾਬ ਜ਼ਰੂਰ ਪੜ੍ਹਨੀ ਚਾਹੀਦੀ ਹੈ। ਗਿਆਨ ਪ੍ਰਾਪਤ ਹੁੰਦਾ ਹੈ: ਗਿਆਨ ਸਾਡੇ ਸਾਰਿਆਂ ਲਈ ਬਹੁਤ ਮਹੱਤਵਪੂਰਨ ਚੀਜ਼ ਹੈ ਅਤੇ ਅਸੀਂ ਬਹੁਤ ਸਾਰੀਆਂ ਚੀਜ਼ਾਂ ਤੋਂ ਗਿਆਨ ਪ੍ਰਾਪਤ ਕਰ ਸਕਦੇ ਹਾਂ। ਕਿਤਾਬਾਂ ਗਿਆਨ ਪ੍ਰਾਪਤ ਕਰਨ ਦਾ ਸਭ ਤੋਂ ਵਧੀਆ ਸਾਧਨ ਹਨ। ਬਚਪਨ ਵਿਚ ਵੀ, ਜਦੋਂ ਸਾਨੂੰ ਸਭ ਨੂੰ ਸਕੂਲ ਵਿਚ ਕਿਤਾਬਾਂ ਰਾਹੀਂ ਹੀ ਗਿਆਨ ਮਿਲਦਾ ਹੈ। ਅਰਥਾਤ ਪੁਸਤਕਾਂ ਨੂੰ ਗਿਆਨ ਪ੍ਰਾਪਤੀ ਦਾ ਮੁੱਖ ਸਾਧਨ ਮੰਨਿਆ ਜਾਂਦਾ ਹੈ। ਜਿੰਨੀਆਂ ਜ਼ਿਆਦਾ ਕਿਤਾਬਾਂ ਤੁਸੀਂ ਪੜ੍ਹੋਗੇ, ਓਨਾ ਹੀ ਜ਼ਿਆਦਾ ਗਿਆਨ ਪ੍ਰਾਪਤ ਹੋਵੇਗਾ ਅਤੇ ਤੁਸੀਂ ਇਹ ਸਭ ਜਾਣਦੇ ਹੋ। ਗਿਆਨ ਦੇ ਇੰਨੇ ਫਾਇਦੇ ਹਨ ਕਿ ਜਿੰਨਾ ਜ਼ਿਆਦਾ ਗਿਆਨ ਤੁਹਾਡੇ ਕੋਲ ਹੋਵੇਗਾ, ਤੁਸੀਂ ਆਪਣੇ ਜੀਵਨ ਵਿਚ ਓਨੇ ਹੀ ਸਫਲ ਹੋਵੋਗੇ। ਇਸ ਬਾਰੇ ਇੱਕ ਕਹਾਵਤ ਇਹ ਵੀ ਹੈ ਕਿ ਕੋਈ ਵੀ ਵਿਅਕਤੀ ਤੁਹਾਡਾ ਪੈਸਾ ਚੋਰੀ ਕਰ ਸਕਦਾ ਹੈ, ਤੁਹਾਡੀ ਜਾਇਦਾਦ ਲੈ ਸਕਦਾ ਹੈ ਪਰ ਕੋਈ ਵੀ ਵਿਅਕਤੀ ਤੁਹਾਡੇ ਤੋਂ ਤੁਹਾਡਾ ਗਿਆਨ ਨਹੀਂ ਖੋਹ ਸਕਦਾ। ਇੰਨਾ ਹੀ ਨਹੀਂ, ਅਸੀਂ ਤੁਹਾਨੂੰ ਇਕ ਜ਼ਰੂਰੀ ਗੱਲ ਇਹ ਵੀ ਦੱਸ ਦੇਈਏ ਕਿ ਤੁਹਾਡੀ ਕੋਈ ਵੀ ਚੀਜ਼ ਜਿਵੇਂ ਪੈਸਾ, ਕਾਰ, ਸ਼ੋਹਰਤ ਆਦਿ ਸ਼ੇਅਰ ਕਰਨ ਨਾਲ ਘਟਦੀ ਹੈ ਪਰ ਗਿਆਨ ਹੀ ਅਜਿਹੀ ਚੀਜ਼ ਹੈ, ਜੋ ਸ਼ੇਅਰ ਕਰਨ ਨਾਲ ਵਧਦੀ ਹੈ। ਸੋ ਦੋਸਤੋ, ਇਸ ਲਈ ਹਰ ਵਿਅਕਤੀ ਲਈ ਗਿਆਨ ਪ੍ਰਾਪਤ ਕਰਨਾ ਬਹੁਤ ਜ਼ਰੂਰੀ ਹੈ। ਇਹ ਜ਼ਰੂਰੀ ਹੈ। ਇਸੇ ਲਈ ਸਾਨੂੰ ਸਭ ਨੂੰ ਸਕੂਲ ਵਿਚ ਕਿਤਾਬਾਂ ਰਾਹੀਂ ਪੜ੍ਹਾਇਆ ਜਾਂਦਾ ਹੈ। ਸੋ ਦੋਸਤੋ, ਇਸ ਲਈ ਹਰ ਵਿਅਕਤੀ ਨੂੰ ਕਿਤਾਬ ਜ਼ਰੂਰ ਪੜ੍ਹਨੀ ਚਾਹੀਦੀ ਹੈ ਕਿਉਂਕਿ ਕਿਤਾਬ ਦੀ ਮਦਦ ਨਾਲ ਹੀ ਅਸੀਂ ਸਾਰੇ ਗਿਆਨ ਪ੍ਰਾਪਤ ਕਰਦੇ ਹਾਂ।

ਤਿੱਖੀ ਮੈਮੋਰੀ: ਕਿਤਾਬਾਂ ਪੜ੍ਹਨ ਦਾ ਇੱਕ ਫਾਇਦਾ ਇਹ ਹੈ ਕਿ ਕਿਤਾਬਾਂ ਪੜ੍ਹਨ ਨਾਲ ਯਾਦਦਾਸ਼ਤ ਵੀ ਤੇਜ਼ ਹੁੰਦੀ ਹੈ। ਤੁਸੀਂ ਸਾਰੇ ਜਾਣਦੇ ਹੋ ਕਿ ਜੇਕਰ ਕੋਈ ਵੀ ਵਿਅਕਤੀ ਟੀ.ਵੀ. ਦੇਖਦਾ ਹੈ, ਗੀਤ ਸੁਣਦਾ ਹੈ ਜਾਂ ਰੇਡੀਓ ਸੁਣਦਾ ਹੈ ਤਾਂ ਉਹ ਕਈ ਵਾਰ ਇਨ੍ਹਾਂ ਸਾਰੀਆਂ ਚੀਜ਼ਾਂ ਤੋਂ ਬੋਰ ਹੋ ਜਾਂਦਾ ਹੈ। ਇਹ ਸਭ ਕੁਝ ਕਰਨ ਨਾਲ ਸਾਡੇ ਮਨ ਦੀ ਰਚਨਾਤਮਕਤਾ ਵੀ ਵਧਦੀ ਹੈ। ਇਹ ਘਟਦਾ ਰਹਿੰਦਾ ਹੈ। ਪਰ ਜੇਕਰ ਕੋਈ ਵੀ ਵਿਅਕਤੀ ਕਿਤਾਬ ਪੜ੍ਹਦਾ ਹੈ, ਤਾਂ ਉਸ ਦੀ ਬੁੱਧੀ ਤਿੱਖੀ ਹੋ ਜਾਂਦੀ ਹੈ ਅਤੇ ਉਸ ਨੂੰ ਇਸ ਬਾਰੇ ਬਹੁਤ ਸਾਰੀ ਜਾਣਕਾਰੀ ਮਿਲਦੀ ਹੈ। ਕਿਤਾਬਾਂ ਪੜ੍ਹਨ ਨਾਲ ਮਨ ਦੀ ਸਥਿਰਤਾ ਬਣੀ ਰਹਿੰਦੀ ਹੈ ਅਤੇ ਇਹ ਸਾਡੀ ਯਾਦਾਸ਼ਤ ਨੂੰ ਵੀ ਤੇਜ਼ ਕਰਦੀ ਹੈ। ਜੇਕਰ ਤੁਹਾਨੂੰ ਸਮਝ ਨਹੀਂ ਆਈ, ਤਾਂ ਅਸੀਂ ਤੁਹਾਨੂੰ ਇੱਥੇ ਇਸਦੀ ਉਦਾਹਰਣ ਵੀ ਦੱਸਾਂਗੇ। ਜੇਕਰ ਕੋਈ ਵਿਅਕਤੀ ਕਿਤਾਬ ਦੀ ਮਦਦ ਨਾਲ ਕੁਝ ਵੀ ਸਿੱਖਦਾ ਹੈ, ਮੰਨ ਲਓ ਕਿ ਜੇਕਰ ਤੁਸੀਂ ਕਿਤਾਬ ਦੀ ਮਦਦ ਨਾਲ ਖਾਣਾ ਬਣਾਉਣਾ ਸਿੱਖਦੇ ਹੋ, ਤਾਂ ਜਦੋਂ ਵੀ ਉਹ ਵਿਅਕਤੀ ਖਾਣਾ ਬਣਾਉਂਦਾ ਹੈ, ਤਾਂ ਉਸ ਵਿਅਕਤੀ ਦਾ ਮਨ ਆਪਣੇ ਆਪ ਉਸ ਚੀਜ਼ ਦੀਆਂ ਤਸਵੀਰਾਂ ਬਣਾਉਣ ਲੱਗ ਪੈਂਦਾ ਹੈ। ਉਹ ਚਿੰਤਤ ਹੋ ਜਾਂਦਾ ਹੈ ਅਤੇ ਉਹ ਯਾਦ ਕਰਦਾ ਰਹਿੰਦਾ ਹੈ ਕਿ ਕਿਸ ਕਦਮ ਤੋਂ ਬਾਅਦ ਕੀ ਕਰਨਾ ਹੈ। ਸੋ ਦੋਸਤੋ, ਇਸੇ ਲਈ ਹਰ ਕੋਈ ਮੰਨਦਾ ਹੈ ਕਿ ਕਿਤਾਬ ਪੜ੍ਹਨ ਦੇ ਬਹੁਤ ਸਾਰੇ ਫਾਇਦੇ ਹਨ ਅਤੇ ਇਹ ਤੁਹਾਡੀ ਯਾਦਦਾਸ਼ਤ ਨੂੰ ਵੀ ਤੇਜ਼ ਕਰਦਾ ਹੈ। ਇਸ ਲਈ ਹਰ ਵਿਅਕਤੀ ਨੂੰ ਪੁਸਤਕ ਪੜ੍ਹਨੀ ਚਾਹੀਦੀ ਹੈ, ਤਾਂ ਜੋ ਹਰ ਕੋਈ ਇਸ ਦਾ ਲਾਭ ਉਠਾ ਸਕੇ।

ਫੋਕਸ ਅਤੇ ਇਕਾਗਰਤਾ ਵਿਚ ਵਾਧਾ: ਅੱਜ ਦੇ ਸਮੇਂ ਵਿਚ ਹਰ ਵਿਅਕਤੀ ਦਾ ਮਨ ਵੱਖ-ਵੱਖ ਥਾਵਾਂ ਵੱਲ ਖਿੱਚਿਆ ਜਾਂਦਾ ਹੈ, ਅੱਜ ਦੇ ਸਮੇਂ ਵਿਚ, ਲਗਭਗ ਹਰ ਵਿਅਕਤੀ ਵਿਚ ਇੱਕ ਬੁਰੀ ਆਦਤ ਹੈ, ਯਾਨੀ ਹਰ ਵਿਅਕਤੀ ਹਰ 5-10 ਮਿੰਟਾਂ ਵਿਚ ਵਿਅਕਤੀ ਕੋਈ ਵੀ ਕੰਮ ਕਰ ਰਿਹਾ ਹੋਵੇ, ਉਸ ਨੂੰ ਆਪਣੇ ਮੋਬਾਈਲ ਨੂੰ ਵਿਚਕਾਰੋਂ ਇੱਕ ਵਾਰ ਜ਼ਰੂਰ ਖੋਲ੍ਹਣਾ ਚਾਹੀਦਾ ਹੈ ਅਤੇ ਉਸ ਵਿਚ ਬਹੁਤ ਸਾਰੀਆਂ ਚੀਜ਼ਾਂ ਦੀ ਜਾਂਚ ਕਰਨੀ ਚਾਹੀਦੀ ਹੈ ਕਿ ਉਸਨੂੰ ਕੋਈ ਸੁਨੇਹਾ ਆਇਆ ਹੈ ਜਾਂ ਨਹੀਂ, ਉਸਨੂੰ ਕੋਈ ਕਾਲ ਆਈ ਹੈ ਜਾਂ ਨਹੀਂ। ਇਹ ਸਾਰੀਆਂ ਚੀਜ਼ਾਂ ਸਾਨੂੰ ਦੱਸਦੀਆਂ ਹਨ ਕਿ ਸਾਡੇ ਵਿਚ ਧਿਆਨ ਅਤੇ ਇਕਾਗਰਤਾ ਦੀ ਕਮੀ ਹੈ। ਪਰ ਇਹ ਸਭ ਕੁਝ ਠੀਕ ਕੀਤਾ ਜਾ ਸਕਦਾ ਹੈ ਅਤੇ ਇਸ ਨੂੰ ਠੀਕ ਕਰਨ ਲਈ ਤੁਹਾਨੂੰ ਆਪਣਾ ਕੁਝ ਸਮਾਂ ਕਿਤਾਬਾਂ ਨੂੰ ਦੇਣਾ ਪਵੇਗਾ। ਕਿਤਾਬਾਂ ਪੜ੍ਹਨ ਦੇ ਫਾਇਦੇ ਇਹ ਵੀ ਹਨ ਕਿ ਕਿਤਾਬ ਪੜ੍ਹਨ ਨਾਲ ਇਕਾਗਰਤਾ ਅਤੇ ਫੋਕਸ ਦੋਵੇਂ ਵਧਦੇ ਹਨ, ਭਾਵ ਜਦੋਂ ਤੁਸੀਂ ਆਪਣੀ ਪਸੰਦ ਦੇ ਕਿਸੇ ਵੀ ਵਿਸ਼ੇ ਦਾ ਅਧਿਐਨ ਕਰਦੇ ਹੋ। ਜਦੋਂ ਤੁਸੀਂ ਉਸ ਦੀ ਪੁਸਤਕ ਬਾਰੇ ਪੜ੍ਹਦੇ ਹੋ, ਤਾਂ ਤੁਹਾਡਾ ਧਿਆਨ ਸਿਰਫ਼ ਉਸ ਵਿਚ ਹੀ ਰਹਿੰਦਾ ਹੈ ਅਤੇ ਤੁਹਾਡਾ ਧਿਆਨ ਕਿਧਰੇ ਨਹੀਂ ਭਟਕਦਾ। ਜਿਸ ਕਾਰਨ ਤੁਹਾਡੇ ਮਨ ਵਿਚ ਇਕਾਗਰਤਾ ਅਤੇ ਫੋਕਸ ਵਧਦਾ ਹੈ ਅਤੇ ਤੁਸੀਂ ਕੋਈ ਵੀ ਕੰਮ ਲਗਨ ਨਾਲ ਕਰ ਸਕਦੇ ਹੋ। ਇਹ ਵੀ ਮੰਨਿਆ ਜਾਂਦਾ ਹੈ ਕਿ ਦਿਨ ਵਿਚ ਸਿਰਫ਼ 20 ਮਿੰਟ ਇੱਕ ਕਿਤਾਬ ਪੜ੍ਹਨ ਨਾਲ ਤੁਹਾਡੀ ਇਕਾਗਰਤਾ ਅਤੇ ਫੋਕਸ ਵਧਦਾ ਹੈ। ਸੋ ਦੋਸਤੋ, ਇਸ ਲਈ ਹਰ ਕਿਸੇ ਨੂੰ ਕਿਤਾਬ ਜ਼ਰੂਰ ਪੜ੍ਹਨੀ ਚਾਹੀਦੀ ਹੈ।

ਬਿਹਤਰ ਸੌਣ ਲਈ: ਦੋਸਤੋ, ਤੁਹਾਨੂੰ ਸਾਰਿਆਂ ਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਹਰ ਚੀਜ਼ ਦੀ ਤਰ੍ਹਾਂ ਸਾਡੇ ਸਰੀਰ ਨੂੰ ਵੀ ਆਰਾਮ ਦੀ ਲੋੜ ਹੁੰਦੀ ਹੈ, ਜਿਸ ਦੀ ਸਾਨੂੰ ਸੌਣ ਦੀ ਲੋੜ ਹੁੰਦੀ ਹੈ। ਆਓ ਇਸ ਨੂੰ ਪ੍ਰਾਪਤ ਕਰੀਏ। ਕਈ ਲੋਕ ਇਹ ਵੀ ਸ਼ਿਕਾਇਤ ਕਰਦੇ ਹਨ ਕਿ ਉਨ੍ਹਾਂ ਨੂੰ ਰਾਤ ਨੂੰ ਨੀਂਦ ਨਹੀਂ ਆਉਂਦੀ। ਇਸ ਲਈ ਰਾਤ ਨੂੰ ਨੀਂਦ ਆਉਣ ਲਈ ਲੋਕ ਕਈ ਨੁਸਖੇ ਅਪਣਾਉਂਦੇ ਹਨ, ਤਾਂ ਜੋ ਉਨ੍ਹਾਂ ਨੂੰ ਨੀਂਦ ਆ ਸਕੇ। ਕੁਝ ਲੋਕ ਰਾਤ ਨੂੰ ਸੌਣ ਲਈ ਟੀ.ਵੀ. ਦੇਖਦੇ ਹਨ, ਕੁਝ ਗੀਤ ਸੁਣਦੇ ਹਨ ਅਤੇ ਕੁਝ ਲੋਕ ਅਜਿਹੇ ਵੀ ਹੁੰਦੇ ਹਨ, ਜੋ ਨੀਂਦ ਆਉਣ ਲਈ ਗੋਲੀਆਂ ਦਾ ਸਹਾਰਾ ਲੈਂਦੇ ਹਨ, ਜੋ ਬਹੁਤ ਨੁਕਸਾਨਦੇਹ ਹਨ। ਜੇ ਤੁਸੀਂ ਸੌਣ ਲਈ ਇੱਕ ਕਿਤਾਬ ਪੜ੍ਹ ਸਕੋ, ਜੀ ਹਾਂ ਬਹੁਤ ਸਾਰੇ ਲੋਕ ਰਾਤ ਨੂੰ ਸੌਣ ਲਈ ਕਿਤਾਬ ਪੜ੍ਹਦੇ ਹਨ, ਤਾਂ ਕਿ ਉਨ੍ਹਾਂ ਨੂੰ ਚੰਗੀ ਨੀਂਦ ਆ ਸਕੇ। ਅਜਿਹਾ ਇਸ ਲਈ ਕਿਉਂਕਿ ਮੰਨਿਆ ਜਾਂਦਾ ਹੈ ਕਿ ਜੇਕਰ ਕੋਈ ਵਿਅਕਤੀ ਰਾਤ ਨੂੰ ਮੱਧਮ ਰੌਸ਼ਨੀ ਵਿਚ ਕੋਈ ਕਿਤਾਬ ਪੜ੍ਹਦਾ ਹੈ, ਤਾਂ ਉਹ ਬਹੁਤ ਜਲਦੀ ਸੌਂ ਜਾਂਦਾ ਹੈ ਕਿਉਂਕਿ ਜਦੋਂ ਤੁਸੀਂ ਕੋਈ ਕਿਤਾਬ ਪੜ੍ਹਦੇ ਹੋ, ਤਾਂ ਤੁਹਾਡਾ ਦਿਮਾਗ ਜਲਦੀ ਥੱਕ ਜਾਂਦਾ ਹੈ, ਜਿਸ ਕਾਰਨ ਤੁਸੀਂ ਜਲਦੀ ਸੌਂ ਜਾਂਦੇ ਹੋ। ਰਾਤ ਨੂੰ ਟੀ.ਵੀ. ਦੇਖਣ ਜਾਂ ਮੋਬਾਈਲ ਦੀ ਵਰਤੋਂ ਕਰਦੇ ਸਮੇਂ ਸੌਣ ਨਾਲੋਂ ਕਿਤਾਬ ਪੜ੍ਹਦਿਆਂ ਸੌਣਾ ਬਿਹਤਰ ਹੈ, ਕਿਉਂਕਿ ਇਸ ਨਾਲ ਤੁਹਾਨੂੰ ਲਾਭ ਮਿਲਦਾ ਹੈ, ਤੁਹਾਨੂੰ ਮਨ ਨੂੰ ਸ਼ਾਂਤੀ ਮਿਲਦੀ ਹੈ, ਤੁਹਾਨੂੰ ਗਿਆਨ ਵੀ ਮਿਲਦਾ ਹੈ ਅਤੇ ਤੁਹਾਨੂੰ ਜਲਦੀ ਨੀਂਦ ਵੀ ਆਉਂਦੀ ਹੈ। ਤਾਂ ਦੋਸਤੋ, ਇਸ ਲਈ ਤੁਸੀਂ ਰਾਤ ਨੂੰ ਸੌਂ ਸਕਦੇ ਹੋ, ਤੁਸੀਂ ਕਿਤਾਬ ਦੀ ਵਰਤੋਂ ਵੀ ਕਰ ਸਕਦੇ ਹੋ, ਤੁਹਾਨੂੰ ਇਸ ਤੋਂ ਬਹੁਤ ਸਾਰੇ ਫਾਇਦੇ ਮਿਲਣਗੇ




# ਅੰਨ੍ਹੇ ਘੋੜੇ ਦਾ ਦਾਨ ਬਨਾਮ ਰੰਗਲਾ ਪੰਜਾਬ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)





ਪੰਜਾਬ 'ਚ ਇੱਕੋ ਦਿਨ ਵਿਚ ਤਿੰਨ ਅਹਿਮ ਘਟਨਾਵਾਂ ਵਾਪਰੀਆਂ। ਅੰਮ੍ਰਿਤਪਾਲ ਸਿੰਘ ਦੇ ਤਲਵਾਰਾਂ ਅਤੇ ਲਾਠੀਆਂ ਨਾਲ ਲੈਸ ਵੱਡੀ ਗਿਣਤੀ 'ਚ ਸਾਥੀਆਂ ਦਾ ਅੰਮ੍ਰਿਤਸਰ ਦੇ ਕਸਬਾ ਅਜਨਾਲਾ ਵਿਚ ਪੁਲਿਸ ਥਾਣੇ ਦੇ ਬਾਹਰ-ਅੰਦਰ ਟਕਰਾਅ ਦਾ ਹੋਣਾ ਪਹਿਲੀ ਘਟਨਾ ਸੀ। ਆਖ਼ਰ ਇਹੋ ਜਿਹੇ ਹਾਲਾਤ ਕਿਉਂ ਬਣੇ ਜਾਂ ਬਣਨ ਦਿੱਤੇ ਗਏ ਕਿ ਰੋਹ ਆਪਸੀ ਟਕਰਾਅ ਤੱਕ ਵਧਣ ਦਿੱਤਾ ਗਿਆ।

ਦੂਜੀ ਘਟਨਾ, ਸੂਬੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪ੍ਰੋਹਿਤ ਵਲੋਂ ਪੰਜਾਬ ਸਰਕਾਰ ਦੀ ਕੈਬਨਿਟ ਵਲੋਂ ਮਤਾ ਪਾਸ ਕਰਕੇ ਪੰਜਾਬ ਅਸੈਂਬਲੀ ਦਾ ਤਿੰਨ ਮਾਰਚ ਤੋਂ ਬਜਟ ਇਜਲਾਸ ਸੱਦਣ ਦੀ ਪ੍ਰਵਾਨਗੀ ਨੂੰ ਕਾਨੂੰਨੀ ਸਲਾਹ ਲੈਣ ਦੀ ਆੜ 'ਚ ਲਟਕਾਉਣਾ ਹੈ। ਸਵਾਲ ਉੱਠਦਾ ਹੈ ਕਿ ਇਹੋ ਜਿਹੀ ਸਥਿਤੀ ਗੈਰ ਭਾਜਪਾ ਸ਼ਾਸਿਤ ਰਾਜਾਂ ਵਿਚ ਹੀ ਕਿਉਂ ਹੈ?

ਤੀਜੀ, 5ਵੇਂ ਪ੍ਰੋਗਰੈਸਿਵ ਪੰਜਾਬ ਇਨਵੈਸਟਰ ਸਮਿੱਟ 2023 'ਚ ਕੌਮਾਂਤਰੀ ਅਤੇ ਕੌਮੀ ਨਿਵੇਸ਼ਕਾਂ ਵਲੋਂ ਪੰਜਾਬ 'ਚ ਨਿਵੇਸ਼ ਕਰਨ ਲਈ ਲਗਭਗ ਨਾਂਹ ਦੇ ਬਰਾਬਰ ਹੁੰਗਾਰਾ ਅਤੇ ਸੂਬੇ ਦੇ ਸਨੱਅਤਕਾਰਾਂ ਦੀ ਸੰਪੂਰਨ ਰੂਪ 'ਚ ਗੈਰ ਹਾਜ਼ਰੀ। ਸਵਾਲ ਹੈ ਕਿ ਪੰਜਾਬ 'ਚ ਨਿਵੇਸ਼ ਕਿਉਂ ਨਹੀਂ ਹੋਣ ਦਿੱਤਾ ਜਾ ਰਿਹਾ?

ਘਟਨਾਵਾਂ ਸਾਧਾਰਨ ਨਹੀਂ। ਇਹ ਦਿੱਲੀ ਹਾਕਮਾਂ ਵਲੋਂ ਸੂਬੇ ਪੰਜਾਬ ਨੂੰ ਅਰਾਜਕਤਾ ਵੱਲ ਧੱਕ ਸੁੱਟਣ ਦਾ ਅਤੇ ਪੰਜਾਬ ਦੀ ਆਰਥਿਕਤਾ ਨੂੰ ਖੋਰਾ ਲਾਉਣ ਦੀ ਦਿਸ਼ਾ 'ਚ ਤਿੱਖਾ ਤੇ ਕੋਝਾ ਯਤਨ ਹਨ। ਪੰਜਾਬ ਦੇ ਹਾਲਾਤ ਇਹੋ ਜਿਹੇ ਬਣਾਏ ਜਾ ਰਹੇ ਹਨ ਕਿ ਪੰਜਾਬ ਨੂੰ ਚੁਣੀ ਹੋਈ ਸਰਕਾਰ ਤੋਂ ਖੋਹ ਕੇ (ਜੋ ਭਾਵੇਂ ਚੰਗਾ ਕੰਮ ਕਰ ਰਹੀ ਹੈ ਜਾਂ ਮਾੜਾ, ਪੰਜਾਬ ਦੇ ਲੋਕਾਂ ਦੀ ਚੁਣੀ ਹੋਈ ਸਰਕਾਰ ਹੈ) ਪੰਜਾਬ 'ਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਜਾਵੇ। ਇਹੋ ਜਿਹੀ ਮੰਗ ਭਾਜਪਾ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਕਰ ਵੀ ਦਿੱਤੀ ਹੈ।

ਕਿਸੇ ਨਾ ਕਿਸੇ ਬਹਾਨੇ ਸੂਬੇ ਦਾ ਗਵਰਨਰ ਬਨਵਾਰੀ ਲਾਲ ਪ੍ਰੋਹਿਤ ਕਦੇ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਦਾ ਦੌਰਾ ਕਰਦਾ ਹੈ, ਕਦੇ ਵੰਨੇ-ਸਵੰਨੇ ਹੁਕਮ ਜਾਰੀ ਕਰਕੇ ਪੰਜਾਬ ਸਰਕਾਰ ਤੋਂ ਸਪੱਸ਼ਟੀਕਰਨ ਮੰਗ ਰਿਹਾ ਹੈ। ਸੂਬੇ ਦੇ ਲੋਕ ਲਗਾਤਾਰ ਇਸ ਗੱਲ ਲਈ ਸਵਾਲ ਚੁੱਕਦੇ ਹਨ ਕਿ ਕੀ ਗਵਰਨਰ ਪੰਜਾਬ ਦੀ ਇਹ ਭੂਮਿਕਾ ਜਾਇਜ਼ ਹੈ? ਬਿਨ੍ਹਾਂ ਸ਼ੱਕ ਗਵਰਨਰ ਦੇ ਅਧਿਕਾਰ ਹਨ। ਉਹ ਸਰਕਾਰ ਤੋਂ ਸਪੱਸ਼ਟੀਕਰਨ ਮੰਗ ਸਕਦੇ ਹਨ। ਪਰ ਸਰਹੱਦੀ ਸੂਬੇ 'ਚ ਸੰਵਿਧਾਨਿਕ ਸੰਕਟ ਪੈਦਾ ਕਰਨਾ, ਕੀ ਚੰਗਾ ਹੈ?

ਉਪਰੋਂ ਕਦੇ ਗੈਂਗਸਟਰਾਂ ਰਾਹੀਂ ਸੂਬੇ 'ਚ ਅਮਨ ਕਾਨੂੰਨ ਦੀ ਸਥਿਤੀ ਭੰਗ ਕਰਕੇ ਇਹੋ ਜਿਹਾ ਮਾਹੌਲ ਬਣਾਇਆ ਜਾ ਰਿਹਾ ਹੈ ਕਿ ਸੂਬੇ ਦੇ ਲੋਕ ਚੈਨ ਨਾਲ ਨਾ ਰਹਿਣ। ਕੁਝ ਘਟਨਾਵਾਂ ਇਹੋ ਜਿਹੀਆਂ ਵਾਪਰਨ ਦਿੱਤੀਆਂ ਜਾ ਰਹੀਆਂ ਹਨ ਕਿ ਲੋਕਾਂ 'ਚ ਡਰ ਪੈਦਾ ਹੋਵੇ। ਲੋਕ ਖਾਸ ਕਰਕੇ ਨੌਜਵਾਨ ਮਹਿਸੂਸ ਕਰਨ ਕਿ ਉਨ੍ਹਾਂ ਨੂੰ ਨਿਆਂ ਨਹੀਂ ਮਿਲ ਰਿਹਾ। ਜਿਵੇਂ 1980ਵਿਆਂ 'ਚ ਵਾਪਰਿਆ ਸੀ ਜਾਂ ਵਾਪਰਨ ਦਿੱਤਾ ਗਿਆ ਸੀ। ਸਿੱਟੇ ਵਜੋਂ ਦੇਸ਼ ਦੀ ਇੱਕ ਵੱਡੀ ਸਿਆਸੀ ਪਾਰਟੀ ਨੇ ਪੰਜਾਬ ਨੂੰ ਮਿੱਧਕੇ ਦੇਸ਼ 'ਚ ਆਪਣੀ ਹਕੂਮਤ ਅੱਗੇ ਵਧਾਈ ਸੀ। ਕੀ ਇਤਿਹਾਸ ਮੁੜ ਤਾਂ ਨਹੀਂ ਦੁਹਰਾਇਆ ਜਾ ਰਿਹਾ ਚਾਰ ਦਹਾਕਿਆਂ ਬਾਅਦ?

ਜਦੋਂ ਅਗਲੇ ਵਰ੍ਹੇ "ਦੇਸ਼ ਮਹਾਨ" 'ਚ ਚੋਣਾਂ ਹੋਣ ਜਾ ਰਹੀਆਂ ਹਨ, ਦੇਸ਼ ਦੇ ਲੋਕ ਬਦਹਾਲ ਹਨ, ਉਪਰਾਮ ਹਨ, ਗਰੀਬੀ, ਭ੍ਰਿਸ਼ਟਾਚਾਰ ਨਾਲ ਨਪੀੜੇ ਜਾ ਰਹੇ ਹਨ ਅਤੇ ਦੇਸ਼ ਦੀ ਹੁਣ ਦੀ ਸਭ ਤੋਂ ਵੱਡੀ ਪਾਰਟੀ ਸਰਹੱਦੀ ਸੂਬੇ ਪੰਜਾਬ 'ਚ ਉਹੋ ਜਿਹੀ ਸਥਿਤੀ ਪੈਦਾ ਕਰਕੇ 2024 ਦੀਆਂ ਚੋਣਾਂ ਜਿੱਤਣ ਲਈ ਇੱਕ ਸਟੇਜ ਤਿਆਰ ਕਰ ਰਹੀ ਹੈ। ਜਿਸ ਨਾਲ ਦੇਸ਼ ਦੇ ਦੂਜੇ ਰਾਜਾਂ ਦੇ ਲੋਕਾਂ ਨੂੰ ਡਰਾਇਆ ਜਾਵੇ, ਉਨ੍ਹਾਂ 'ਚ ਨਫਰਤੀ ਰੰਗ ਖਿਲਾਰਿਆ ਜਾਵੇ। ਉਨ੍ਹਾਂ ਦਾ ਧਰੁਵੀਕਰਨ ਕਰਕੇ ਲੋਕਾਂ ਨੂੰ ਜਾਤ, ਧਰਮ ਦੇ ਨਾਂ 'ਤੇ ਵੰਡਕੇ "ਇਕੋ ਰੰਗ" ਦੀਆਂ ਵੋਟਾਂ ਪ੍ਰਾਪਤ ਕੀਤੀਆਂ ਜਾਣ ਅਤੇ ਅਗਲੇ ਪੰਜ ਸਾਲਾਂ ਲਈ ਆਪਣੀ ਗੱਦੀ ਸੁਰੱਖਿਅਤ ਕਰ ਲਈ ਜਾਵੇ।

ਦੇਸ਼ ਦਾ ਹਾਕਮ ਪਿਛਲਾ ਕੁਝ ਸਮਾਂ ਪੰਜਾਬੀਆਂ ਦੇ ਏਕੇ ਤੋਂ ਹਿਤਾਸ਼ ਹੋਇਆ ਹੈ, ਘਬਰਾਇਆ ਹੈ, ਪ੍ਰੇਸ਼ਾਨ ਹੋਇਆ ਹੈ, ਕਿਸਾਨ ਅੰਦੋਲਨ ਨੇ ਉਸਦੇ ਛੱਕੇ ਛੁਡਾਏ ਹਨ, ਉਸਨੂੰ ਲੋਕਾਂ ਦੇ ਕਟਿਹਰੇ 'ਚ ਨਤਮਸਤਕ ਹੋਣ 'ਤੇ ਮਜਬੂਰ ਹੋਣਾ ਪਿਆ ਹੈ, ਲੋਕ ਵਿਰੋਧੀ ਕਾਨੂੰਨ ਉਸਨੂੰ ਵਾਪਸ ਲੈਣੇ ਪਏ ਹਨ। ਇਹ ਗੱਲ ਦਿੱਲੀ ਹਾਕਮ ਦੇ ਸੀਨੇ 'ਚ ਹੈ। ਇਸੇ ਵਜਾਹ ਕਰਕੇ ਉਹ ਪੰਜਾਬ ਨੂੰ ਪ੍ਰੇਸ਼ਾਨ ਕਰਦਾ ਹੈ, ਇਥੇ ਸਮੱਸਿਆਵਾਂ ਖੜ੍ਹੀਆਂ ਕਰਦਾ ਹੈ। ਇਥੋਂ ਦੀ ਆਰਥਿਕਤਾ ਨੂੰ ਖੋਰਾ ਲਾਉਣ ਲਈ ਲਗਾਤਾਰ ਕਦਮ ਚੁੱਕਦਾ ਹੈ। ਇਹੋ ਕਾਰਨ ਹੈ ਕਿ ਪੰਜਾਬੀ, ਕੇਂਦਰ ਤੋਂ ਪ੍ਰੇਸ਼ਾਨ ਰਹਿੰਦੇ ਹਨ, ਉਨ੍ਹਾਂ ਨੂੰ ਆਪਣੇ ਪ੍ਰਤੀ ਕੀਤਾ ਜਾਂਦਾ ਦੁਪਰਿਆਰਾ ਸਲੂਕ ਚੁੱਭਦਾ ਹੈ। ਉਨ੍ਹਾਂ ਨੂੰ ਜਾਪਦਾ ਹੈ ਕਿ ਉਨ੍ਹਾਂ ਨਾਲ ਨਿਆਂ ਨਹੀਂ ਹੋ ਰਿਹਾ। ਉਹ ਆਪਣੇ ਹੱਕਾਂ ਤੋਂ ਵਾਂਝੇ ਕੀਤੇ ਜਾ ਰਹੇ ਹਨ। ਤਦੇ ਉਬਾਲ ਬਣਕੇ ਕਿਸੇ ਨਾ ਕਿਸੇ ਰੂਪ 'ਚ ਸਾਹਮਣੇ ਆਉਂਦਾ ਹੈ।


ਪ੍ਰਸਿੱਧ ਵਿਚਾਰਵਾਨ ਅਤੇ ਪੰਜਾਬੀ ਟ੍ਰਿਬਿਊਨ ਦੇ ਮੁੱਖ ਸੰਪਾਦਕ ਸਵਰਾਜਬੀਰ 26 ਫਰਵਰੀ 2023 ਦੀ ਸੰਪਾਦਕੀ 'ਚ ਲਿਖਦੇ ਹਨ, "ਇਨ੍ਹਾਂ ਸਮਿਆਂ ਵਿਚ ਸਮਾਜ ਵਿਚ ਜਿਹੜਾ ਵਰਤਾਰਾ ਵੱਡੇ ਰੂਪ ਵਿਚ ਹਾਜ਼ਰ ਹੈ, ਉਹ ਹੈ ਨਿਆਂ ਦੀ ਗੈਰਹਾਜ਼ਰੀ। ਸਿਆਸੀ ਆਗੂਆਂ ਨੇ ਆਪਣੇ ਸੌੜੇ ਸਿਆਸੀ ਹਿੱਤਾਂ ਲਈ ਪੰਜਾਬ ਨਾਲ ਧ੍ਰੋਹ ਕੀਤਾ, ਜਿਸ ਕਾਰਨ 1984 ਵਿਚ ਫੌਜ ਦਰਬਾਰ ਸਾਹਿਬ ਵਿਚ ਦਾਖ਼ਲ ਹੋਈ। 1984 ਵਿਚ ਹੀ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦਿੱਲੀ, ਕਾਨਪੁਰ ਤੇ ਹੋਰ ਸ਼ਹਿਰਾਂ ਵਿਚ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਹੋਇਆ। ਦੋਸ਼ੀਆਂ ਨੂੰ ਕੋਈ ਸਜ਼ਾ ਨਾ ਹੋਈ ਅਤੇ ਕਤਲੇਆਮ ਕਰਾਉਣ ਵਾਲੇ ਆਗੂ ਸੱਤਾ ਭੋਗਦੇ ਰਹੇ। 7-8 ਸਾਲ ਪਹਿਲਾਂ ਪੰਜਾਬ ਵਿਚ ਧਰਮ ਆਧਾਰਿਤ ਸਿਆਸਤ ਦਾ ਦਖ਼ਲ ਦੁਬਾਰਾ ਹੋਇਆ। ਸ਼ਰਾਰਤੀ ਅਨਸਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ, ਬੇਅਦਬੀ ਦਾ ਵਿਰੋਧ ਕਰ ਰਹੇ ਨਿਹੱਥੇ ਲੋਕਾਂ 'ਤੇ ਗੋਲੀ ਚਲਾਈ ਗਈ। ਸਰਕਾਰਾਂ ਬਦਲੀਆਂ ਪਰ ਕੋਈ ਵੀ ਸਰਕਾਰ ਇਨ੍ਹਾਂ ਘਟਨਾਵਾਂ ਲਈ ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਅਜਿਹੀ ਕਰਵਾਈ ਨਾ ਕਰ ਸਕੀ, ਜਿਸ ਨਾਲ ਲੋਕਾਂ ਦੇ ਦਿਲਾਂ 'ਤੇ ਲੱਗੇ ਜ਼ਖਮਾਂ ਉਤੇ ਮਲ੍ਹਮ ਲੱਗਦੀ। ਇਨ੍ਹਾਂ ਸਮਿਆਂ ਵਿਚ ਹੀ ਨਸ਼ਿਆਂ ਦਾ ਫੈਲਾਅ ਹੋਇਆ, ਬਦਮਾਸ਼ਾਂ ਦੇ ਟੋਲੇ (ਗੈਂਗ) ਉਭਾਰੇ ਤੇ ਪਰਵਾਸ ਦੇ ਰੁਝਾਨ ਨੇ ਜ਼ੋਰ ਫੜਿਆ"।

ਅਸਲ ਵਿਚ ਇਹ ਹਾਲਤਾਂ 'ਚ ਦੇਸ਼ ਦੇ ਚਤੁਰ, ਸ਼ਾਤਰ ਹਾਕਮ ਦੀ ਬਦੌਲਤ ਪੰਜਾਬ 'ਚ ਬਣਾਈਆਂ ਗਈਆਂ ਜਾਂ ਹੁਣ ਬਣਾਈਆਂ ਜਾ ਰਹੀਆਂ ਹਨ। ਆਜ਼ਾਦੀ ਦੇ 75 ਸਾਲਾਂ 'ਚ ਸਮੇਂ-ਸਮੇਂ ਇਹੋ ਜਿਹੀਆਂ ਘਟਨਾਵਾਂ ਵਾਪਰੀਆਂ ਕਿ ਦੇਸ਼ ਦੀ ਆਜ਼ਾਦੀ ਲਈ ਸਭ ਤੋਂ ਵੱਧ ਜਾਨਾਂ ਦੇਣ ਵਾਲਾ ਤੇ ਵੱਡਾ ਯੋਗਦਾਨ ਪਾਉਣ ਵਾਲਾ ਸੂਬਾ ਪੰਜਾਬ ਬੁਰੀ ਤਰ੍ਹਾਂ ਪੀੜਤ ਹੋਇਆ। '84 ਦੀ ਵੰਡ 'ਚ ਲੱਖਾਂ ਇਧਰਲੇ-ਉਧਰਲੇ ਪੰਜਾਬੀ ਮਰੇ, ਉਜੜੇ, ਪ੍ਰੇਸ਼ਾਨ, ਬਰਬਾਦ ਹੋਏ। ਸੌਖਾ ਸਾਹ ਆਇਆ ਸੀ ਕਿ ਪੰਜਾਬੀ ਸੂਬੇ ਦੀ ਪ੍ਰਾਪਤੀ ਅਤੇ ਹੋਰ ਹੱਕਾਂ ਲਈ ਪੰਜਾਬੀਆ ਨੂੰ ਸਿਰ ਦੇਣੇ ਪਏ। ਕੌਣ ਭੁੱਲ ਜਾਏਗਾ 1984 ਦੇ ਦੇਸ਼ ਭਰ 'ਚ ਹੋਏ ਸਿੱਖਾਂ ਦੇ ਕਤਲੇਆਮ ਨੂੰ ਅਤੇ ਉਨ੍ਹਾਂ ਵਿਰੁੱਧ ਫੈਲਾਈ ਨਫ਼ਰਤ ਨੂੰ। ਇਸ ਨਫ਼ਰਤੀ ਵਰਤਾਰੇ ਨਾਲ ਪੰਜਾਬੀਆਂ 'ਚ ਰੋਸ ਵਧਿਆ। ਦੁਪਰਿਆਰਾਪਨ ਪਨਪਿਆ ਅਤੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਤੇਜ਼ ਹੋਏ। ਰੋਹ ਵਧੇ। ਇਹੋ ਰੋਹ ਅਤੇ ਸੂਬੇ 'ਚ ਫੈਲੀ ਅਸੁਰੱਖਿਆ ਅਤੇ ਸਾਜ਼ਿਸ਼ਨ ਪੰਜਾਬ ਦੀ ਜੁਆਨੀ ਦੀ ਤਬਾਹੀ ਲਈ ਨਸ਼ਿਆਂ ਦਾ ਹਮਲਾ ਅਤੇ ਫਿਰ ਬੇਰੁਜ਼ਗਾਰੀ ਪੈਦਾ ਕਰਕੇ ਪੰਜਾਬੀਆਂ ਦਾ ਲੱਕ ਭੰਨਣ ਦੀਆਂ ਸਾਜ਼ਿਸ਼ਾਂ ਨੇ ਪੰਜਾਬ ਕੰਗਾਲ ਬਣਾ ਛੱਡਿਆ। ਹੱਸਦੇ, ਰਸਦੇ, ਪੰਜਾਬ ਨੂੰ, ਦੇਸ਼ 'ਚ ਮੋਹਰੀ ਪੰਜਾਬ ਦੀ ਆਰਥਿਕਤਾ ਨੂੰ, ਰੋਕਾਂ ਪਾਉਣ ਲਈ "ਦਿੱਲੀ ਸਰਕਾਰਾਂ" ਨੇ ਕਸਰ ਨਹੀਂ ਛੱਡੀ। ਰਾਜਧਾਨੀ ਖੋਹੀ। ਪੰਜਾਬ ਦੇ ਪੰਜਾਬੀ ਬੋਲਦੇ ਇਲਾਕੇ ਖੋਹੇ। ਪੰਜਾਬ ਦੇ ਦਰਿਆਈ ਪਾਣੀਆਂ 'ਤੇ ਡਾਕਾ ਮਾਰਿਆ। ਹਰੀ ਕ੍ਰਾਂਤੀ ਦੇ ਨਾਂਅ 'ਤੇ ਪੰਜਾਬ ਦੀ ਜਰਖੇਜ਼ ਜ਼ਮੀਨ ਤੇ ਧਰਤੀ ਹੇਠਲਾ ਪਾਣੀ ਦੇਸ਼ ਦੇ ਅੰਨ ਦੀ ਘਾਟ ਪੂਰੀ ਕਰਨ ਦੇ ਲੇਖੇ ਲਾ ਦਿੱਤਾ। ਪੰਜਾਬ ਦਾ ਪਾਕਿਸਤਾਨ ਨਾਲ ਵਪਾਰ, ਸਰਹੱਦੀ ਲੜਾਈਆਂ ਦੀ ਭੇਂਟ ਚੜ੍ਹਾ, ਪੰਜਾਬ ਦੀ ਆਰਥਿਕਤਾ ਨੂੰ ਖੋਰਾ ਲਾਇਆ। ਪੰਜਾਬ 'ਚ ਕੋਈ ਵੱਡਾ ਉਦਯੋਗ ਪਸਰਣ ਨਹੀਂ ਦਿੱਤਾ ਗਿਆ। ਪ੍ਰਸਿੱਧ ਅਰਥਸ਼ਾਸਤਰੀ ਸੁੱਚਾ ਸਿੰਘ ਗਿੱਲ ਅਨੁਸਾਰ "ਅਸਲ ਵਿਚ ਉਦਯੋਗਿਕ ਇਕਾਈਆਂ ਨੂੰ 1982-92 ਦੌਰਾਨ ਪੰਜਾਬ 'ਚ ਕੋਈ ਹਿੰਸਾ ਨੇ ਐਸੀ ਮਾਰ ਮਾਰੀ ਕਿ ਇਹ ਮੁੜ ਉੱਠ ਹੀ ਨਹੀਂ ਸਕੀਆਂ। ਰਹਿੰਦੀ ਕਸਰ ਗੁਆਂਢੀ ਹਿਮਾਚਲ ਪ੍ਰਦੇਸ਼ ਅਤੇ ਉਤਰਾਖੰਡ ਸੂਬਿਆਂ ਨੂੰ ਕੇਂਦਰ ਸਰਕਾਰ ਵਲੋਂ ਉਦਯੋਗਿਕ ਇਕਾਈਆਂ ਨੂੰ ਵਿਸ਼ੇਸ਼ ਟੈਕਸ ਰਿਆਇਤਾਂ/ਸਹੂਲਤਾਂ ਦੇਣ ਨਾਲ ਪੰਜਾਬ ਦੇ ਉਦਯੋਗਿਕ ਵਿਕਾਸ 'ਤੇ ਮਾੜਾ ਅਸਰ ਪਿਆ ਹੈ"।

ਹੁਣ ਜਦੋਂ ਪੰਜਾਬ 'ਚ ਖੇਤੀ ਘਾਟੇ ਦਾ ਧੰਦਾ ਹੈ। ਉਦਯੋਗ ਖੇਤਰ ਖਿਲਰਿਆ ਪੁਲਰਿਆ ਹੈ। ਰੁਜ਼ਗਾਰ ਦੇ ਸਾਧਨ ਘੱਟ ਗਏ ਹਨ ਜਾਂ ਨਿੱਤ ਘੱਟ ਰਹੇ ਹਨ। ਜਦੋਂ ਪੰਜਾਬ ਨਿੱਤ ਵੱਡਾ ਕਰਜਾਈ ਹੋ ਰਿਹਾ ਹੈ, ਆਰਥਿਕ ਪੱਖੋਂ ਕਮਜ਼ੋਰ ਹੋ ਰਿਹਾ ਹੈ। ਤੇ ਜਦੋਂ ਦੇਸ਼ ਦੇ ਹਾਕਮ ਪੰਜਾਬ ਦੀ ਵਰਤੋਂ ਸਿਰਫ ਆਪਣੇ "ਲਾਹੇ" ਜਾਂ ਕੁਰਸੀ ਪ੍ਰਾਪਤੀ ਦੇ ਇੱਕ ਟੂਲ ਵਜੋਂ ਵਰਤ ਰਹੇ ਹਨ, ਤਾਂ ਪੰਜਾਬ ਆਖ਼ਿਰ ਪੰਜਾਬ ਬਣਿਆ ਕਿਵੇਂ ਰਹੇਗਾ?

ਦਿੱਲੀ ਹਾਕਮਾਂ ਦੀ ਨਜ਼ਰ ਪੰਜਾਬ ਦੀ ਸੱਤਾ ਹਥਿਆਉਣ ਦੀ ਹੈ। ਨਿੱਤ ਸੂਬੇ ਦੇ ਵੱਖੋ-ਵੱਖਰੀਆਂ ਪਾਰਟੀਆਂ ਦੇ ਨੇਤਾਵਾਂ ਨੂੰ "ਭਾਜਪਾ 'ਚ ਭਰਤੀ" ਕਰਕੇ ਉਨ੍ਹਾਂ ਦਾ ਭਗਵਾਂਕਰਨ ਕੀਤਾ ਜਾ ਰਿਹਾ ਹੈ। ਸੂਬੇ ਦੀਆਂ ਨਾਮਵਾਰ ਸ਼ਖ਼ਸੀਅਤਾਂ, ਕਥਿਤ ਬੁੱਧੀਜੀਵੀਆਂ ਨੂੰ ਆਪਣੀ ਧਿਰ 'ਚ ਸ਼ਾਮਲ ਕੀਤਾ ਜਾ ਰਿਹਾ ਹੈ। ਦੇਸ਼ ਦੀ ਹਾਕਮ ਧਿਰ ਜਿਹੜੀ ਕਿ ਧਰਮ ਆਧਾਰਿਤ ਸਿਆਸਤ ਕਰਨ ਲਈ ਜਾਣੀ ਲੱਗ ਪਈ ਹੈ, ਸਾਮ, ਦਾਮ, ਦੰਡ ਵਰਤਕੇ ਜੰਮੂ ਕਸ਼ਮੀਰ ਵਾਂਗਰ ਪੰਜਾਬ ਨੂੰ ਵੀ ਆਪਣੇ ਅਧੀਨ ਕਰਨ ਦੇ ਰੌਂਅ 'ਚ ਜਾਪਦੀ ਹੈ ਅਤੇ ਇਥੇ ਵੀ ਧਰਮ ਦੀ ਸਿਆਸਤ ਦੀ ਖੇਡ ਖੇਡਣ ਦੇ ਰਾਹ ਹੈ। ਜਾਪਦਾ ਪੰਜਾਬ ਗ੍ਰਹਿਣਿਆ ਜਾ ਰਿਹਾ ਹੈ। ਕੁਝ ਲੋਕ ਆਖਦੇ ਹਨ ਕਿ ਆਪਣੇ ਰੰਗਲੇ ਪੰਜਾਬ ਨੂੰ ਬਚਾਉਣ ਲਈ ਅੰਨ੍ਹੇ ਘੋੜੇ ਦਾ ਦਾਨ ਕਰਨਾ ਪਏਗਾ।

ਪਰ ਜ਼ਮਹੂਰੀ ਹੱਕਾਂ ਲਈ ਲੜਨ ਵਾਲੇ ਪੰਜਾਬੀ ਆਪਣੇ ਵਿਰੁੱਧ ਖੇਡੀ ਜਾ ਰਹੀ ਖੇਡ ਨੂੰ ਕਾਮਯਾਬ ਨਹੀਂ ਹੋਣ ਦੇਣਗੇ। ਉਨ੍ਹਾਂ ਦੇ ਧੁਰ ਅੰਦਰ ਤਾਂ ਸੱਚ, ਹੱਕ ਲਈ ਲੜਨ ਅਤੇ ਜ਼ੁਲਮ ਵਿਰੁੱਧ ਖੜਨਾ ਕਣ-ਕਣ 'ਚ ਸਮਾਇਆ ਹੋਇਆ ਹੈ।




Editorial Board
Chief Editor
Gurjatinder Singh Randhawa
Sub Editors
Sandeep Kumar
Amit Saini
Distributor
Jai Singh
Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਨੂੰਹ ਅਤੇ ਸੱਸ ਦਾ ਰਿਸ਼ਤਾ..




-ਸ਼ਿੰਦਰ ਸਿੰਘ ਮੀਰਪੁਰੀ
ਫਰਿਜ਼ਨੋ, ਕੈਲੇਫੋਰਨੀਆਂ
559-285-0841
(Punjab Mail USA)




ਬਿਨਾਂ ਸ਼ੱਕ ਪੰਜਾਬ ਗੁਰੂਆਂ ਪੀਰਾਂ ਦੀ ਧਰਤੀ ਹੈ। ਇਥੇ ਮੁੱਢ ਕਦੀਮੋਂ ਸਾਡੇ ਗੁਰੂ ਸਾਹਿਬਾਨ ਨੇ ਆਪਣੇ ਲੋਕਾਂ ਨੂੰ ਚੰਗੇ ਰਸਤੇ ਪਾਉਣ ਦੇ ਲਈ ਵੱਡੇ ਅਹਿਮ ਕਾਰਨਾਮੇ ਕੀਤੇ ਹਨ। ਹਮੇਸ਼ਾਂ ਹੀ ਪੀਰ ਪੈਗ਼ੰਬਰਾਂ ਨੇ ਆਪਣੀ ਲੋਕਾਈ ਦੇ ਹਿੱਤ ਵਿਚ ਫ਼ੈਸਲਾ ਲੈਂਦਿਆਂ ਕਾਫੀ ਕੁਝ ਵੱਖਰਾ ਕਰਨ ਦਾ ਯਤਨ ਕੀਤਾ ਹੈ। ਸਦਾ ਹੀ ਸਾਡੇ ਗੁਰੂ ਸਾਹਿਬਾਨਾਂ ਨੇ ਕੌਮੀ ਹਿੱਤਾਂ ਨੂੰ ਪਹਿਲ ਦਿੰਦਿਆਂ ਅੱਗੇ ਵੱਧ ਕੇ ਵੱਡੀ ਲੜਾਈ ਲੜੀ ਹੈ। ਗੱਲ ਚਾਹੇ ਧਰਮ ਦੀ ਹੋਵੇ ਜਾਂ ਹੋਰਨਾਂ ਖੇਤਰਾਂ ਦੀ, ਗੁਰੂ ਸਾਹਿਬਾਨ ਨੇ ਸਮਾਜਿਕ ਖੇਤਰ ਵਿਚ ਵੀ ਆਮ ਲੋਕਾਂ ਦੇ ਹਿੱਤ ਵਿਚ ਪਹਿਰਾ ਦੇ ਕੇ ਦੀਨ ਦੁਖੀਆਂ ਦੀ ਮਦਦ ਕੀਤੀ ਹੈ। ਸਾਡੇ ਗੁਰੂ ਸਾਹਿਬਾਨ ਦਾ ਹਮੇਸ਼ਾਂ ਹੀ ਇਹ ਫਲਸਫਾ ਰਿਹਾ ਹੈ ਕਿ ਉਨ੍ਹਾਂ ਨੇ ਮਜ਼ਲੂਮਾਂ ਦੀ ਰੱਖਿਆ ਕੀਤੀ ਅਤੇ ਦੀਨ ਦੁਖੀਆਂ ਦੀ ਮਦਦ ਵਿਚ ਕੋਈ ਕਸਰ ਬਾਕੀ ਨਾ ਰਹਿਣ ਦਿੱਤੀ। ਪਰ ਕੀ ਅਸੀਂ ਗੁਰੂ ਸਾਹਿਬਾਨ ਦੇ ਫਲਸਫੇ ਅਨੁਸਾਰ ਜ਼ਿੰਦਗੀ ਜੀਉਣ ਦੀ ਕਾਮਨਾ ਕਰ ਰਹੇ ਹਾਂ, ਇਹ ਵੱਡੀ ਚਰਚਾ ਦਾ ਵਿਸ਼ਾ ਹੈ।

ਜੇਕਰ ਗੱਲ ਰਾਜਨੀਤੀ, ਧਰਮ ਦੀ ਕਰੀਏ, ਤਾਂ ਉਥੇ ਵੀ ਸਾਡੇ ਸਿੱਖ ਗੁਰੂ ਸਹਿਬਾਨਾਂ ਨੇ ਕਦੇ ਵੀ ਭੇਦਭਾਵ ਵਾਲੀ ਜ਼ਿੰਦਗੀ ਨੂੰ ਲਾਗੂ ਨਾ ਹੋਣ ਦਿੱਤਾ। ਭਾਵੇਂ ਸਾਡਾ ਅੱਜ ਦਾ ਵਿਸ਼ਾ ਕੁਝ ਵੱਖਰਾ ਹੈ ਕਿਉਂਕਿ ਅਸੀਂ ਅੱਜ ਗੱਲ ਧਰਮੀ ਰਿਸ਼ਤੇ ਤੋਂ ਸ਼ੁਰੂ ਕਰਕੇ ਦੁਨਿਆਵੀ ਰਿਸ਼ਤਿਆਂ ਵਿਚ ਲੈ ਕੇ ਜਾਣੀ ਹੈ। ਬਿਨਾਂ ਸ਼ੱਕ ਇਹ ਵਿਸ਼ਾ ਵੱਖਰਾ ਹੈ ਪਰ ਇਸ ਦਾ ਸੰਬੰਧ ਸਾਡੇ ਨਾਲ ਸਿੱਧਾ ਹੈ। ਸਾਡੇ ਸਮਾਜ ਅੰਦਰ ਦੁਨਿਆਵੀ ਰਿਸ਼ਤੇ ਕਿਵੇਂ ਪੂਰ ਚੜ੍ਹਦੇ ਹਨ, ਇਹ ਸਾਨੂੰ ਸਾਰਿਆਂ ਨੂੰ ਪਤਾ ਹੈ ਅਤੇ ਅਸੀਂ ਖ਼ੁਦ ਵੀ ਕਈ ਵਾਰ ਦੁਨਿਆਵੀ ਰਿਸ਼ਤੇ ਨਿਭਾਉਣ ਖ਼ਾਤਰ ਕਾਫ਼ੀ ਜੱਦੋ-ਜਹਿਦ ਕਰਦੇ ਹਾਂ। ਸਾਡੇ ਦੁਨਿਆਵੀ ਰਿਸ਼ਤਿਆਂ ਦਾ ਸਿੱਧਾ ਸਬੰਧ ਧਰਮ ਦੇ ਰਿਸ਼ਤੇ ਨਾਲ ਹੈ। ਇਸ ਗੱਲ ਨੂੰ ਭਾਵੇਂ ਕੋਈ ਮੰਨੇ ਜਾਂ ਨਾ ਮੰਨੇ, ਕੁੱਝ ਵੀ ਫਰਕ ਨਹੀਂ ਪੈਂਦਾ ਪਰ ਅਸਲ ਵਿਚ ਇਹ ਇਕ ਦੂਜੇ ਦੇ ਪੂਰਕ ਹਨ, ਜੋ ਇਕ ਸਮਾਨ ਚੱਲ ਰਹੇ ਹਨ। ਅਸੀਂ ਭਾਵੇਂ ਗੁਰੂ ਘਰ ਬਹੁਤ ਵੱਡੇ-ਵੱਡੇ ਬਣਾ ਲਏ ਪਰ ਪਰਿਵਾਰਾਂ ਦੇ ਮਾਮਲੇ ਵਿਚ ਕੁਝ ਵੀ ਨਹੀਂ ਕਰ ਸਕੇ, ਇਹ ਇਸ ਦਾ ਸੰਤਾਪ ਹੰਢਾ ਰਹੇ ਹਾਂ।

ਅੱਜ ਇਹ ਗੱਲ ਕਰੀਏ ਤਾਂ ਨੂੰਹ-ਸੱਸ ਦੇ ਰਿਸ਼ਤੇ ਦੀ ਗੱਲ ਕਰਨੀ ਵੀ ਬਣਦੀ ਹੈ। ਕਿਉਂਕਿ ਇਹ ਰਿਸ਼ਤੇ ਸਾਡੇ ਸਮਾਜ ਅੰਦਰ ਖਾਸ ਅਤੇ ਵੱਡੇ ਹਨ। ਇਨ੍ਹਾਂ ਰਿਸ਼ਤਿਆਂ ਤੋਂ ਬਿਨਾਂ ਸਾਡਾ ਸਮਾਜ ਅਧੂਰਾ ਹੈ। ਭਾਵੇਂ ਕਿ ਬਹੁਤ ਸਾਰੇ ਲੋਕ ਇਨ੍ਹਾਂ ਰਿਸ਼ਤਿਆਂ ਨੂੰ ਨਿਭਾਉਣ ਤੋਂ ਅਸਮਰਥ ਹੁੰਦੇ ਹਨ ਪਰ ਕੁਝ ਵੀ ਹੋਵੇ, ਇਹ ਰਿਸ਼ਤਿਆਂ ਦੀ ਆਪਣੇ ਆਪ ਵਿਚ ਇਕ ਵੱਖਰੀ ਜਗ੍ਹਾ ਹੈ ਅਤੇ ਇਹ ਸੋਚਣਾ ਵੀ ਬਣਦਾ ਹੈ ਕਿ ਅਸੀਂ ਰਿਸ਼ਤਿਆਂ ਨੂੰ ਨਿਭਾਉਣ ਵਿਚ ਕਿੱਥੇ ਕੁ ਖੜ੍ਹੇ ਹਾਂ। ਗੱਲ ਕਰ ਰਹੇ ਸੀ ਨੂੰਹ ਸੱਸ ਦੇ ਰਿਸ਼ਤੇ ਦੀ। ਹਰ ਘਰ ਵਿਚ ਨੂੰਹ ਲਿਆਂਦੀ ਜਾਂਦੀ ਹੈ ਅਤੇ ਧੀ ਨੂੰ ਤੋਰਿਆ ਜਾਂਦਾ ਹੈ। ਇਹ ਦੁਨੀਆਂ ਦਾ ਦਸਤੂਰ ਹੈ। ਪਰ ਇੱਕ ਗੱਲ ਧਿਆਨ ਜ਼ਰੂਰ ਮੰਗਦੀ ਹੈ ਕਿ ਅਸੀਂ ਇਸ ਸਾਰੇ ਮਸਲੇ ਵਿਚ ਕਿੱਥੇ ਕੁ ਖੜ੍ਹੇ ਹਾਂ ਕਿ ਅਸੀਂ ਆਪਣੀਆਂ ਨੂੰਹਾਂ ਨੂੰ ਸਤਿਕਾਰ ਦੇ ਰਹੇ ਹਾਂ। ਜੇਕਰ ਉਨ੍ਹਾਂ ਨੂੰ ਅਸੀਂ ਬਣਦਾ ਸਤਿਕਾਰ ਨਹੀਂ ਦੇ ਰਹੇ, ਤਾਂ ਕਿਉਂ ਨਹੀਂ ਦੇ ਰਹੇ। ਯਾਦ ਰੱਖਿਓ, ਜੇਕਰ ਅੱਜ ਇੱਕ ਨੂੰਹ ਆਪਣੀ ਸੱਸ ਨੂੰ ਸਤਿਕਾਰ ਨਹੀਂ ਦੇ ਸਕਦੀ, ਤਾਂ ਕੱਲ੍ਹ ਨੂੰ ਉਸ ਨੇ ਵੀ ਨੂੰਹ ਬਣਨਾ ਹੈ।

ਕਹਿਣ ਨੂੰ ਤਾਂ ਅਸੀਂ ਗੁਰਸਿੱਖ ਅਤੇ ਗੁਰਬਾਣੀ ਪੜ੍ਹਨ ਵਾਲੇ ਲੋਕ ਹਾਂ ਪਰ ਰਿਸ਼ਤੇ ਨਿਭਾਉਣ ਵਿਚ ਅਸਫਲ ਕਿਉਂ ਹੋ ਰਹੇ ਹਾਂ। ਕੀ ਕਦੇ ਸੋਚਿਆ ਹੈ ਕਿ ਨੂੰਹ ਵੀ ਕਿਸੇ ਦੀ ਧੀ ਹੈ। ਉਸ ਨੂੰ ਵੀ ਉਸ ਦੇ ਮਾਪਿਆਂ ਨੇ ਪਾਲਿਆ ਹੈ ਪਰ ਅਸੀਂ ਉਸ ਦੇ ਨਾਲ ਕੀ ਸਲੂਕ ਕਰ ਰਹੇ ਹਾਂ। ਅੱਜ ਜੇਕਰ ਜੋ ਕੁਝ ਸਾਡੇ ਸਮਾਜ ਵਿਚ ਹੋ ਰਿਹਾ ਹੈ, ਉਸਨੂੰ ਵੇਖ ਕੇ ਨਹੀਂ ਲੱਗ ਰਿਹਾ ਕਿ ਅਸੀਂ ਰੱਬ ਨੂੰ ਮੰਨਣ ਵਾਲੇ ਲੋਕ ਹਾਂ ਅਤੇ ਉਨ੍ਹਾਂ ਦੇ ਨਾਲ ਜੋ ਵਿਤਕਰਾ ਸਮਾਜ ਅੰਦਰ ਕੀਤਾ ਜਾ ਰਿਹਾ ਹੈ, ਉਸ ਨੂੰ ਵੇਖ ਲੂ-ਕੰਡੇ ਖੜ੍ਹੇ ਹੋ ਜਾਂਦੇ ਹਨ। ਆਪੋ ਆਪਣੇ ਮਨਾਂ ਅੰਦਰ ਝਾਤ ਮਾਰਕੇ ਵੇਖਿਓ ਕਿ ਅਸੀਂ ਗੁਰੂ ਸਾਹਿਬਾਨ ਦੇ ਫਲਸਫੇ 'ਤੇ ਚੱਲ ਰਹੇ ਹਾਂ। ਜਾਂ ਅਸੀਂ ਸੱਚੇ ਮਨੋਂ ਕਿੱਥੇ ਕੁ ਖੜ੍ਹੇ ਹਾਂ, ਜੋ ਕੁਝ ਸਾਨੂੰ ਕਰਨਾ ਚਾਹੀਦਾ ਹੈ ਕਿ ਉਹ ਠੀਕ ਹੈ। ਕੀ ਸਾਡੀਆਂ ਧੀਆਂ ਹੋਰਨਾਂ ਦੇ ਘਰਾਂ ਵਿਚ ਜਾ ਕੇ ਨੂੰਹਾਂ ਨਹੀਂ ਬਣਨਗੀਆਂ, ਇਹ ਗੱਲ ਧਿਆਨ ਮੰਗਦੀ ਹੈ ਅੱਜ ਦੇ ਸਮੇਂ ਵਿਚ। ਸਾਰਿਆਂ ਦਾ ਸਤਿਕਾਰ ਕਰੋ, ਸਾਰਿਆਂ ਨੂੰ ਇਕੋ ਲੜੀ ਵਿਚ ਪਰੋ ਕੇ ਜ਼ਿੰਦਗੀ ਜਿਊਣ ਦੇ ਜਜ਼ਬਾਤਾਂ ਹੇਠ ਕੰਮ ਕਰੋ।

ਅਸੀਂ ਇਹ ਗੱਲ ਨੂੰ ਮਨ ਵਿਚ ਰੱਖ ਕੇ ਚੱਲੀਏ ਕਿ ਸਾਡੀਆਂ ਧੀਆਂ ਵੀ ਉਨ੍ਹਾਂ ਦੇ ਘਰਾਂ ਵਿਚ ਜਾ ਕੇ ਨੂੰਹਾਂ ਬਣਨਗੀਆਂ, ਤਾਂ ਅਸੀਂ ਕਦੇ ਵੀ ਕੋਈ ਮਾੜਾ ਕੰਮ ਨਹੀਂ ਕਰਨਾ ਚਾਹਾਂਗੇ। ਇਹ ਸਮੇਂ ਦਾ ਦਸਤੂਰ ਹੈ, ਹਰ ਇਕ ਨੇ ਹਿਸਾਬ-ਕਿਤਾਬ ਦੇਣਾ ਹੈ। ਹੈਰਾਨੀਜਨਕ ਤੱਥ ਹੈ ਕਿ ਅੱਜ ਦੇ ਸਮੇਂ ਜਦ ਪੜ੍ਹਾਈ-ਲਿਖਾਈ ਨੂੰ ਮੁੱਖ ਰੱਖ ਕੇ ਹਰ ਇਕ ਮਾਂ-ਪਿਓ ਵੱਲੋਂ ਆਪਣੇ ਬੱਚਿਆਂ ਨੂੰ ਸਿੱਖਿਆ ਦਿੱਤੀ ਜਾਂਦੀ ਹੈ, ਤਾਂ ਪਤਾ ਨਹੀਂ ਇਨ੍ਹਾਂ ਦੇ ਮਾਮਲੇ ਵਿਚ ਕਿਉਂ ਅਸੀਂ ਕਾਫ਼ੀ ਕੁਝ ਅਜਿਹਾ ਕਰ ਜਾਂਦੇ ਹਾਂ, ਜੋ ਕਦਾਚਿੱਤ ਵੀ ਸਾਡੇ ਸਮਾਜ ਨੂੰ ਮਾਨਤਾ ਪ੍ਰਾਪਤ ਨਹੀਂ ਹੁੰਦਾ। ਜੇਕਰ ਗੁਰੂ ਸਾਹਿਬਾਨ ਦੇ ਫਲਸਫੇ ਅਨੁਸਾਰ ਚੱਲ ਕੇ ਜ਼ਿੰਦਗੀ ਜਿਊਣ ਦੀ ਗੱਲ ਕਰੀਏ, ਤਾਂ ਵੀ ਰੂਹ ਦਾ ਰਿਸ਼ਤਾ ਇੱਕ ਅਜਿਹਾ ਰਿਸ਼ਤਾ ਹੈ, ਜੋ ਸਾਡੇ ਪਰਿਵਾਰ ਵਿਚ ਵਾਧਾ ਕਰਦਾ ਹੈ। ਪਰ ਪਤਾ ਨਹੀਂ ਕਿਉਂ ਅਸੀਂ ਹੋਰਨਾਂ ਰਸਤਿਆਂ ਦੇ ਪਾਂਧੀ ਬਣ ਕੇ ਜ਼ਿੰਦਗੀ ਜਿਊਣ ਨੂੰ ਤਰਜੀਹ ਦਿੰਦੇ ਹਾਂ।

ਕੋਈ ਫਾਇਦਾ ਨਹੀਂ ਸਾਨੂੰ ਵੱਡੀਆਂ-ਵੱਡੀਆਂ ਕਾਰਾਂ ਕੋਠੀਆਂ ਦਾ ਅਤੇ ਧਾਰਮਿਕ ਗ੍ਰੰਥ ਪੜ੍ਹੇ ਦਾ, ਜੇਕਰ ਅਸੀਂ ਉਨ੍ਹਾਂ ਧੀਆਂ ਨੂੰ ਅੱਜ ਵੀ ਬੋਝ ਮਨਦੇ ਹਾਂ। ਅਸੀਂ ਘੱਟ ਪੜ੍ਹੇ-ਲਿਖੇ ਨੂੰ ਤਾਂ ਇਹ ਦੋਸ਼ ਦਿੰਦੇ ਹਾਂ ਕਿ ਉਹ ਅਨਪੜ੍ਹ ਹਨ ਪਰ ਪੜ੍ਹੇ-ਲਿਖੇ ਲੋਕ ਉਥੇ ਹੀ ਖੜ੍ਹੇ ਹਨ, ਇਹ ਵੀ ਸੋਚਣ ਦਾ ਵਿਸ਼ਾ ਹੈ। ਪ੍ਰਦੇਸੀਂ ਵਸਦੇ ਸੱਜਣ ਵੀ ਉਨ੍ਹਾਂ ਧੀਆਂ ਦੇ ਮਾਮਲੇ ਵਿਚ ਘੱਟ ਨਹੀਂ ਹਨ, ਕੈਨੇਡਾ ਅਤੇ ਅਮਰੀਕਾ ਵਰਗੇ ਮੁਲਕਾਂ ਅੰਦਰ ਜਾ ਕੇ ਵੀ ਬਹੁਤ ਸਾਰੇ ਲੋਕ ਪਰਿਵਾਰਾਂ ਵਿਚ ਗੰਭੀਰ ਮਸਲੇ ਖੜ੍ਹੇ ਕਰੀ ਬੈਠੇ ਹਨ। ਪਿਛਲੇ ਸਮੇਂ ਵੀ ਵੇਖਿਆ ਗਿਆ ਕਿ ਕਈ ਪਰਿਵਾਰਾਂ ਵੱਲੋਂ ਆਪਣੀਆਂ ਨੂੰਹਾਂ ਦੇ ਨਾਲ ਕਲੇਸ਼ ਤੋਂ ਬਾਅਦ ਉਨ੍ਹਾਂ ਦੀ ਮਾਰ-ਕੁੱਟ ਕਰਦੇ ਉਨ੍ਹਾਂ ਨੂੰ ਘਰੋਂ ਕੱਢ ਦਿੱਤਾ ਗਿਆ ਹੈ, ਇੱਥੋਂ ਦਾ ਸਹੀ ਫੈਸਲਾ ਹੈ। ਅੱਜ ਜਦੋਂ ਮੁਕਾਬਲੇਬਾਜ਼ੀ ਦਾ ਯੁੱਗ ਹੈ, ਤਾਂ ਧੀਆਂ ਕਿਸੇ ਵੀ ਮਾਮਲੇ ਵਿਚ ਘੱਟ ਨਹੀਂ ਹਨ। ਉਨ੍ਹਾਂ ਦਾ ਰੋਲ ਹਰ ਮਾਮਲੇ ਵਿਚ ਮੋਹਰੀ ਹੁੰਦਾ ਹੈ। ਭਾਵੇਂ ਕਿ ਪਿਛਲੇ ਸਮਿਆਂ ਵਿਚ ਧੀਆਂ ਤੇ ਨੂੰਹਾਂ ਨੂੰ ਬੋਝ ਜ਼ਰੂਰ ਮੰਨਿਆ ਜਾਂਦਾ ਸੀ ਪਰ ਬਹੁਤ ਸਾਰੇ ਲੋਕ ਅਜਿਹੇ ਹਨ, ਜੋ ਇਨ੍ਹਾਂ ਧਾਰਨਾਵਾਂ ਨੂੰ ਤੋੜ ਕੇ ਨਵੀਆਂ ਮਿਥਾਂ ਨੂੰ ਜਨਮ ਦਿੰਦੇ ਸਨ।


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

ਹਵਾਲੇ/ਸਰੋਤ: ਪੁਸਤਕ 'ਗਿਆਨੀ ਗੁਰਦਿੱਤ ਸਿੰਘ 1923-2007 ਸੰਪਾਦਕ:ਇੰਦਰਜੀਤ ਕੌਰ ਤੇ ਰੁਪਿੰਦਰ ਸਿੰਘ

## ਗਿਆਨੀ ਗੁਰਦਿਤ ਸਿੰਘ ਜਨਮ ਸ਼ਤਾਬਦੀ 'ਤੇ ਵਿਸ਼ੇਸ਼

# ਗੁਰਮਤਿ/ਸਿੱਖ ਸੋਚ ਦਾ ਮੁੱਦਈ : ਖੋਜੀ ਵਿਦਵਾਨ ਗਿਆਨੀ ਗੁਰਦਿਤ ਸਿੰਘ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਗਿਆਨੀ ਗੁਰਦਿੱਤ ਸਿੰਘ ਬਹੁ-ਪੱਖੀ ਤੇ ਬਹੁਰੰਗੀ ਗਿਆਨਵਾਨ ਅਤੇ ਪ੍ਰਬੁੱਧ ਵਿਦਵਾਨ ਸਨ। ਉਹ ਧਾਰਮਿਕ ਖੋਜੀ, ਸਾਹਿਤਕਾਰ, ਪੱਤਰਕਾਰ, ਸਿਆਸਤਦਾਨ ਅਤੇ ਪੰਜਾਬੀ ਸੱਭਿਆਚਾਰ ਦੇ ਵਾਰਤਕਕਾਰ ਸਨ। ਉਨ੍ਹਾਂ ਨੇ ਇਨ੍ਹਾਂ ਪੰਜਾਂ ਖੇਤਰਾਂ ਵਿਚ ਅਜਿਹਾ ਵਿਦਵਤਾ ਭਰਪੂਰ ਬਿਹਤਰੀਨ ਕੰਮ ਕੀਤਾ, ਜਿਸ ਕਰਕੇ ਉਨ੍ਹਾਂ ਦੀ ਇੱਕ ਵੱਖਰੀ ਵਿਲੱਖਣ ਪਛਾਣ ਬਣ ਗਈ। ਉਨ੍ਹਾਂ ਦੇ ਇਨ੍ਹਾਂ ਪੰਜਾਂ ਖੇਤਰਾਂ ਵਿਚ ਬਿਹਤਰੀਨ ਕਾਰਜ ਨੂੰ ਇਕ ਦੂਜੇ ਤੋਂ ਨਿਖੇੜਿਆ ਨਹੀਂ ਜਾ ਸਕਦਾ ਪ੍ਰੰਤੂ ਫਿਰ ਵੀ ਇਨ੍ਹਾਂ ਦੇ ਵੱਖਰੇ-ਵੱਖਰੇ ਖੇਤਰਾਂ ਵਿਚ ਕੀਤੇ ਕੰਮਾਂ ਬਾਰੇ ਜਾਣਕਾਰੀ ਇਸ ਪ੍ਰਕਾਰ ਹੈ:-

ਸਿੱਖ ਧਰਮ ਦੇ ਖੋਜੀ:

ਇਤਿਹਾਸ ਵਿਚ ਗਿਆਨੀ ਜੀ ਦਾ ਨਾਮ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ ਕਿਉਂਕਿ ਉਹ ਬਹੁ-ਪਰਤੀ ਵਿਦਵਤਾ ਦੇ ਮੁਜੱਸਮਾ ਸਨ। ਗਿਆਨੀ ਗੁਰਦਿੱਤ ਸਿੰਘ ਸਿੱਖ ਧਰਮ ਦੇ ਖੋਜੀ ਵਿਦਵਾਨ ਸਨ, ਜਿਨ੍ਹਾਂ ਆਪਣੀ ਸਾਰੀ ਉਮਰ ਸਿੱਖ ਸੋਚ 'ਤੇ ਪਹਿਰਾ ਦਿੰਦਿਆਂ ਬਤੀਤ ਕੀਤੀ। ਉਹ ਸਰਵਪੱਖੀ ਤੇ ਪ੍ਰਤਿਭਾਵਾਨ ਗੁਰਮਤਿ ਦੇ ਧਾਰਨੀ ਅਤੇ ਸਿੱਖ ਸੋਚ ਦੇ ਮੁੱਦਈ ਸਨ। ਉਹ ਸਿੱਖ ਧਰਮ ਦੇ ਪ੍ਰਤੀਬੱਧ ਅਤੇ ਗੁਰਬਾਣੀ ਦੇ ਖੋਜੀ ਵਿਆਖਿਆਕਾਰ ਸਨ। ਉਨ੍ਹਾਂ ਨੂੰ ਸਿੱਖ ਧਰਮ ਦਾ ਡੂੰਘਾ ਗਿਆਨ ਸੀ। ਆਪਣੇ ਧਰਮ ਦੀ ਪ੍ਰਫੁਲਤਾ ਲਈ ਉਹ ਵਚਨਬੱਧ ਸਨ, ਇਸ ਲਈ ਉਨ੍ਹਾਂ ਨੂੰ ਸਿੱਖਾਂ ਦੇ ਪੰਜਵੇਂ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ 'ਗੁਰਮਤਿ ਅਚਾਰੀਆ' ਦੀ ਉਪਾਧੀ ਦੇ ਕੇ ਸਨਮਾਨਤ ਕੀਤਾ ਗਿਆ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤਾਂ ਦੀ ਬਾਣੀ ਸ਼ਾਮਲ ਹੈ, ਉਨ੍ਹਾਂ ਭਗਤਾਂ ਅਤੇ ਭੱਟਾਂ ਦੀ ਬਾਣੀ ਦੇ ਇਤਿਹਾਸਿਕ ਪੱਖਾਂ ਬਾਰੇ ਸਮੱਗਰੀ ਇਕ-ਸੁਰ ਕਰਕੇ ਵਿਲੱਖਣ ਕਾਰਜ ਕੀਤਾ ਹੈ। ਉਹ ਸਹੀ ਅਰਥਾਂ ਵਿਚ ਸਿੱਖ ਧਰਮ ਦੇ ਚੇਤੰਨ ਚਿੰਤਕ ਸਨ। ਗਿਆਨੀ ਗੁਰਦਿੱਤ ਸਿੰਘ ਦੀ ਜ਼ਿੰਦਗੀ ਦਾ ਮੁੱਖ ਮੰਤਵ ਸਿੱਖ ਕੌਮ ਦੇ ਭਵਿੱਖ ਨੂੰ ਬਿਹਤਰੀਨ ਅਤੇ ਸੁਨਹਿਰਾ ਬਣਾਉਣਾ ਸੀ। ਉਹ ਬਹੁਰੰਗੀ ਅਤੇ ਬਹੁਮੰਤਵੀ ਸ਼ਖ਼ਸੀਅਤ ਦੇ ਮਾਲਕ ਸਨ। ਉਹ ਗੁਰਮਤਿ ਤੇ ਸਿੱਖ ਇਤਿਹਾਸ ਦੇ ਆਲ੍ਹਾ ਦਰਜੇ ਦੇ ਖੋਜੀ ਵਿਦਵਾਨ ਸਨ। ਜਿਤਨੀਆਂ ਵੀ ਪੰਜਾਬ ਵਿਚ ਗੁਰੂ ਸਾਹਿਬਾਨ ਅਤੇ ਸਿੱਖੀ ਨਾਲ ਸੰਬੰਧਤ ਸ਼ਤਾਬਦੀਆਂ ਮਨਾਈਆਂ ਗਈਆਂ, ਉਨ੍ਹਾਂ ਦੇ ਸਾਰੇ ਪ੍ਰੋਗਰਾਮ ਗਿਆਨੀ ਗੁਰਦਿੱਤ ਸਿੰਘ ਉਲੀਕਦੇ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਮਨਾਏ ਗਏ 300 ਸਾਲਾ ਸ਼ਤਾਬਦੀ ਸਮਾਰੋਹਾਂ ਦੇ ਮੌਕੇ ਉਨ੍ਹਾਂ ਨੇ 50 ਪੁਸਤਕਾਂ ਦੀ ਸੰਪਾਦਨਾ ਕੀਤੀ, ਜਿਹੜੀਆਂ ਸਿੱਖੀ ਵਿਚਾਰਧਾਰਾ ਤੇ ਪਹਿਰਾ ਦਿੰਦੀਆਂ ਹਨ। ਉਨ੍ਹਾਂ ਦੀਆਂ ਅਣਥੱਕ ਕੋਸ਼ਿਸ਼ਾਂ ਸਦਕਾ ਹੀ ਸਿੱਖਾਂ ਦਾ ਪੰਜਵਾਂ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਹੋਂਦ ਵਿਚ ਆਇਆ ਸੀ। ਉਨ੍ਹਾਂ ਨੇ ਮੋਹਾਲੀ, ਚੰਡੀਗੜ੍ਹ ਅਤੇ ਦਿੱਲੀ ਵਿਖੇ ਗੁਰੂ ਗ੍ਰੰਥ ਸਾਹਿਬ ਵਿਦਿਆ ਕੇਂਦਰ ਸਥਾਪਤ ਕੀਤੇ। ਗਿਆਨੀ ਗੁਰਦਿੱਤ ਸਿੰਘ ਦੀ ਰਹਿਨੁਮਾਈ ਹੇਠ ਕੇਂਦਰੀ ਸ੍ਰੀ ਗੁਰੂ ਗੋਬਿੰਦ ਸਭਾ ਦੀ ਸਥਾਪਨਾ ਕੀਤੀ ਗਈ ਅਤੇ ਫਿਰ ਇਸ ਸੰਸਥਾ ਵੱਲੋਂ ਦੇਸ਼-ਵਿਦੇਸ਼ ਵਿਚ ਗੁਰਮਤਿ ਟ੍ਰੇਨਿੰਗ ਕੈਂਪ ਲਗਾ ਕੇ ਨੌਜਵਾਨਾਂ ਵਿਚ ਸਿੱਖੀ ਦਾ ਪ੍ਰਚਾਰ ਕੀਤਾ ਗਿਆ। ਪਾਠ ਬੋਧ ਸਮਾਗਮ ਕਰਵਾਉਣ ਦਾ ਸਿਹਰਾ ਵੀ ਗਿਅਨੀ ਜੀ ਨੂੰ ਜਾਂਦਾ ਹੈ। ਉਨ੍ਹਾਂ ਸਿੱਖ ਇਤਿਹਾਸ ਦੇ ਮੁੱਢਲੇ ਸ੍ਰੋਤਾਂ ਨੂੰ ਵਿਦਵਾਨਾਂ ਤੱਕ ਪਹੁੰਚਾਉਣ ਦਾ ਮਹੱਤਵਪੂਰਨ ਕੰਮ ਕੀਤਾ ਹੈ। ਇਸ ਮੰਤਵ ਲਈ ਉਨ੍ਹਾਂ ਦੇਸ਼-ਵਿਦੇਸ਼ ਵਿਚ ਹਜ਼ਾਰਾਂ ਹੱਥ ਲਿਖਤਾਂ ਅਤੇ ਪੁਰਾਤਨ ਖਰੜਿਆਂ ਦਾ ਅਧਿਐਨ ਕੀਤਾ। ਉਹ ਹਮੇਸ਼ਾ ਤੱਥਾਂ 'ਤੇ ਆਧਾਰਿਤ ਲਿਖਦੇ ਸਨ। ਉਨ੍ਹਾਂ ਨੇ ਇਕ ਸੰਸਥਾ ਤੋਂ ਵੀ ਵੱਧ ਕੰਮ ਕੀਤਾ। ਉਨ੍ਹਾਂ ਦੀ ਸਾਰੀ ਖੋਜ ਸਿੱਕੇਬੰਦ ਹੈ ਕਿਉਂਕਿ ਉਹ ਤੱਥਾਂ 'ਤੇ ਆਧਾਰਿਤ ਖੋਜ ਕਰਕੇ ਲਿਖਦੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਗਿਆਨੀ ਜੀ ਦੇ ਜੀਵਨ ਦਾ ਕੇਂਦਰੀ ਧੁਰਾ ਰਿਹਾ ਹੈ। ਉਹ ਗਿਆਨ ਦੇ ਭੰਡਾਰ ਅਤੇ ਸਿੱਖ ਧਰਮ ਦੇ ਪਹਿਰੇਦਾਰ ਸਨ। ਉਹ ਇਕ ਅਜਾਇਬ ਘਰ ਬਣਾਉਣਾ ਚਾਹੁੰਦੇ ਸਨ, ਜਿਸ ਵਿਚ ਪੁਰਾਤਨ ਬੀੜਾਂ, ਦੁਰਲੱਭ ਵਸਤਾਂ, ਗੁਰੂ ਸਾਹਿਬਾਨ ਨਾਲ ਸੰਬੰਧਤ ਵਸਤੂਆਂ ਆਦਿ ਨੂੰ 'ਸਿੱਖ ਵਿਰਸਾ ਟਰੱਸਟ' ਦੇ ਰੂਪ ਵਿਚ ਪੰਥ ਲਈ ਸੰਭਾਲਿਆ ਜਾ ਸਕੇ ਪ੍ਰੰਤੂ ਪ੍ਰਮਾਤਮਾ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਉਹ ਕਈ ਸਿੱਖ ਸੰਸਥਾਵਾਂ ਦੇ ਮੁਖੀ/ਮੈਂਬਰ ਅਤੇ ਉਨ੍ਹਾਂ ਦੇ ਕੁਸ਼ਲ ਪ੍ਰਬੰਧਕ ਸਨ।







ਪੰਜਾਬੀ ਸੱਭਿਆਚਾਰ ਦੇ ਵਾਰਤਕਕਾਰ:

ਗਿਆਨੀ ਗੁਰਦਿੱਤ ਸਿੰਘ ਪੰਜਾਬੀ ਸੱਭਿਆਚਾਰ, ਸੱਭਿਅਤਾ ਅਤੇ ਪੰਜਾਬੀ ਪੇਂਡੂ ਰਹਿਣੀ-ਬਹਿਣੀ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਦ੍ਰਿਸ਼ਟਮਾਨ ਕਰਨ ਵਾਲੇ ਬੁੱਧੀਜੀਵੀ ਤੇ ਵਿਦਵਾਨ ਲੇਖਕ ਹੋਏ ਹਨ। ਪੰਜਾਬੀ ਸੱਭਿਆਚਾਰ ਨਾਲ ਉਨ੍ਹਾਂ ਨੂੰ ਅਥਾਹ ਪਿਆਰ ਸੀ, ਇਸ ਕਰਕੇ ਹਮੇਸ਼ਾ ਪੰਜਾਬੀਅਤ ਵਿਚ ਗੜੁੱਚ ਰਹਿੰਦੇ ਸਨ। ਗਿਆਨੀ ਜੀ ਨੇ ਲੋਕ ਵਿਰਸੇ ਦੀ ਵਫ਼ਦਾਰੀ ਨਿਭਾਉਂਦਿਆਂ ਹਮੇਸ਼ਾ ਆਪਣੀ ਲੇਖਣੀ ਰਾਹੀਂ ਪੰਜਾਬੀ ਤੇ ਸਿੱਖੀ ਰਵਾਇਤਾਂ, ਰਸਮੋ-ਰਿਵਾਜ਼ ਅਤੇ ਸਰੂਪ ਨੂੰ ਆਪਣੀਆਂ ਲਿਖਤਾਂ ਦਾ ਅਟੁੱਟ ਅੰਗ ਬਣਾਇਆ। ਉਹ ਇੱਕ ਸੁਲਝੇ ਹੋਏ ਸਿੱਖ ਵਿਦਵਾਨ ਸਨ, ਜਿਨ੍ਹਾਂ ਦੀ ਅੱਜ ਤੱਕ ਦੀ ਪੰਜਾਬੀ ਦੀ ਸਭ ਤੋਂ ਸਰਵੋਤਮ 1961 ਵਿਚ ਪ੍ਰਕਾਸ਼ਤ ਹੋਈ ਪੁਸਤਕ 'ਮੇਰਾ ਪਿੰਡ' ਨੂੰ ਗਿਣਿਆ ਜਾਂਦਾ ਹੈ। ਹੁਣ ਤੱਕ ਇਸ ਪੁਸਤਕ ਦੇ 14 ਐਡੀਸ਼ਨ ਪ੍ਰਕਾਸ਼ਤ ਹੋ ਚੁੱਕੇ ਹਨ। ਉਨ੍ਹਾਂ ਤੋਂ ਪਹਿਲਾਂ ਵੀ ਬਹੁਤ ਸਾਰੇ ਸਾਹਿਤਕਾਰਾਂ ਨੇ ਪੰਜਾਬੀ ਭਾਸ਼ਾ ਦੀ ਸੇਵਾ ਆਪਣੀਆਂ ਪੁਸਤਕਾਂ ਰਾਹੀਂ ਕੀਤੀ ਹੈ ਪ੍ਰੰਤੂ ਉਨ੍ਹਾਂ ਦੀ ਪੁਸਤਕ ਮੇਰਾ ਪਿੰਡ ਸ਼ਾਹਕਾਰ ਪੁਸਤਕ ਦੇ ਤੌਰ 'ਤੇ ਪ੍ਰਵਾਣਿਤ ਕੀਤੀ ਜਾਂਦੀ ਹੈ। ਪੰਜਾਬ ਦੇ ਸੱਭਿਆਚਾਰਕ ਇਤਿਹਾਸ ਵਿਚ 'ਮੇਰਾ ਪਿੰਡ' ਪੁਸਤਕ ਇਕ ਮੀਲ ਪੱਥਰ ਸਾਬਤ ਹੋਈ ਹੈ। ਇਸ ਪੁਸਤਕ ਵਿਚ ਗਿਆਨੀ ਗੁਰਦਿੱਤ ਸਿੰਘ ਨੇ ਪਿੰਡਾਂ ਦੇ ਸੱਭਿਆਚਾਰ ਦੀ ਤਸਵੀਰ ਖਿੱਚ ਕੇ ਰੱਖ ਦਿੱਤੀ। ਘਰ ਬੈਠਿਆਂ ਨੂੰ ਪੇਂਡੂ ਸੱਭਿਅਤਾ ਦੇ ਦਰਸ਼ਨ ਕਰਵਾ ਦਿੱਤੇ ਹਨ। ਪਿੰਡਾਂ ਦੇ ਜੀਵਨ ਵਿਚ ਪਾਏ ਜਾਂਦੇ ਵਹਿਮ-ਭਰਮ, ਮਨਾਏ ਜਾਂਦੇ ਤਿਥ-ਤਿਉਹਾਰ, ਜੰਮਣ-ਮਰਨ, ਵਿਆਹ ਦੇ ਰੀਤੀ-ਰਿਵਾਜ਼ਾਂ ਨੂੰ ਬਾਖ਼ੂਬੀ ਚਿਤਰਿਆ ਹੈ। ਉਹ ਪੰਜਾਬੀ ਦਿਹਾਤੀ ਵਿਰਾਸਤ ਦੇ ਰੰਗ ਵਿਚ ਰੰਗੇ ਹੋਏ ਸਨ, ਜਿਸ ਕਰਕੇ ਉਹ ਆਪਣੀ ਵਿਰਾਸਤ 'ਤੇ ਸਾਰੀ ਉਮਰ ਪਹਿਰਾ ਦਿੰਦੇ ਰਹੇ। ਇਕ ਕਿਸਮ ਨਾਲ 'ਮੇਰਾ ਪਿੰਡ' ਪੁਸਤਕ ਹਵਾਲਾ ਪੁਸਤਕ ਹੈ, ਜਿਸ ਨੂੰ ਆਉਣ ਵਾਲੀ ਪੀੜ੍ਹੀ ਖੋਜ ਲਈ ਵਰਤਿਆ ਕਰੇਗੀ। ਪੰਜਾਬ ਦੀਆਂ ਲੋਕ ਕਹਾਣੀਆਂ ਇਸ ਪ੍ਰਸੰਗ ਦੀ ਇੱਕ ਵਿਲੱਖਣ ਵੰਨਗੀ ਹੈ, ਜਿਸ ਵਿਚ ਪੰਜਾਬੀ ਬਾਤਾਂ ਤਿੰਨ ਜਿਲਦਾਂ ਵਿਚ ਛਾਪੀਆਂ ਗਈਆਂ ਸਨ। ਉਨ੍ਹਾਂ ਸਿੰਘ ਸਭਾ ਲਹਿਰ ਵਿਚ ਨਵੀਂ ਰੂਹ ਪੈਦਾ ਕੀਤੀ। ਉਨ੍ਹਾਂ ਨੂੰ ਪੰਜਾਬੀ ਸੱਭਿਆਚਾਰ ਦਾ ਵਣਜਾਰਾ ਕਿਹਾ ਜਾ ਸਕਦਾ ਹੈ। ਉਨ੍ਹਾਂ ਲੋਕਧਾਰਾਈ ਵਰਤਾਰਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਗਟਾਇਆ ਹੈ।

ਸੰਪਾਦਕ ਤੇ ਪੱਤਰਕਾਰ

ਗਿਆਨੀ ਗੁਰਦਿਤ ਸਿੰਘ ਨੇ ਆਪਣਾ ਕੈਰੀਅਰ ਮਹਿਜ਼ 24 ਸਾਲ ਦੀ ਉਮਰ ਵਿਚ ਪੱਤਰਕਾਰੀ ਵਿਚ ਹੀ ਸ਼ੁਰੂ ਕੀਤਾ ਸੀ। ਉਹ ਉੱਚ ਕੋਟੀ ਦੇ ਨਿਡਰ ਪੱਤਰਕਾਰ ਤੇ ਸੰਪਾਦਕ ਸਨ। ਉਨ੍ਹਾਂ ਦੀ ਪੱਤਰਕਾਰੀ ਦੀ ਦਿਲਚਸਪੀ ਕਰਕੇ ਉਨ੍ਹਾਂ ਨੇ 1947 ਵਿਚ ਪਟਿਆਲੇ ਤੋਂ ਪੰਜਾਬੀ ਦਾ 'ਪ੍ਰਕਾਸ਼' ਨਾਂ ਦਾ ਰੋਜ਼ਾਨਾ ਅਖ਼ਬਾਰ ਪ੍ਰਕਾਸ਼ਤ ਕੀਤਾ। ਉਹ ਇਸ ਅਖ਼ਬਾਰ ਦੇ ਮੁੱਖ ਸੰਪਾਦਕ ਸਨ। ਵਿੱਤੀ ਮੁਸ਼ਕਲਾਂ ਕਰਕੇ ਉਨ੍ਹਾਂ ਇਸ ਅਖ਼ਬਾਰ ਨੂੰ ਸਪਤਾਹਿਕ ਬਣਾ ਦਿੱਤਾ। ਉਹ ਇਸ ਅਖ਼ਬਾਰ ਨੂੰ 1961 ਤੱਕ ਰੋਜ਼ਾਨਾ ਅਤੇ ਫਿਰ 1978 ਤੱਕ ਸਪਤਾਹਿਕ ਪ੍ਰਕਾਸ਼ਤ ਕਰਦੇ ਰਹੇ। ਇਸ ਅਖ਼ਬਾਰ ਵਿੱਚ ਪ੍ਰਸਿੱਧ ਵਿਅੰਗਕਾਰ ਸੂਬਾ ਸਿੰਘ ਉਨ੍ਹਾਂ ਕੋਲ ਕੰਮ ਕਰਦੇ ਸਨ। ਪੱਤਰਕਾਰੀ ਦਾ ਮੱਸ ਉਨ੍ਹਾਂ ਨੂੰ ਸਤਾਉਂਦਾ ਰਿਹਾ, ਇਸ ਕਰਕੇ ਜੀਵਨ ਸੰਦੇਸ਼ ਅਖ਼ਬਾਰ 1949 ਵਿਚ ਸ਼ੁਰੂ ਕੀਤਾ, ਜਿਸ ਦੇ ਉਹ ਸੰਪਾਦਕ ਸਨ। 1973 ਤੋਂ 1978 ਤੱਕ ਸਿੰਘ ਸਭਾ ਪਤ੍ਰਿਕਾ ਦੇ ਸੰਪਾਦਕ ਰਹੇ। ਇਨ੍ਹਾਂ ਪਤ੍ਰਿਕਾਵਾਂ ਰਾਹੀਂ ਉਹ ਸਿੱਖੀ ਵਿਚਾਰਧਾਰਾ 'ਤੇ ਪਹਿਰਾ ਦਿੰਦੇ ਰਹੇ। ਉਨ੍ਹਾਂ ਦਾ ਹਰ ਲੇਖ ਇਤਿਹਾਸਿਕ ਅਤੇ ਗੁਰਮਤਿ ਦੇ ਕੇਂਦਰੀ ਸਿਧਾਂਤ 'ਤੇ ਆਧਾਰਿਤ ਬਾ-ਦਲੀਲ ਕੇਂਦਰਿਤ ਹੁੰਦਾ ਸੀ। ਉਹ ਸਿੰਘ ਸਭਾ ਸ਼ਤਾਬਦੀ ਕਮੇਟੀ ਅੰਮ੍ਰਿਤਸਰ ਦੇ ਵੀ ਜਨਰਲ ਸਕੱਤਰ ਰਹੇ। ਗਿਆਨੀ ਗੁਰਦਿੱਤ ਸਿੰਘ ਦੀਆਂ ਸਾਰੀਆਂ ਪ੍ਰਾਪਤੀਆਂ ਦਾ ਰਾਜ ਇੱਕ ਖੋਜੀ ਪੱਤਰਕਾਰ ਤੇ ਸੰਪਾਦਕ ਹੋਣਾ ਹੈ। ਉਹ ਪੱਤਰਕਾਰੀ ਦੇ ਪਿਤਾਮਿਆਂ ਵਿਚੋਂ ਇੱਕ ਹਨ।

## ਸਾਹਿਤਕਾਰ:

ਗਿਆਨੀ ਗੁਰਦਿੱਤ ਸਿੰਘ ਨੇ ਆਪਣੀ 83 ਸਾਲ ਦੀ ਉਮਰ ਤੋਂ ਵੀ ਵੱਧ ਲਗਪਗ 100 ਪੁਸਤਕਾਂ, ਕਿਤਾਬਚੇ, ਲੇਖ ਅਤੇ ਟਰੈਕਟ ਖੁਦ ਲਿਖੇ/ਸੰਪਾਦਤ ਕੀਤੇ। ਉਨ੍ਹਾਂ ਨੂੰ ਗੁਰਮਤਿ ਸਾਹਿਤ ਅਤੇ ਪੱਤਰਕਾਰੀ ਦਾ ਸੁਮੇਲ ਕਿਹਾ ਜਾ ਸਕਦਾ ਹੈ। ਗਿਆਨੀ ਗੁਰਦਿੱਤ ਸਿੰਘ ਨੇ ਪ੍ਰਸਿੱਧ ਧਾਰਮਿਕ ਵਿਦਵਾਨਾਂ ਦੀਆਂ ਜੀਵਨੀਆਂ ਵੀ ਲਿਖੀਆਂ ਹਨ। ਉਹ ਆਪਣੀ ਧੁਨ ਦੇ ਪੱਕੇ, ਸਿਰੜੀ ਅਤੇ ਦਰਵੇਸ਼ ਵਿਦਵਾਨ ਸਨ। ਉਨ੍ਹਾਂ ਦੇ ਵਿਅਕਤੀਤਵ ਵਿਚ ਲੋਕ ਵਿਰਸੇ ਅਤੇ ਧਰਮ-ਚਿੰਤਨ ਦਾ ਅਜਿਹਾ ਸੁਮੇਲ ਪੰਜਾਬੀ ਸਾਹਿਤ ਅਤੇ ਪੰਜਾਬੀਆਂ ਲਈ ਸੁਭਾਗਾ ਸਿੱਧ ਹੋਇਆ ਹੈ। 'ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ' ਉਨ੍ਹਾਂ ਛੇ ਜਿਲਦਾਂ ਵਿਚ ਸੰਪੂਰਨ ਕੀਤਾ। ਉਨ੍ਹਾਂ ਨੇ ਲੋਕ ਸਾਹਿਤ ਦੀ ਰਚਨਾ ਕੀਤੀ, ਲੋਕ ਸਾਹਿਤ ਲੋਕਧਾਰਾ ਦਾ ਅਨਿਖੜ ਅੰਗ ਹੁੰਦਾ ਹੈ।

## ਸਿਆਸਤਦਾਨ:

ਗਿਆਨੀ ਗੁਰਦਿੱਤ ਸਿੰਘ ਜੀ ਦੀ ਸਿੱਖੀ, ਗੁਰਮਤਿ, ਪੰਜਾਬੀ ਸੱਭਿਆਚਾਰ, ਸਾਹਿਤ ਅਤੇ ਪੱਤਰਕਾਰੀ ਵਿਚ ਪਾਏ ਵਿਲੱਖਣ ਯੋਗਦਾਨ ਨੂੰ ਮੁੱਖ ਰੱਖਦਿਆਂ ਉਨ੍ਹਾਂ ਨੂੰ ਪੰਜਾਬ ਲੈਜਿਸਲੇਚਰ ਕੌਂਸਲ ਦਾ 1956 ਵਿਚ ਮੈਂਬਰ ਨਾਮਜ਼ਦ ਕੀਤਾ ਗਿਆ। ਪੰਜਾਬੀ ਯੂਨੀਵਰਸਿਟੀ ਅਤੇ ਤਖ਼ਤ ਦਮਦਮਾ ਸਾਹਿਬ ਦੀ ਸਥਾਪਨਾ ਵਿਚ ਵੀ ਉਨ੍ਹਾਂ ਦਾ ਮਹੱਤਵਪੂਰਨ ਯੋਗਦਾਨ ਹੈ। ਉਨ੍ਹਾਂ ਵਿਧਾਨ ਪ੍ਰੀਸ਼ਦ ਵਿਚ ਸਿੱਖਾਂ ਦੇ ਪੰਜਵੇਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਸਥਾਪਨਾ ਲਈ ਮਤਾ ਪੇਸ਼ ਕਰਕੇ ਪੁਰਜ਼ੋਰ ਸਿਫ਼ਾਰਸ਼ ਨਾਲ ਮੈਂਬਰਾਂ ਨੂੰ ਪ੍ਰਭਾਵਤ ਕੀਤਾ, ਜਿਸਦੇ ਸਿੱਟੇ ਵਜੋਂ ਪੰਜਵੇਂ ਤਖ਼ਤ ਦੀ ਸਥਪਨਾ ਹੋਈ।

## ਮਾਨ-ਸਨਮਾਨ

ਗਿਆਨੀ ਗੁਰਦਿਤ ਸਿੰਘ ਦੀਆਂ ਪੰਜਾਬ, ਪੰਜਾਬੀ ਸੱਭਿਆਚਾਰ ਅਤੇ ਸਿੱਖ ਧਰਮ ਦੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਕਈ ਮਾਨ-ਸਨਮਾਨ ਵੀ ਦਿਤੇ ਗਏ। ਉਨ੍ਹਾਂ ਨੂੰ ਮਿਲੇ ਮਾਨ-ਸਨਮਾਨਾਂ ਵਿਚ ਭਾਸ਼ਾ ਵਿਭਾਗ ਵਲੋਂ ਪੰਜਾਬੀ ਸਾਹਿਤ ਸ਼੍ਰੋਮਣੀ ਪੁਰਸਕਾਰ 2006, ਪੰਜ ਪਾਣੀ ਪੁਰਸਕਾਰ 2005, ਦੂਰਦਰਸ਼ਨ ਜਲੰਧਰ ਵਲੋਂ ਚੀਫ ਖਾਲਸਾ ਦੀਵਾਨ ਪੁਰਸਕਾਰ, ਪੰਜਾਬੀ ਸਾਹਿਤ ਅਕਾਡਮੀ ਪੁਰਸਕਾਰ 2000, ਕਰਤਾਰ ਸਿੰਘ ਧਾਲੀਵਾਲ ਅਵਾਰਡ, ਐੱਸ.ਜੀ.ਪੀ.ਸੀ. ਵਲੋਂ ਗੁਰਮਤਿ ਅਚਾਰੀਆ ਅਵਾਰਡ 1991, ਮੇਰਾ ਪਿੰਡ ਪੁਸਤਕ ਲਈ 1967 ਅਤੇ ਤਿੱਥ ਤਿਉਹਾਰ ਲਈ 1960 ਆਦਿ ਸ਼ਾਮਲ ਹਨ। ਉਨ੍ਹਾਂ ਨੂੰ 1960 ਵਿਚ ਯੂਨੈਸਕੋ ਨੇ ਮੇਰਾ ਪਿੰਡ ਲੇਖ ਲਈ ਪੁਰਸਕਾਰ ਵੀ ਦਿੱਤਾ ਸੀ। 1970 ਵਿਚ ਪੰਜਾਬੀ ਯੂਨੀਵਰਸਿਟੀ ਨੇ ਤਿੰਨ ਸਾਲ ਲਈ ਆਨਰੇਰੀ ਫੈਲੋਸ਼ਿਪ ਪ੍ਰਦਾਨ ਕੀਤੀ ਸੀ।

ਗਿਆਨੀ ਗੁਰਦਿੱਤ ਸਿੰਘ ਦਾ ਜਨਮ ਮਾਲੇਰਕੋਟਲਾ ਰਿਆਸਤ (ਹੁਣ ਮਾਲੇਰਕੋਟਲਾ ਜ਼ਿਲ੍ਹਾ) ਦੇ ਪਿੰਡ ਮਿੱਠੇਵਾਲ ਵਿਖੇ ਪਿਤਾ ਹੀਰਾ ਸਿੰਘ ਅਤੇ ਮਾਤਾ ਨਿਹਾਲ ਕੌਰ ਦੀ ਕੁੱਖੋਂ 24 ਫਰਵਰੀ, 1923 ਨੂੰ ਇਕ ਸਾਧਾਰਨ ਕਿਰਤੀ ਪਰਿਵਾਰ ਵਿਚ ਹੋਇਆ। ਮੁੱਢਲੀ ਪੜ੍ਹਾਈ ਪਿੰਡ ਦੇ ਗੁਰਦੁਆਰੇ ਵਿਚੋਂ ਪ੍ਰਾਪਤ ਕੀਤੀ। ਇਸ ਤੋਂ ਬਾਅਦ ਡੇਰਿਆਂ ਵਿਚ ਗ਼ੈਰਰਸਮੀ ਪੜ੍ਹਾਈ ਕੀਤੀ। 1945 ਵਿਚ ਲਾਹੌਰ ਯੂਨੀਵਰਸਿਟੀ ਤੋਂ ਗਿਆਨੀ ਪਾਸ ਕੀਤੀ। ਹੈਰਾਨੀ ਦੀ ਗੱਲ ਹੈ ਕਿ ਉਨ੍ਹਾਂ ਨੂੰ ਭਾਵੇਂ ਉੱਚ ਪੜ੍ਹਾਈ ਕਰਨ ਦਾ ਮੌਕਾ ਨਹੀਂ ਮਿਲਿਆ ਪ੍ਰੰਤੂ ਉਨ੍ਹਾਂ ਦਾ ਕੰਮ ਉੱਚ ਕੋਟੀ ਦੇ ਵਿਦਵਾਨਾਂ ਤੋਂ ਵੀ ਵੱਧ ਸੀ। ਉਨ੍ਹਾਂ ਦੀ ਬੋਲੀ ਸਰਲ, ਗੱਲਬਾਤੀ ਅਤੇ ਬਿਰਤਾਂਤਿਕ ਹੈ, ਜਿਹੜੀ ਸੌਖਿਆਂ ਹੀ ਪਾਠਕ ਦੇ ਸਮਝ ਪੈ ਜਾਂਦੀ ਹੈ। ਗਿਆਨੀ ਜੀ ਨੇ ਆਮ ਲੋਕਾਂ ਵੱਲੋਂ ਵਰਤੀ ਜਾਂਦੀ ਬੋਲੀ ਦੀ ਅਮੀਰੀ ਅਤੇ ਸਮਰੱਥਾ ਦਰਸਾ ਕੇ ਇਸ ਨੂੰ ਸਾਹਿਤਕ ਖੇਤਰ ਵਿਚ ਪੂਰਾ ਆਦਰ-ਮਾਣ ਦਿਵਾਇਆ। ਉਨ੍ਹਾਂ ਪੰਜਾਬੀ ਬੋਲੀ ਦੀ ਸਰਦਾਰੀ ਨੂੰ ਸਥਾਪਤ ਕਰ ਦਿੱਤਾ। ਉਹ ਲੋਕਾਂ ਦੀਆਂ ਗੱਲਾਂ ਲੋਕਾਂ ਦੀ ਭਾਸ਼ਾ ਵਿਚ ਲਿਖਦੇ ਸਨ। 17 ਜਨਵਰੀ 2007 ਨੂੰ ਗਿਆਨੀ ਗੁਰਦਿੱਤ ਸਿੰਘ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ।

# ਮਾਹਿਲਪੁਰ ਵਿਚ ਫੁੱਟਬਾਲ ਦਾ ਮਹਾਂ ਕੁੰਭ

## 60ਵਾਂ ਆਲ ਇੰਡੀਆ ਪ੍ਰਿੰ: ਹਰਭਜਨ ਸਿੰਘ ਯਾਦਗਾਰੀ ਫੁੱਟਬਾਲ ਕੱਪ ਕੇਰਲਾ ਨੇ ਜਿੱਤਿਆ

ਪੂਰੀ ਦੁਨੀਆਂ ਵਿਚ ਫੁੱਟਬਾਲ ਦੀ ਨਰਸਰੀ ਵਜੋਂ ਜਾਣੇ ਜਾਂਦੇ ਮਾਹਿਲਪੁਰ ਇਲਾਕੇ ਦੀ ਮਸ਼ਹੂਰ ਸੰਸਥਾ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਵਿਚ 60ਵੇਂ ਆਲ ਇੰਡੀਆ ਪ੍ਰਿੰ. ਹਰਭਜਨ ਸਿੰਘ ਯਾਦਗਾਰੀ ਫੁੱਟਬਾਲ ਟੂਰਨਾਮੈਂਟ ਦੀਆਂ ਦਸ ਦਿਨ ਰੌਣਕਾਂ ਲੱਗੀਆਂ ਰਹੀਆਂ। ਉੱਘੇ ਖੇਡ ਪ੍ਰਮੋਟਰ ਕਲੱਬ ਪ੍ਰਧਾਨ ਕਲਵੰਤ ਸਿੰਘ ਸੰਘਾ ਦੀ ਸਰਬ ਸਾਂਝੀਵਾਲਤਾ ਦੀ ਰਚਨਾਤਮਕ ਸੋਚ ਨਾਲ ਆਯੋਜਿਤ ਕੀਤਾ ਪ੍ਰਿੰਸੀਪਲ ਹਰਭਜਨ ਸਿੰਘ ਯਾਦਗਾਰੀ ਫੁੱਟਬਾਲ ਟੂਰਨਾਮੈਂਟ ਡੂੰਘੀਆਂ ਪੈੜਾਂ ਪਾਉਂਦਾ ਹੋਇਆ ਸਦੀਵੀ ਯਾਦਾਂ ਛੱਡ ਗਿਆ। ਇਸ ਵਾਰ ਪੂਰੇ ਭਾਰਤ ਦੇ ਵੱਖ-ਵੱਖ ਰਾਜਾਂ ਤੋਂ 12 ਕਲੱਬ, 10 ਕਾਲਜ ਅਤੇ 17 ਸਾਲ ਤੋਂ ਘੱਟ ਉਮਰ ਵਰਗ ਦੀਆਂ 8 ਖੇਡ ਅਕਾਤਮੀਆਂ ਨੇ ਫੁੱਟਬਾਲ ਦੀਆਂ ਕਲਾ ਜੁਗਤਾਂ ਦੀ ਨੁਮਾਇਸ਼ ਲਗਾਕੇ ਦਰਸ਼ਕਾਂ ਦੀ ਪ੍ਰਸ਼ੰਸਾ ਖੱਟੀ। ਪ੍ਰਿੰਸੀਪਲ ਹਰਭਜਨ ਸਿੰਘ ਸਮਰਟਿੰਗ ਕਲੱਬ ਦਾ ਅਸਲ ਮਨੋਰਥ ਮਾਹਿਲਪੁਰ ਦੀ ਫੁੱਟਬਾਲ ਨਰਸਰੀ ਨੂੰ ਹਰਿਆ ਭਰਿਆ ਰੱਖਣਾ ਹੈ। ਸਰਕਾਰਾਂ ਦੀਆਂ ਟਾਲ-ਮਟੋਲ ਨੀਤੀਆਂ ਦੇ ਬਾਵਜੂਦ ਪ੍ਰਵਾਸੀ ਭਾਰਤੀਆਂ ਦੇ ਸਹਿਯੋਗ ਨਾਲ ਪੂਰੇ ਇਲਾਕੇ ਵਿਚ ਟੂਰਨਾਮੈਂਟਾਂ ਦੇ ਪ੍ਰਬੰਧ ਕੀਤੇ ਜਾਂਦੇ ਹਨ, ਜਿਸ ਨਾਲ ਇਨ੍ਹਾਂ ਦਿਨਾਂ ਵਿਚ ਖੇਡ ਮੇਲਿਆਂ ਦੀਆਂ ਰੌਣਕਾਂ ਲੱਗੀਆਂ ਰਹਿੰਦੀਆਂ ਹਨ।

60ਵੀਂ ਵਾਰ ਦੇ ਪ੍ਰਬੰਧਾਂ ਨੂੰ ਹੋਰ ਨਰੋਆ ਹੁਲਾਰਾ ਦੇਣ ਵਾਸਤੇ ਜੀ ਐੱਨ.ਏ. ਯੂਨੀਵਰਸਿਟੀ ਦਾ ਸਹਿਯੋਗ ਲਿਆ ਗਿਆ। ਅਮਰੀਕਾ, ਅਫਰੀਕਾ, ਆਸਟ੍ਰੇਲੀਆ, ਯੂਰਪ ਅਤੇ ਏਸ਼ੀਆ ਮਹਾਂਦੀਪ ਦੇ ਸਭ ਦੇਸ਼ਾਂ ਵਿਚ ਵਸਦੇ ਪ੍ਰਿੰਸੀਪਲ ਹਰਭਜਨ ਸਿੰਘ ਜੀ ਦੇ ਸ਼ਾਗਿਰਦ ਅਤੇ ਖਾਲਸਾ ਕਾਲਜ ਦੇ ਸਾਬਕਾ ਵਿਦਿਆਰਥੀ ਉਚੇਰੇ ਤੌਰ 'ਤੇ ਹਾਜ਼ਰ ਹੁੰਦੇ ਹਨ। ਉਨ੍ਹਾਂ ਵਲੋਂ ਪ੍ਰਿੰਸੀਪਲ ਸਾਹਿਬ ਦੁਆਰਾ ਲਾਏ ਸਿੱਖਿਆ ਅਤੇ ਖੇਡਾਂ ਦੇ ਬੂਟੇ ਦੇ ਪਾਲਣ-ਪੋਸ਼ਣ ਲਈ ਕਲੱਬ ਦਾ ਸਹਿਯੋਗ ਕੀਤਾ ਜਾਂਦਾ ਹੈ। ਅਸਲ ਵਿਚ ਦੁਆਬੇ ਦੀ ਧਰਤੀ 'ਤੇ ਲੱਗਣ ਵਾਲਾ ਇਹ ਫੁੱਟਬਾਲ ਦਾ ਮਹਾਂਕੁੰਭ ਹੈ, ਜਿਸ ਵਿਚ ਅਰਜਨ ਅਵਾਰਡੀ ਫੁੱਟਬਾਲਰ ਗੁਰਦੇਵ ਸਿੰਘ ਗਿੱਲ, ਇੰਦਰ ਸਿੰਘ ਅਤੇ ਅਰਜਨ ਅਵਾਰਡੀ ਅਥਲੀਟ ਅਧੂਰੀ ਏ ਸਿੰਘ ਉਚੇਚੇ ਤੌਰ 'ਤੇ ਹਾਜ਼ਰ ਹੁੰਦੇ ਹਨ। ਨਵੀਂ ਪਨੀਰੀ ਵਾਸਤੇ ਇਹ ਇਕ ਮਾਡਲ ਟੂਰਨਾਮੈਂਟ ਹੈ, ਜਿਸ ਤੋਂ ਹੋਰ ਖੇਡ ਕਲੱਬਾਂ ਪ੍ਰੇਰਨਾ ਲੈਂਦੀਆਂ ਹਨ।



ਉਹ ਆਪਣੇ ਟੂਰਨਾਮੈਂਟਾਂ 'ਤੇ ਉਸੇ ਰੰਗ-ਢੰਗ ਦੀਆਂ ਤਬਦੀਲੀਆਂ ਲਿਆਉਣ ਲਈ ਯਤਨ ਕਰਦੀਆਂ ਹਨ। ਭਾਰਤ ਦੇ ਸਭ ਤੋਂ ਪੁਰਾਣੇ ਇਸ ਟੂਰਨਾਮੈਂਟ ਦਾ ਆਰੰਭ ਉੱਘੇ ਰਿਕਾਰਡਰ ਫੁੱਟਬਾਲਰ ਚੌਧਰੀ ਰਾਮ ਕਿਸ਼ਨ ਬਿੱਲਾ ਨੂੰ ਸ਼ਰਧਾਂਜਲੀ ਭੇਟ ਕਰਨ ਉਪਰੰਤ ਕੀਤਾ ਗਿਆ।

ਕਲੱਬ ਵਰਗ ਦੇ ਮੁਕਾਬਲੇ ਲੀਗ ਕਮ ਨਾਕਆਊਟ ਦੇ ਆਧਾਰ 'ਤੇ ਕਰਵਾਏ ਗਏ। 17 ਸਾਲ ਤੋਂ ਘੱਟ ਉਮਰ ਵਰਗ ਦੀਆਂ ਅਕੈਡਮੀਆਂ ਵਿਚੋਂ ਪਾਲਦੀ ਅਤੇ ਰਾਊਂਡ ਗਲਾਸ ਅਕੈਡਮੀ ਮੁਹਾਲੀ ਦਾ ਬੜਾ ਸਖਤ ਮੁਕਾਬਲਾ ਹੋਇਆ, ਜਿਸ ਵਿਚ ਮੁਹਾਲੀ ਦੇ ਖਿਡਾਰੀਆਂ ਨੇ ਤਕਨੀਕੀ ਖੇਡ ਨਾਲ ਇਹ ਸੈਮੀਫਾਈਲ ਮੁਕਾਬਲਾ 3-0 ਦੇ ਫਰਕ ਨਾਲ ਜਿੱਤ ਕੇ ਫਾਈਨਲ ਵਿਚ ਚੰਡੀਗੜ੍ਹ ਫੁੱਟਬਾਲ ਅਕੈਡਮੀ ਨੂੰ 4-2 ਨਾਲ ਪਿਛਾੜ ਕੇ ਅਕੈਡਮੀ ਚੈਂਪੀਅਨ ਬਣਨ ਦਾ ਮਾਣ ਪ੍ਰਾਪਤ ਕੀਤਾ। ਉਨ੍ਹਾਂ ਦੇ ਖਿਡਾਰੀ ਵਿਸ਼ਾਲ ਯਾਦਵ ਨੂੰ ਬੈਸਟ ਪਲੇਅਰ ਵਜੋਂ ਗੁਰੂਦੱਤ ਅਵਾਰਡ ਦਿੱਤਾ ਗਿਆ। ਕਾਲਜ ਵਰਗ ਦੇ ਸੈਮੀਫਾਈਨਲ ਮੁਕਾਬਲੇ ਵਿਚ ਜੀ.ਐੱਨ.ਏ. ਫਗਵਾੜਾ ਨੇ ਬੱਬਰ ਅਕਾਲੀ ਮੈਮੋਰੀਅਲ ਕਾਲਜ ਗੜ੍ਹਸ਼ੰਕਰ ਨੂੰ ਅਤੇ ਸਿੱਖ ਨੈਸ਼ਨਲ ਕਾਲਜ ਬੰਗਾ ਨੇ ਡੀ.ਏ.ਵੀ. ਕਾਲਜ ਫਗਵਾੜਾ ਨੂੰ 3-0 ਨਾਲ ਹਰਾਇਆ। ਫਾਈਨਲ ਮੁਕਾਬਲਾ ਸਿੱਖ ਨੈਸ਼ਨਲ ਕਾਲਜ ਬੰਗਾ ਨੇ 5-1 ਦੇ ਫਰਕ ਨਾਲ ਜੀ.ਐੱਨ.ਏ. ਯੂਨੀਵਰਸਿਟੀ ਤੋਂ ਜਿੱਤਕੇ 75 ਹਜ਼ਾਰ ਦਾ ਨਗਦ ਇਨਾਮ ਹਾਸਲ ਕੀਤਾ। ਜੀ.ਐੱਨ.ਏ. ਨੂੰ 50 ਹਜ਼ਾਰ ਨਾਲ ਹੀ ਸਬਰ ਕਰਨਾ ਪਿਆ। ਹਰਜੋਤ ਸਿੰਘ ਨੂੰ ਬੈਸਟ ਖਿਡਾਰੀ ਵਜੋਂ ਰਾਊ ਅਵਾਰਡ ਦਿੱਤਾ ਗਿਆ।

ਕਲੱਬਾਂ ਦਾ ਫਾਈਨਲ ਮੁਕਾਬਲਾ ਦੇਖਣ ਵਾਲਿਆਂ ਨਾਲ ਪ੍ਰਿੰਸੀਪਲ ਹਰਭਜਨ ਸਿੰਘ ਸਟੇਡੀਅਮ ਖਚਾਖਚ ਭਰਿਆ ਹੋਇਆ ਸੀ। ਟੈਕਟਰੋ ਸਵਦੇਸ਼ ਯੂਨਾਈਟਿਡ ਫੁੱਟਬਾਲ ਕਲੱਬ ਊਨਾ (ਹਿਮਾਚਲ ਪ੍ਰਦੇਸ਼) ਅਤੇ ਸਪੋਰਟਸ ਅਕੈਡਮੀ ਤਰੂਰ (ਕੇਰਲਾ) ਵਿਚ ਹੋਏ ਇਸ ਫਸਵੇਂ ਮੁਕਾਬਲੇ ਵਿਚ ਦੋਨਾਂ ਕਲੱਬਾਂ ਨੇ ਤਕਨੀਕੀ ਖੇਡ ਨਾਲ ਦਰਸ਼ਕਾਂ ਨੂੰ ਵਿਸ਼ਵ ਪੱਧਰੀ ਫੁੱਟਬਾਲ ਦੇ ਨਜ਼ਾਰੇ ਵਿਖਾਏ। ਦਰਸ਼ਕਾਂ ਨੇ ਸਭ ਖਿਡਾਰੀਆਂ ਦੀ ਖੂਬ ਹੌਂਸਲਾ ਅਫ਼ਜ਼ਾਈ ਕੀਤੀ। ਕੇਰਲਾ ਦੀ ਟੀਮ ਨੇ ਇਹ ਮੁਕਾਬਲਾ ਆਖਰੀ ਮਿੰਟਾਂ ਵਿਚ ਮੁਹੰਮਦ ਜਾਸਿਨ ਦੇ ਇਕੋ ਇਕ ਗੱਲ ਨਾਲ ਜਿੱਤ ਲਿਆ। ਉਨ੍ਹਾਂ ਨੂੰ ਦੋ ਲੱਖ ਅਤੇ ਊਨਾ ਨੂੰ ਡੇਢ ਲੱਖ ਦਾ ਨਗਦ ਇਨਾਮ


ਬਲਜਿੰਦਰ ਮਾਨ

-ਸੰਪਾਦਕ ਨਿੱਕੀਆਂ ਕਰੂੰਬਲਾਂ,

ਮਾਹਿਲਪੁਰ (ਹੁਸ਼ਿਆਰਪੁਰ)

98150-18947



(Punjab Mail USA)


ਟਰਾਫੀ ਅਤੇ ਮੈਡਲ ਦਿੱਤੇ ਗਏ। ਕਲੱਬਾਂ 'ਚੋਂ ਚੁਣੇ ਗਏ ਬੈਸਟ ਪਲੇਅਰ 17 ਸਾਲਾ ਗੋਲ ਲਵਰ ਫਾਰਵਰਡ ਹਿਰਦੈ ਜੈਨ ਨੂੰ ਦਰਸ਼ਨ ਸਿੰਘ ਕੈਨੇਡੀਅਨ ਅਵਾਰਡ ਦਿੱਤਾ ਗਿਆ। ਇਸ ਤਰ੍ਹਾਂ ਇਹ ਮੁਕਾਬਲੇ ਸ. ਕੁਲਵੰਤ ਸਿੰਘ ਸੰਘਾ ਦੀ ਟੀਮ ਦੀ ਮਿਹਨਤ ਸਦਕਾ ਸਫਲਤਾ ਪੂਰਵਕ ਸਿਰੇ ਚੜ੍ਹੇ। ਸਰਕਾਰੀ ਸੈਕੰਡਰੀ ਸਕੂਲ ਮਾਹਿਲਪੁਰ ਲੜਕੇ ਅਤੇ ਲੜਕੀਆਂ ਸਮੇਤ ਖਾਲਸਾ ਕਾਲਜ ਮਾਹਿਲਪੁਰ ਦੇ ਦੋ ਦੋ ਵਿਦਿਆਰਥੀਆਂ ਨੂੰ ਪੜ੍ਹਾਈ ਅਤੇ ਖੇਡਾਂ ਵਾਸਤੇ ਸਾਲਾਨਾ ਸਕਾਲਰਸ਼ਿੱਪ ਵੀ ਦਿੱਤਾ ਗਿਆ।

ਇਨ੍ਹਾਂ ਮੁਕਾਬਲਿਆਂ ਵਿਚ ਦਸੂਹੇ ਦੇ ਵਿਧਾਇਕ ਐਡਵੋਕੇਟ ਕਰਮਵੀਰ ਸਿੰਘ ਘੁੰਮਣ ਅਤੇ ਡਿਪਟੀ ਸਪੀਕਰ ਵਿਧਾਨ ਸਭਾ ਪੰਜਾਬ ਜੈ ਕ੍ਰਿਸ਼ਨ ਸਿੰਘ ਰੌੜੀ ਦੇ ਓ.ਐੱਸ.ਡੀ. ਚਰਨਜੀਤ ਸਿੰਘ ਚੰਨੀ ਨੇ 5 ਲੱਖ ਦਾ ਸਹਿਯੋਗ ਦੇਣ ਦਾ ਐਲਾਨ ਕੀਤਾ। ਜੀ.ਐੱਨ.ਏ. ਯੂਨੀਵਰਸਿਟੀ ਫਗਵਾੜਾ ਦੇ ਪਰੋ ਵਾਇਸ ਚਾਂਸਲਰ ਡਾ. ਵੀ.ਕੇ. ਰਤਨ, ਰਜਿਸਟਰਾਰ ਡਾ. ਕੁਨਾਲ ਬੈਂਸ ਅਤੇ ਪੀ.ਆਰ.ਓ. ਗੁਰਮੀਤ ਸਿੰਘ ਸਮੇਤ ਕਈ ਹੋਰ ਅਫਸਰ ਅਤੇ ਸਾਬਕਾ ਅਧਿਕਾਰੀ ਮਹਿਮਾਨਾਂ ਵਿਚ ਸ਼ਾਮਲ ਹੁੰਦੇ ਰਹੇ। ਪ੍ਰਿੰਸੀਪਲ ਹਰਭਜਨ ਸਿੰਘ ਐਜੂਕੇਸ਼ਨਲ ਅਤੇ ਸਪੋਰਟਸ ਟਰੱਸਟ ਯੂ.ਕੇ. ਵਲੋਂ ਪੰਜ ਲੱਖ, ਵੈਨਕੂਵਰ ਕੈਨੇਡਾ ਵਲੋਂ ਚਾਰ ਲੱਖ ਅਤੇ ਯੂ.ਐੱਸ.ਏ. ਟਰੱਸਟ ਵਲੋਂ ਤਿੰਨ ਲੱਖ ਦੀ ਰਾਸ਼ੀ ਦਾ ਸਹਿਯੋਗ ਦਿੱਤਾ ਗਿਆ।

ਕਲੱਬ ਦੀ ਐਗਜ਼ੈਕਟਿਵ ਵਿਚ ਸ਼ਾਮਲ ਸ਼ਵਿੰਦਰਜੀਤ ਸਿੰਘ ਬੈਂਸ ਐੱਸ.ਪੀ. ਰਿਟਾ.ਪੀ.ਪੀ.ਐੱਸ, ਡਾ. ਪਰਮਪ੍ਰੀਤ ਰਾਓ, ਡਾ. ਪਰਵਿੰਦਰ ਸਿੰਘ, ਪ੍ਰਿੰ. ਜਸਪਾਲ ਸਿੰਘ, ਦਲਜੀਤ ਸਿੰਘ ਬੈਂਸ, ਮਾਸਟਰ ਬਨਿੰਦਰ ਸਿੰਘ, ਬਲਜਿੰਦਰ ਮਾਨ, ਸੇਵਕ ਸਿੰਘ ਬੈਂਸ, ਅੱਛਰ ਕੁਮਾਰ ਜੋਸ਼ੀ, ਅਮਰੀਕ ਸਿੰਘ ਬੈਂਸ, ਕੁਲਵਰਨ ਸਿੰਘ, ਜਸਦੀਪ ਸਿੰਘ, ਰਾਜੂ ਚੰਡੀਗੜ੍ਹ ਆਦਿ ਮੈਂਬਰਾਂ ਨੇ ਕਲਵੰਤ ਸਿੰਘ ਸੰਘਾ ਦੇ ਯਤਨਾਂ ਨੂੰ ਸੁਖਾਲਾ ਅਤੇ ਸਚੱਜਾ ਬਣਾਉਣ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਇਸ ਮੌਕੇ ਆਪਣੇ ਜ਼ਮਾਨੇ ਦੇ ਇੰਟਰਨੈਸ਼ਨਲ ਫੱਟਬਾਲਰ ਗੁਰਮੇਲ ਸਿੰਘ ਗਿੱਲ, ਗਿਆਨ ਸਿੰਘ, ਹਰਦੀਪ ਸੰਘਾ, ਜੀਤ ਖਾਬੜਾ, ਮਨਪ੍ਰੀਤ ਮੰਨਾ, ਹਰਨੰਦਨ ਸਿੰਘ ਖਾਬੜਾ, ਗੁਰਕਿਰਪਾਲ ਪਾਲੀ, ਸੂਰਜ ਭਾਨ ਹਾਂਡਾ, ਜਸਵੀਰ ਸਿੰਘ, ਮਨਜਿੰਦਰ ਸਿੰਘ, ਰਾਜ ਕੁਮਾਰ ਭੋਲਾ ਵਰਗੇ ਸੈਂਕੜੇ ਖਿਡਾਰੀਆਂ ਨੇ ਉਚੇਚੀ ਹਾਜ਼ਰੀ ਭਰੀ।

ਆਲ ਇੰਡੀਆ ਪੱਧਰ ਦੇ ਇਸ ਟੂਰਨਾਮੈਂਟ ਵਿਚ ਦਰਸ਼ਕਾਂ ਨੂੰ ਤਿੰਨ ਵਰਗਾਂ 'ਚ ਖੇਡ ਮੁਕਾਬਲਿਆਂ ਦੀ ਪੜਚੋਲ ਕਰਨ ਦਾ ਭਰਪੂਰ ਮੌਕਾ ਮਿਲਿਆ। ਨਵਿਆਂ ਅਤੇ ਤਰੱਕੀਆਂ ਕਰ ਰਹੇ ਖਿਡਾਰੀਆਂ ਨੂੰ ਦੱਖਣੀ ਭਾਰਤ ਅਤੇ ਕਲਕੱਤਾ ਵਰਗੇ ਸ਼ਹਿਰਾਂ ਵਿਚ ਖੇਡੀ ਜਾਣ ਵਾਲੀ ਤਕਨੀਕੀ ਬਾਰੇ ਵੀ ਚੋਖੀ ਜਾਣਕਾਰੀ ਮਿਲੀ। ਇਸ ਖੇਡ ਮੇਲੇ ਵਿਚ ਸਭ ਵਰਗਾਂ ਦੇ ਦਰਸ਼ਕਾਂ ਨੇ ਭਰਪੂਰ ਆਨੰਦ ਮਾਣਦਿਆਂ ਪ੍ਰਬੰਧਕਾਂ ਦੀ ਚੜ੍ਹਦੀ ਕਲਾ ਲਈ ਦੁਆ ਕੀਤੀ। ਕਲੱਬ ਦੇ ਸੰਚਾਲਕ ਕੁਲਵੰਤ ਸਿੰਘ ਸੰਘਾ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਟੂਰਨਾਮੈਂਟ ਦਾ ਉਦੇਸ਼ ਪੰਜਾਬ ਦੀ ਜੁਆਨੀ ਅਤੇ ਮਾਹਿਲਪੁਰ ਦੀ ਨਰਸਰੀ ਨੂੰ ਹਰਿਆ-ਭਰਿਆ ਰੱਖਣਾ ਹੈ, ਜਿਸ ਵਾਸਤੇ ਰਚਨਾਤਮਕ ਸੋਚ ਵਾਲੇ ਸਭ ਪੰਜਾਬੀਆਂ ਦੇ ਸਹਿਯੋਗ ਦੀ ਜ਼ਰੂਰਤ ਹੈ।


# ਈਟਿੰਗ ਡਿਸਆਰਡਰ (ਖਾਣ-ਪਾਣ ਰੋਗ) ਦਾ ਵੱਧ ਰਿਹਾ ਅੰਕੜਾ

*"ਖਾਣ-ਪੀਣ ਦੇ ਵਿਗਾੜ ਵਾਲੇ ਲੋਕ ਆਮ ਨਾਲੋਂ 5 ਗੁਣਾ ਵੱਧ ਅਲਕੋਹਲ ਅਤੇ ਨਾਜਾਇਜ਼ ਦਵਾਈਆਂ ਦਾ ਇਸਤੇਮਾਲ ਕਰ ਰਹੇ ਹਨ। ਡਾਇਬਟੀਜ਼ ਦੇ ਰੋਗੀ ਜੋ ਖਾਣ-ਪੀਣ ਵਿਗਾੜ ਦੇ ਸ਼ਿਕਾਰ ਹਨ, ਆਪਣੀ ਸ਼ੂਗਰ ਕੰਟਰੋਲ ਕਰਨ 'ਚ ਸੰਘਰਸ਼ ਕਾਰਨ ਸ਼ੂਗਰ ਦੀਆਂ ਪੇਚੀਦਗੀਆਂ ਯਾਨੀ ਦਿਲ ਦੇ ਰੋਗ, ਸਟ੍ਰੋਕ, ਨਿਊਰੋਪੈਥੀ, ਅੱਖਾਂ ਦੀ ਘੱਟ ਹੋ ਰਹੀ ਰੌਸ਼ਨੀ ਅਤੇ ਗੁਰਦੇ ਦੀ ਬਿਮਾਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।"- ਅਨਿਲ ਧੀਰ*

ਫਰਵਰੀ 2023 ਦੌਰਾਨ ਵਿਸ਼ਵ ਭਰ 'ਚ ਈਟਿੰਗ ਡਿਸਆਰਡਰ ਅਵੇਅਰਨੈੱਸ ਵੀਕ ਦੌਰਾਣ ਬੱਚਿਆਂ ਤੋਂ ਲੈ ਕੇ ਸੀਨੀਅਰਜ਼ ਨੂੰ ਖਾਣ-ਪੀਣ ਦੇ ਵਿਵਹਾਰ ਬਾਰੇ ਜਾਗਰੂਕ ਕੀਤਾ ਗਿਆ। ਮਾੜਾ ਖਾਣ-ਪਾਣ ਸਰੀਰ ਤੇ ਮਨ ਨੂੰ ਬਿਮਾਰ ਕਰ ਰਿਹਾ ਹੈ। ਐਨੋਰੈਕਸੀਆ ਨਰਵੋਸਾ, ਬੁਲੀਮੀਆ ਅਤੇ ਬਿੰਜ ਈਟਿੰਗ ਵਗੈਰਾ ਦਾ ਆਮ ਅਸਰ ਦੇਖਿਆ ਜਾਂਦਾ ਹੈ। ਵਿਸ਼ਵ ਭਰ 'ਚ ਭੋਜਨ ਦਾ ਹਰ ਆਦਮੀ ਨਾਲ ਇੱਕ ਵੱਖਰਾ ਹੀ ਰਿਸ਼ਤਾ ਹੁੰਦਾ ਹੈ। ਜ਼ਿੰਦਗੀ 'ਚ ਸਰੀਰਕ-ਮਾਨਸਿਕ ਸਮੱਸਿਆਵਾਂ ਦਾ ਕਾਰਨ ਗਲਤ ਖਾਣਾ-ਪੀਣਾ, ਨਕਾਰਾਤਮਕ ਸੋਚ, ਸਦਮਾ, ਗੈਰ-ਸਿਹਤਮੰਦ ਰਿਸ਼ਤਾ ਅਤੇ ਜੈਨੇਟਿਕਸ ਵਗੈਰਾ ਦਾ ਅਸਰ ਦੇਖਿਆ ਜਾ ਰਿਹਾ ਹੈ। ਕਰੀਬਨ 30 ਮਿਲੀਅਨ ਅਮਰੀਕਾ ਵਿਚ ਖਾਣ-ਪੀਣ ਦੇ ਰੋਗਾਂ ਦੇ ਸ਼ਿਕਾਰ ਹਨ। ਔਰਤਾਂ 'ਚ ਘੱਟ ਉਮਰ ਦੀ ਔਰਤਾਂ 'ਚ ਅਤੇ 10 ਮਿਲੀਅਨ ਆਦਮੀ, ਇਹ ਵਿਗਾੜ ਦੇ ਅਸਰ ਹੇਠ ਹਨ। ਵਿਸ਼ਵ ਭਰ 'ਚ ਅੱਜ ਕਰੀਬਨ 72 ਮਿਲੀਅਨ ਲੋਕ ਖਾਣ-ਪੀਣ ਦੇ ਰੋਗਾਂ ਦੇ ਸ਼ਿਕਾਰ ਹਨ। ਛੋਟੀ ਉਮਰ ਵਿਚ ਜ਼ਿਆਦਾ ਅਸਰ ਦੇਖਿਆ ਜਾ ਰਿਹਾ ਹੈ। ਐਨੋਰੈਕਸੀਆ ਖਤਰਨਾਕ ਮਾਨਸਿਕ ਬਿਮਾਰੀ ਕਾਰਨ ਆਤਮ ਹੱਤਿਆ ਦਾ ਅੰਕੜਾ ਵੀ ਵੱਧਿਆ ਹੈ।

**ਖਾਣ-ਪੀਣ ਦੇ ਵਿਗਾੜ ਦੌਰਾਣ ਕਈ ਵਾਰ ਲੱਛਣ:** ਮਾਹਵਾਰੀ ਦਾ ਬੰਦ ਹੋ ਜਾਣਾ, ਡੀਹਾਈਡਰੇਸ਼ਨ ਤੋਂ ਚੱਕਰ ਆਉਣਾ ਜਾਂ ਬੇਹੋਸ਼ ਹੋਣਾ, ਭੁਰਭੁਰੇ ਨਾਖੁਨ, ਅਸਹਿਣਸ਼ੀਲਤਾ, ਮਾਸਪੇਸ਼ੀ ਦੀ ਕਮਜ਼ੋਰੀ, ਦਿਲ ਦੀ ਜਲਨ, ਭੋਜਨ ਤੋਂ ਬਾਅਦ ਕਬਜ਼, ਪੇਟ ਅੰਦਰ ਹਵਾ ਪੈਦਾ ਹੋਣਾ, ਕਿਡਨੀ ਦੇ ਰੋਗ, ਓਸਟੀਓਪੇਨੀਆ, ਓਸਟੀਓਪੋਰੋਸਿਸ, ਉਦਾਸੀ, ਚਿੜਚਿੜਾਪਨ, ਥਕਾਵਟ, ਮਾੜੀ ਇਕਾਗਰਤਾ ਵਗੈਰਾ ਸਾਹਮਣੇ ਆ ਸਕਦੇ ਹਨ।

ਐਨੋਰੈਕਸੀਆ ਨਰਵੋਸਾ, ਜੋ ਕਿ ਬਹੁਤ ਜ਼ਿਆਦਾ ਖੁਰਾਕ ਯਾਨਿ ਇੱਕ ਬੈਠਕ ਵਿਚ ਜ਼ਿਆਦਾ ਮਾਤਰਾ 'ਚ ਭੋਜਨ ਕਰਨਾ,




ਭੁੱਖਮਰੀ, ਜਾਂ ਲੋੜ ਤੋਂ ਵੱਧ ਕਸਰਤ ਦੁਆਰਾ ਵਜ਼ਨ ਘਟਾਉਣ ਜਾਂ ਦੇਖਭਾਲ ਆਉਂਦੀ ਹੈ। ਬੁਲੀਮੀਆ ਨਰਵੋਸਾ ਵਿਚ ਜ਼ਿਆਦਾ ਖਾਣ-ਪੀਣ ਤੋਂ ਬਾਅਦ ਵਜ਼ਨ ਦੇ ਵੱਧਣ ਤੋਂ ਬਚਣ ਲਈ ਕਸਰਤ ਕਰਨਾ, ਖਾਲੀ ਪੇਟ ਰਹਿਣਾ ਅਤੇ ਜੁਲਾਬ ਲੈਣ ਤੋਂ ਹੈ। ਬਿੰਜ ਈਟਿੰਗ ਡਿਸਆਰਡਰ ਦੌਰਾਣ ਵਿਅਕਤੀ ਭੁੱਖ ਤੋਂ ਵੱਧ ਖਾਣ-ਪੀਣ ਬਾਰੇ ਖੁਦ ਨੂੰ ਕੰਟਰੋਲ ਤੋਂ ਬਾਹਰ ਮਹਿਸੂਸ ਕਰਦਾ ਹੈ। ਐਨੋਰੈਕਸੀਆ ਨਰਵੋਸਾ ਵਾਲੇ ਕੁੱਝ ਵਿਅਕਤੀ ਵੀ ਰੁੱਕ-ਰੁੱਕ ਕੇ ਖਾਂਦੇ ਹਨ ਜਾਂ ਉਲਟੀਆਂ ਜਾਂ ਜੁਲਾਬ ਦੀ ਦੁਰਵਰਤੋਂ ਕਰਕੇ ਖਾ ਲੈਂਦੇ ਹਨ।

ਪਿਕਾ ਇੱਕ ਈਟਿੰਗ ਡਿਸਆਰਡਰ ਹੈ, ਜਿਸ 'ਚ ਪੀੜਿਤ ਵਾਰ-ਵਾਰ ਅਜਿਹਾ ਭੋਜਨ ਲੈਂਦਾ ਹੈ, ਜਿਸ ਵਿਚ ਕੋਈ ਪੌਸ਼ਕ ਤੱਤ ਨਹੀਂ ਹੈ। ਅਜਿਹਾ ਵਿਵਹਾਰ ਕਈ ਮਹੀਨੇ ਤੱਕ ਰਹਿ ਸਕਦਾ ਹੈ। ਆਮ ਤੌਰ 'ਤੇ ਲਏ ਗਏ ਪਦਾਰਥ ਉਮਰ ਅਤੇ ਉਪਲਬਧਤਾ ਦੇ ਨਾਲ ਬਦਲਦੇ ਹਨ ਅਤੇ ਇਸ 'ਚ ਕਾਗਜ਼, ਪੇਂਟ ਚਿਪਸ, ਸਾਬਣ, ਕੱਪੜਾ, ਵਾਲ, ਚਾਕ, ਕੰਕਰ, ਕੋਲਾ ਅਤੇ ਮਿੱਟੀ ਹੋ ਸਕਦੇ ਹਨ। ਪੀਕਾ ਵਾਲੇ ਆਮ ਤੌਰ 'ਤੇ ਭੋਜਨ ਪ੍ਰਤੀ ਨਫਰਤ ਨਹੀਂ ਹੁੰਦੀ। ਅਜਿਹਾ ਛੋਟੀ ਉਮਰ ਵਿਚ ਹੋ ਸਕਦਾ ਹੈ। ਰੁਮੀਨੇਸ਼ਨ ਡਿਸਆਰਡਰ ਵਿਚ ਖਾਣਾ ਖਾਣ ਤੋਂ ਬਾਅਦ ਦੁਹਰਾਇਆ ਜਾਣਾ ਅਤੇ ਭੋਜਨ ਨੂੰ ਦੁਬਾਰਾ ਚਬਾਉਣਾ ਅਤੇ ਨਿਗਲਿਆ ਹੋਇਆ ਭੋਜਨ ਆਪਣੀ ਮਰਜ਼ੀ ਨਾਲ ਮੂੰਹ ਵਿਚ ਨਿਗਲਨਾ, ਚਬਾਉਣ ਅਤੇ ਥੁੱਕਣ


ਅਨਿਲ ਧੀਰ

ਬਰੈਂਟਪਨ, ਕੈਨੇਡਾ

647-853-5800

healthmedia1@hotmail.com

(Punjab Mail USA)




ਦੀ ਕ੍ਰਿਆ ਦੇਖੀ ਜਾਂਦੀ ਹੈ। ਅਜਿਹਾ ਬਚਪਨ ਜਾਂ ਕਿਸ਼ੋਰ ਅਵਸਥ ਵਿਚ ਹੋ ਸਕਦਾ ਹੈ। ਇੱਕ ਮਹੀਨੇ ਦੌਰਾਣ ਵਾਰ-ਵਾਰ ਹੋ ਸਕਦਾ ਹੈ।

## ਦੇਖਭਾਲ ਦੀ ਲੋੜ:

- ਸਰੀਰ, ਦਿਮਾਗ 'ਤੇ ਖਾਣ-ਪੀਣ ਦੀਆਂ ਬਿਮਾਰੀਆਂ ਦੇ ਅਸਰ ਕਾਰਨ ਮਨੋਵਿਗਿਆਨਕ ਅਤੇ ਪੋਸ਼ਣ ਸੰਬੰਧੀ ਸਲਾਹ ਅਤੇ ਨਿਗਰਾਨੀ ਦੀ ਲੋੜ ਹੁੰਦੀ ਹੈ। ਮਾਹਿਰ ਵੱਲੋਂ ਮਾਨਸਿਕ ਇਲਾਜ ਦੇ ਨਾਲ ਪੋਸ਼ਣ ਸੰਬੰਧੀ ਸੈਸ਼ਨ ਅਤੇ ਕਦੇ-ਕਦੇ ਸਾਈਕੋਫਾਰਮਕੋਲੋਜੀ ਦੀ ਵੀ ਲੋੜ ਪੈ ਜਾਂਦੀ ਹੈ।
- ਐਨੋਰੈਕਸੀਆ ਨਰਵੋਸਾ ਨਾਲ ਪੀੜਿਤਾਂ ਨੂੰ ਖਾਣ-ਪੀਣ ਤੇ ਵਜ਼ਨ ਕੰਟਰੋਲ ਕਰਨ ਦੇ ਵਿਵਹਾਰ ਨੂੰ ਆਮ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।
- ਮਾਂ-ਬਾਪ ਦੀ ਜ਼ਿੰਮੇਵਾਰੀ ਬਚਪਨ ਤੇ ਗ੍ਰੋ ਹੋ ਰਹੇ ਬੱਚਿਆਂ ਨੂੰ ਪੌਸ਼ਟਿਕ ਖੁਰਾਕ ਬਾਰੇ ਜਾਗਰੂਕ ਕਰਨ, ਬੱਚੇ ਦੀ ਸਿਹਤ ਮੁਤਾਬਿਕ ਮਾਹਿਰ ਨਾਲ ਸਲਾਹ ਕਰਦੇ ਰਹਿਣਾ ਚਾਹੀਦਾ ਹੈ।
- ਅੰਤਰਰਾਸ਼ਟਰੀ ਪੱਧਰ 'ਤੇ ਗੰਭੀਰ ਐਨੋਰੈਕਸੀਆ ਦੇ ਪੀੜਿਤਾਂ ਦੇ ਵਜ਼ਨ ਨੂੰ ਬਹਾਲ ਕਰਨ ਅਤੇ ਖਾਣ-ਪੀਣ ਦੇ ਵਿਵਹਾਰ ਨੂੰ ਆਮ ਬਣਾਉਣ ਵਿਚ ਵਿਸ਼ੇਸ਼ ਪ੍ਰੋਗਰਾਮ ਕੰਮ ਕਰਦੇ ਹਨ। ਹਾਲਾਂਕਿ ਪ੍ਰੋਗਰਾਮ ਡਿਸਚਾਰਜ਼ ਤੋਂ ਬਾਅਦ ਪਹਿਲੇ ਸਾਲ ਵਿਚ ਦੁਬਾਰਾ ਹੋਣ ਦਾ ਜ਼ੋਖਮ ਮਹੱਤਵਪੂਰਨ ਮੰਨਿਆ ਜਾਂਦਾ ਹੈ।
- ਬਚਪਨ ਤੋਂ ਹੀ ਸੰਤੁਲਿਤ ਪੌਸ਼ਟਿਕ ਖੁਰਾਕ 'ਤੇ ਧਿਆਣ ਦੇਣ ਦੀ ਲੋੜ ਹੈ। ਕਿਉਂਕਿ ਪ੍ਰਭਾਵਿਤ ਵਿਅਕਤੀ ਦੀ ਉਮਰ ਦੇ ਬਾਵਜੂਦ ਰੋਗੀ ਦੀ ਟੈਨਸ਼ਨ ਦੇ ਨਾਲ ਪਰਿਵਾਰ ਲਈ ਵੀ ਮੁਸ਼ਕਲਾਂ ਵੱਧ ਜਾਂਦੀਆਂ ਹਨ।
- ਬੁਲੀਮੀਆ ਨਰਵੋਸਾ ਵਾਲੇ ਆਮ ਤੌਰ 'ਤੇ ਵਿਕਲਪਕ ਡਾਈਟਿੰਗ ਕਰਦੇ ਹਨ ਜਾਂ ਸਿਰਫ ਘੱਟ ਕੈਲੋਰੀ ਵਾਲੇ ਸੇਫ ਭੋਜਨ ਲੈਂਦੇ ਹਨ ਅਤੇ ਵਰਜਿਤ ਉੱਚ ਕੈਲੋਰੀ ਵਾਲੀ ਖੁਰਾਕ 'ਤੇ ਬਹੁਤ ਜ਼ਿਆਦਾ ਭੋਜਨ ਕਰਦੇ ਹਨ। ਕਈ ਬਾਰ ਗੰਭੀਰ ਹਾਲਤ ਵਿਚ ਈਸੋਫੀਗਲ ਹੰਝੂ, ਗੈਸਟ੍ਰਿਕ ਫਟਣਾ ਅਤੇ ਖਤਰਨਾਕ ਕਾਰਡੀਅਕ ਐਰੀਥਮੀਆ ਦੀ ਸੰਭਾਵਨਾ ਹੋ ਸਕਦੀ ਹੈ। ਮਾਹਿਰ ਵੱਲੋਂ ਡਾਇਗਨੋਜ਼ ਅਤੇ ਇਲਾਜ਼ ਜਰੂਰੀ ਹੋ ਜਾਂਦਾ ਹੈ।

**ਨੋਟ :** ਖਾਣ-ਪੀਣ ਨਾਲ ਜੁੜੇ ਰੋਗਾਂ ਦੀ ਹਾਲਤ ਵਿਚ ਬਿਨਾਂ ਦੇਰੀ ਮਾਹਿਰ ਦੀ ਸਲਾਹ ਲੈਣ ਅਤੇ ਇਲਾਜ ਦੌਰਾਣ ਲਾਪ੍ਰਵਾਹੀ ਖਤਰਨਾਕ ਸਾਬਿਤ ਹੋ ਸਕਦੀ ਹੈ। ਬਿਮਾਰੀ ਦੀ ਹਾਲਤ ਵਿਚ ਸਾਈਕੋ-ਥੈਰੇਪੀ, ਐਂਟੀ-ਡਿਪ੍ਰੈਸੈਂਟਸ ਅਤੇ ਰਜਿਸਟਰਡ ਪੋਸ਼ਣ ਮਾਹਿਰ ਹੈਲਪ ਕਰ ਸਕਦਾ ਹੈ।

# ਸੁਖਮਿੰਦਰ ਸੇਖ਼ੋਂ ਦਾ ਕਹਾਣੀ ਸੰਗ੍ਰਹਿ 'ਪੈੜਾਂ ਦੀ ਸ਼ਨਾਖ਼ਤ' ਲੋਕ ਹਿਤਾਂ ਦਾ ਪਹਿਰੇਦਾਰ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਸੁਖ਼ਮਿੰਦਰ ਸੇਖ਼ੋਂ ਸਥਾਪਤ ਸਾਹਿਤਕਾਰ ਹੈ। ਉਸ ਨੇ ਕਹਾਣੀ, ਨਾਵਲ, ਨਾਟਕ ਅਤੇ ਕਵਿਤਾ ਦੇ ਖੇਤਰ ਵਿਚ ਚੰਗਾ ਨਾਮਣਾ ਖੱਟਿਆ ਹੈ। ਉਸ ਦਾ 'ਪੈੜਾਂ ਦੀ ਸ਼ਨਾਖ਼ਤ' ਕਹਾਣੀ ਸੰਗ੍ਰਹਿ ਮਨੁੱਖੀ ਕਦਰਾਂ-ਕੀਮਤਾਂ ਵਿਚ ਆ ਰਹੀ ਗਿਰਾਵਟ ਦਾ ਪ੍ਰਤੀਬਿੰਬ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰਦਾ ਹੈ। ਉਸ ਦੀਆਂ ਹੁਣ ਤੱਕ ਇੱਕ ਦਰਜਨ ਤੋਂ ਵੱਧ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। 'ਪੈੜਾਂ ਦੀ ਸ਼ਨਾਖ਼ਤ' ਕਹਾਣੀ ਸੰਗ੍ਰਹਿ ਵਿਚ 14 ਕਹਾਣੀਆਂ ਹਨ, ਜਿਹੜੀਆਂ ਬਹੁਤ ਹੀ ਸੰਜੀਦਾ ਵਿਸ਼ਿਆਂ 'ਤੇ ਲਿਖੀਆਂ ਗਈਆਂ ਹਨ। ਜ਼ਮੀਨੀ ਹਕੀਕਤਾਂ ਨੂੰ ਵਿਸ਼ੇ ਬਣਾਇਆ ਗਿਆ ਹੈ। ਸਮਾਜ ਵਿਚ ਜੋ ਕੁਝ ਵਾਪਰ ਰਿਹਾ ਹੈ, ਸੁਖਮਿੰਦਰ ਸੇਖੋਂ ਹੂ ਬਹੂ ਉਹ ਹੀ ਲਿਖ ਰਿਹਾ ਹੈ। ਇਸੇ ਕਰਕੇ ਸੁਖਮਿੰਦਰ ਸੇਖ਼ੋਂ ਦੀਆਂ ਕਹਾਣੀਆਂ ਵਿਚ ਗਾਲ੍ਹਾਂ ਅਤੇ ਹੋਰ ਅਸੱਭਿਆ ਸ਼ਬਦਾਵਲੀ ਵਰਤੀ ਗਈ ਹੈ ਪਰੰਤੂ ਇਹ ਹਕੀਕਤ ਹੈ ਕਿ ਲੋਕ ਅਜਿਹੀ ਬੋਲੀ ਬੋਲਦੇ ਹਨ। ਮੰਟੋ ਵੀ ਆਪਣੀਆਂ ਕਹਾਣੀਆਂ ਵਿਚ ਅਜਿਹੀਆਂ ਗੱਲਾਂ ਲਿਖਦਾ ਸੀ, ਉਦੋਂ ਉਸ ਦਾ ਵਿਰੋਧ ਹੁੰਦਾ ਸੀ ਪਰੰਤੂ ਅੱਜ ਉਸ ਦੀ ਕਦਰ ਪੈ ਰਹੀ ਹੈ। ਸੁਖਮਿੰਦਰ ਸੇਖੋਂ ਵੀ ਮੰਟੋ ਦੇ ਰਾਹਾਂ 'ਤੇ ਚੱਲਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਨ੍ਹਾਂ ਕਹਾਣੀਆਂ ਵਿਚ ਇਸਤਰੀ ਅਤੇ ਮਰਦ ਦੇ ਵੱਖ-ਵੱਖ ਰੂਪਾਂ ਨੂੰ ਬਹੁਤ ਹੀ ਸੁਚੱਜੇ ਅਤੇ ਸੰਵੇਦਨਸ਼ੀਲ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਸਮਾਜ ਇਸਤਰੀ ਨੂੰ ਭੁੱਖੀ ਨਜ਼ਰ ਨਾਲ ਵੇਖਦਾ ਹੈ, ਜਿਵੇਂ ਔਰਤ ਕੋਈ ਖਾਣ ਵਾਲੀ ਵਸਤੂ ਹੁੰਦੀ ਹੈ। ਸੁਖਮਿੰਦਰ ਸੇਖ਼ੋਂ ਦੀਆਂ ਕਹਾਣੀਆਂ ਅਨੁਸਾਰ ਮਰਦ ਹਮੇਸ਼ਾ ਇਸਤਰੀ ਦੀਆਂ ਮਜ਼ਬੂਰੀਆਂ ਦਾ ਲਾਭ ਉਠਾਉਣ ਦੀ ਤਾਕ ਵਿਚ ਰਹਿੰਦਾ ਹੈ। ਇਸ ਸੰਗ੍ਰਹਿ ਦੀ ਪਹਿਲੀ ਹੀ ਕਹਾਣੀ 'ਚਲ ਮੇਰੀ ਧੀਏ' ਵਿਚ ਇਸਤਰੀ ਦੇ ਦੋ ਰੂਪ ਜੋਗਿੰਦਰ ਕੌਰ ਪਤਨੀ ਜੋ ਵਹਿਮਾਂ-ਭਰਮਾਂ ਵਿਚ ਪਈ ਹੋਈ ਹੈ ਅਤੇ ਸਾਧਾਂ ਸੰਤਾਂ ਦੇ ਚੱਕਰ ਵਿਚ ਫਸਦੀ ਹੈ। ਆਪਣੇ ਪਤੀ ਪਿਆਰਾ ਸਿੰਘ ਪ੍ਰਤੀ ਵੀ ਸੰਜੀਦਾ ਨਹੀਂ। ਦੂਜੀ ਰੁਪਿੰਦਰ ਕੌਰ ਨੂੰਹ ਹੈ, ਜਿਹੜੀ ਆਪਣੇ ਸਹੁਰੇ ਦੀ ਸਿਹਤ ਬਾਰੇ ਸੰਜੀਦਾ ਤੇ ਧੀ ਦੀ ਤਰ੍ਹਾਂ ਵਿਚਰਦੀ ਹੈ। ਉਸ ਨੂੰ ਕੋਈ ਲਾਲਚ ਨਹੀਂ। ਸਹੁਰੇ ਵੱਲੋਂ ਜ਼ਮੀਨ ਉਸ ਦੇ ਨਾਮ ਕਰਵਾਉਣ ਤੋਂ ਵੀ ਜਵਾਬ ਦੇ ਦਿੰਦੀ ਹੈ। ਪਰੰਤੂ ਜੋਗਿੰਦਰ ਕੌਰ ਗੁਰਜੀਤ ਸਿੰਘ ਉਸ ਦੇ ਚਾਲ ਚਲਣ 'ਤੇ ਚਿੱਕੜ ਸੁੱਟਣੋਂ ਵੀ ਗੁਰੇਜ ਨਹੀਂ ਕਰਦੇ। ਗੁਰਜੀਤ ਸਿੰਘ ਦਾ ਪਾਤਰ ਨਸ਼ਈ ਅਤੇ ਬੇਪ੍ਰਵਾਹ ਹੈ। 'ਦੱਬੀ ਅੱਗ' ਕਹਾਣੀ ਵਿਚ ਫ਼ੌਜੀ ਸ਼ਹੀਦ ਜੰਗ ਸਿੰਘ ਦੀ ਵਿਧਵਾ ਦੀ ਬੱਚੇ ਪਾਲਣ ਅਤੇ ਪੈਨਸ਼ਨ ਆਦਿ ਲਗਵਾਉਣ ਦੀ ਮਜਬੂਰੀ ਦਾ ਕਰਨੈਲ ਸਿੰਘ ਕਾਣਾ ਲਾਭ ਉਠਾਉਣਾ ਚਾਹੁੰਦਾ ਹੈ। ਸੁਖਵੰਤ ਕੌਰ ਲੜਕੀ ਦਲੇਰੀ ਦਾ ਪ੍ਰਤੀਕ ਬਣਦੀ ਹੈ, ਜਦੋਂ ਉਸ ਦੀ ਇੱਜ਼ਤ ਨੂੰ ਹੱਥ ਪਾਉਣ ਵਾਲਾ ਉਹੀ ਕਰਨੈਲ ਸਿੰਘ ਜਿਹੜਾ ਉਸ ਦੀ ਮਾਂ ਦੀ ਮਜਬੂਰੀ ਦਾ ਲਾਭ ਉਠਾਉਣਾ ਚਾਹੁੰਦਾ ਸੀ, ਜਦੋਂ ਸੁਖਵੰਤ ਵੱਲ ਮਾੜੀ ਹਰਕਤ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਹ ਉਸ ਨੂੰ ਮੌਤ ਦੇ ਘਾਟ ਉਤਾਰ ਦਿੰਦੀ ਹੈ। 'ਚਿਹਰੇ ਹੁਸੀਨ ਜਿਹੇ' ਕਹਾਣੀ ਵਿਚ ਫਿਲਮਾਂ ਵਿਚ ਸਫਲ ਹੋਣ ਵਾਸਤੇ ਲੜਕੀਆਂ ਨੂੰ ਕਿਹੜੇ ਵੇਲਣ ਵੇਲਣੇ ਪੈਂਦੇ ਹਨ ਅਤੇ ਲੜਕੀਆਂ ਗ਼ਲਤ ਤਰੀਕੇ ਨਾਲ ਰੋਲ ਲੈਣ ਨੂੰ ਕਿਸ ਤਰ੍ਹਾਂ ਦੀ ਨਿਗਾਹ ਨਾਲ ਵੇਖਦੀਆਂ ਹਨ। ਰਮਣੀਕ ਕੌਰ ਭਾਵੇਂ ਆਪਣੀ ਇੱਜ਼ਤ ਗੁਆ ਕੇ ਸਫ਼ਲ ਨਹੀਂ ਹੁੰਦੀ ਪਰੰਤੂ ਆਪਣੀ ਲੜਕੀ ਮੁਸਕਾਨ ਨੂੰ ਗ਼ਲਤ ਢੰਗ ਨਾਲ ਸਫਲ ਕਰਾਉਂਦੀ ਹੋਈ ਮਾਣ ਮਹਿਸੂਸ ਕਰਦੀ ਹੈ। ਜਦੋਂਕਿ ਮੁਸਕਾਨ ਇਸ ਤਰ੍ਹਾਂ ਦੀ ਪਹੁੰਚ ਦੇ ਵਿਰੁੱਧ ਹੈ। ਪ੍ਰੋਡਿਊਸਰ ਸੋਹਨ ਲਾਲ ਅਤੇ ਰਵੀ ਕੁਮਾਰ ਦੋਹਾਂ ਦਾ ਵਿਵਹਾਰ ਗ਼ੈਰ ਇਖਲਾਕੀ ਹੈ। ਅੱਜ ਦੇ ਜ਼ਮਾਨੇ ਵਿਚ ਜਦੋਂ ਹਰ ਕੋਈ ਕਿਸੇ ਵੀ ਘਟਨਾ ਮੌਕੇ ਇਹ ਕਹਿ ਦਿੰਦਾ ਹੈ ਕਿ ਮੈਨੂੰ ਕੀ 'ਪ੍ਰਕਾਸ਼ ਨਾਇਕ ਜ਼ਿੰਦਾ ਹੈ' ਕਹਾਣੀ ਵਿਚ ਪ੍ਰਕਾਸ਼ ਨਾਮ ਦੇ ਪਾਤਰ ਦੀ ਭੂਮਿਕਾ ਕਾਬਲੇ ਤਾਰੀਫ਼ ਹੈ। ਕਿਉਂਕਿ ਉਸ ਨੇ ਇਕ ਲੜਕੀ ਦੀ ਇੱਜ਼ਤ ਬਚਾਈ ਹੈ। ਜਦੋਂਕਿ ਬਾਕੀ ਸਾਥੀਆਂ ਨੇ ਹਿੰਮਤ ਨਹੀਂ ਵਿਖਾਈ। ਬਿੱਲਾ ਬਦਮਾਸ਼ ਪ੍ਰਕਾਸ਼ ਦੀ ਕੁੜੀ 'ਤੇ ਮਾੜੀ ਨਿਗਾਹ ਰੱਖਣ ਲੱਗ ਗਿਆ ਹੈ, ਜਿਸ ਕਰਕੇ ਪ੍ਰਕਾਸ਼ ਸਦਮੇ ਵਿਚ ਹੈ। 'ਕੁਰਸੀਆਂ ਦੀ ਸ਼ਨਾਖ਼ਤ' ਕਹਾਣੀ ਦਫਤਰਾਂ ਵਿਚ ਚੱਲ ਰਹੇ ਵਰਤਾਰਿਆਂ ਬਾਰੇ ਹੈ। ਹਰ ਦਫਤਰ ਵਿਚ ਇਕ ਭ੍ਰਿਸ਼ਟ ਜੁੰਡਲੀ ਹੁੰਦੀ ਹੈ, ਜਿਵੇਂ ਅਸਿਸਟੈਂਟ ਡਾਇਰੈਕਟਰ ਰੁਪਿੰਦਰ ਸਿੰਘ, ਸੁਪਡੈਂਟ ਬਾਂਸਲ, ਪੀ.ਏ. ਆਹੂਜਾ ਅਤੇ ਰਮਣੀਕ ਹਨ। ਕੁਝ ਅਧਿਕਾਰੀ ਭ੍ਰਿਸ਼ਟ ਅਤੇ ਚਾਲ-ਚਲਣ ਦੇ ਮਾੜੇ ਜਿਵੇਂ ਬਲਦੇਵ ਸਿੰਘ ਬਰਾੜ ਅਤੇ ਸਤਵਿੰਦਰ ਸਿੰਘ ਸੋਢੀ। ਬਲਦੀਪ, ਸਰਿਤਾ ਅਤੇ ਸੰਦੀਪ ਵਰਗੇ ਇਮਾਨਦਾਰ ਵੀ ਹੁੰਦੇ ਹਨ। ਭਰਤੀ ਵਿਚ ਹੇਰਾਫੇਰੀ ਵੀ ਜਿਵੇਂ ਰਮਣੀਕ ਦੀ ਨਿਯੁਕਤੀ ਸਮੇਂ ਹੋਈ। ਦਫ਼ਤਰਾਂ ਵਿਚ ਲੜਕੀਆਂ ਨਾਲ ਗ਼ਲਤ ਹਰਕਤਾਂ ਵੀ ਹੁੰਦੀਆਂ ਹਨ। 'ਹਨੇਰਾ ਢੋਂਦਿਆਂ' ਕਹਾਣੀ ਗ਼ਰੀਬ ਰਿਕਸ਼ਾ ਚਾਲਕਾਂ ਸੁਖੀ ਰਾਮ ਅਤੇ ਘਾਰੂ ਦੀ ਜ਼ਿੰਦਗੀ ਦੀ ਜੱਦੋ-ਜਹਿਦ ਦੀ ਕਹਾਣੀ ਹੈ। ਗ਼ਰੀਬ ਲੋਕ 100 ਰੁਪਏ ਵੱਟਕੇ ਸੰਤੁਸ਼ਟ ਹੋ ਜਾਂਦੇ ਹਨ। ਇਹ ਕਹਾਣੀ ਬੇਰੋਜ਼ਗਾਰੀ ਦੀ ਮੂੰਹ ਬੋਲਦੀ ਤਸਵੀਰ ਵੀ ਪੇਸ਼ ਕਰਦੀ ਹੈ। 'ਤਾਜ਼ੀ ਪ੍ਰੇਮ ਕੀ' ਕਹਾਣੀ ਹਿਜੜੇ ਹਰਦੀਪ ਦੀ ਹੈ। ਇਹ ਕਹਾਣੀ ਬਹੁਤ ਹੀ ਸੰਜੀਦਾ ਵਿਸ਼ੇ 'ਤੇ ਲਿਖੀ ਗਈ ਹੈ। ਸਮਾਜ ਦੇ ਦੁਰਕਾਰੇ ਵਰਗ ਦੀਆਂ ਆਪਣੀਆਂ ਮੁਸੀਬਤਾਂ ਹਨ, ਜਿਨ੍ਹਾਂ ਨੂੰ ਬਾਕੀ ਸਮਾਜ ਸਮਝ ਨਹੀਂ ਸਕਦਾ। 'ਤੁਸੀਂ ਕੋਈ ਸਵਾਲ ਨਹੀਂ ਕਰੋਗੇ' ਇਸ ਕਹਾਣੀ ਦੇ ਨਾਮ ਤੋਂ ਹੀ ਪਤਾ ਲੱਗਦਾ ਹੈ ਕਿ ਇਸ ਵਿਚ ਕੀ ਹੋਵੇਗਾ ? ਇਹ ਕਹਾਣੀ ਜਾਅਲੀ ਸ਼ਰਾਬ ਦਾ ਧੰਦਾ ਕਰਨ ਵਾਲਿਆਂ ਵੱਲੋਂ ਜ਼ਹਿਰੀਲੀ ਜਾਅਲੀ ਸ਼ਰਾਬ ਗ਼ਰੀਬ ਲੋਕਾਂ ਨੂੰ ਸਸਤੀ ਵੇਚਣ ਬਾਰੇ ਹੈ, ਜਿਸ ਨੂੰ ਪੀ ਕੇ ਉਹ ਲੋਕ ਮਰ ਜਾਂਦੇ ਹਨ। ਸ਼ਰਾਬ ਬਣਾਉਣ ਅਤੇ ਵੇਚਣ ਵਾਲਿਆਂ ਦੀ ਸਰਕਾਰਾਂ ਨਾਲ ਮਿਲੀਭੁਗਤ ਕਰਕੇ ਕੋਈ ਕਾਰਵਾਈ ਨਹੀਂ ਹੁੰਦੀ। 'ਬੱਸ ਕਰੋ ਸਰਦਾਰ ਜੀ' ਕਹਾਣੀ ਬਹੁਤ ਸੰਵੇਦਨਸ਼ੀਲ ਬਣ ਜਾਂਦੀ ਹੈ, ਜਦੋਂ ਹਰਪਾਲ ਸਿੰਘ ਅਤੇ ਪ੍ਰੋ. ਪਰਮਪਾਲ ਕੌਰ ਦੀ ਬੇਟੀ ਰਿਦਮ ਕਹਿੰਦੀ ਹੈ ਕਿ ਪਾਪਾ ਮੇਰਾ ਵਿਆਹ ਕਿਸੇ ਵੱਡੇ ਜ਼ਿਮੀਦਾਰ ਦੇ ਕਾਕੇ ਨਾਲ ਕਰਨਗੇ। ਰਿਦਮ ਨੂੰ ਪਤਾ ਹੈ ਉਸ ਦੇ ਪਾਪਾ ਆਪਣੇ ਆਪ ਨੂੰ ਜ਼ਿਮੀਂਦਾਰ ਕਹਾਕੇ ਢੌਂਗ ਰਚਦੇ ਹਨ। ਇਹ ਕਹਾਣੀ ਅੰਤਰਜ਼ਾਤੀ ਵਿਆਹੇ ਜੋੜੇ ਦੇ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਵਿਚਾਰਾਂ ਵਿਚ ਅੰਤਰ ਦੀ ਤਸਵੀਰ ਹੈ। ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਛੋਟੀਆਂ ਜਾਤਾਂ ਦੇ ਕੁਝ ਲੋਕ ਵੱਡੇ ਅਧਿਕਾਰੀ ਬਣਕੇ ਕਦਰਾਂ-ਕੀਮਤਾਂ ਨੂੰ ਛਿੱਕੇ 'ਤੇ ਟੰਗ ਦਿੰਦੇ ਹਨ। ਹਓਮੈ ਦਾ ਸ਼ਿਕਾਰ ਹੋ ਕੇ ਗ਼ਰੀਬ ਲੋਕਾਂ ਨਾਲ ਜ਼ਿਆਦਤੀਆਂ ਕਰਦੇ ਹਨ। ਇਕ ਕਿਸਮ ਨਾਲ ਆਪਣੇ 'ਤੇ ਹੋਈਆਂ ਜ਼ਿਆਦਤੀਆਂ ਦਾ ਬਦਲਾ ਲੈ ਰਹੇ ਹੁੰਦੇ ਹਨ। 'ਅੰਦਰਲਾ ਆਦਮੀ' ਕਹਾਣੀ ਗੁਲਜ਼ਾਰ ਸਿੰਘ ਸੇਵਾਦਾਰ ਦੇ ਆਲੇ-ਦੁਆਲੇ ਘੁੰਮਦੀ ਹੈ। ਗੁਲਜ਼ਾਰ ਸਿੰਘ ਨੂੰ ਚੰਗੇ ਨੰਬਰ ਲੈ ਕੇ ਪਾਸ ਨਾ ਹੋਣ ਦਾ ਝੋਰਾ ਅੰਦਰੋਂ ਝੰਜੋੜ ਰਿਹਾ ਹੈ। ਦਫਤਰ ਵਿਚ ਸੇਵਾਦਾਰ ਹੈ ਪ੍ਰੰਤੂ ਛੋਟੀ ਜ਼ਾਤ ਦਾ ਹੁੰਦਾ ਹੋਇਆ ਵੀ ਜੱਟ ਹੋਣ ਦਾ ਢੌਂਗ ਪਾਲੀ ਬੈਠਾ ਹੈ। ਆਪਣੇ ਅਧਿਕਾਰੀ ਅਤੇ ਹੋਰ ਲੋਕਾਂ ਨੂੰ ਮਨ ਵਿਚ ਹੀ ਗਾਲ੍ਹਾਂ ਕੱਢਦਾ ਰਹਿੰਦਾ ਹੈ। ਗੁਰਿੰਦਰ ਕੌਰ ਜਮਾਤਣ ਨਾਲ ਪਿਆਰ ਸਿਰੇ ਨਾ ਚੜ੍ਹਨ ਦਾ ਝੋਰਾ ਵੀ ਹੈ। ਉਹ ਆਪਣੇ ਆਪ ਨੂੰ ਜੱਟ ਦਾ ਅਮੀਰ ਪੁੱਤ ਹੋਣ ਦੀਆਂ ਗੱਪਾਂ ਮਾਰਦਾ ਹੈ। 'ਤੇਰੇ ਭਾਣੇ' ਕਹਾਣੀ ਪੰਜਾਬ ਦੇ ਮਾੜੇ ਦਿਨਾਂ ਨੂੰ ਤਸਦੀਕ ਕਰਦੀ ਹੋਈ ਦੱਸ ਰਹੀ ਹੈ ਕਿ ਧਰਮ ਦੇ ਨਾਂ 'ਤੇ ਹਰਕਿਸ਼ਨ ਵਰਗੇ ਮਾਸੂਮ ਲੋਕਾਂ ਦੇ ਕਤਲ ਹੁੰਦੇ ਰਹੇ। ਸਰਕਾਰਾਂ ਵਾਰਸਾਂ ਨੂੰ ਨੌਕਰੀਆਂ ਦਾ ਐਲਾਨ ਕਰਕੇ ਸਿਆਸਤ ਕਰਦੀਆਂ ਰਹੀਆਂ। ਬੁਜ਼ਰਗ ਮਾਂ-ਬਾਪ ਸੰਤਾਪ ਭੋਗਦੇ ਰਹੇ। 'ਇਕ ਬਾਪ ਦੀ ਹੈਸੀਅਤ' ਕਹਾਣੀ ਇਕ ਅਧਿਕਾਰੀ ਗੁਰਜਿੰਦਰ ਸਿੰਘ ਨੇ ਆਪਣੀ ਲੜਕੀ ਅਤੇ ਲੜਕੇ ਦਾ ਵਿਆਹ ਕਰ ਦਿੱਤਾ। ਆਪਣੇ ਆਪ ਨੂੰ ਬਾਪ ਕਹਿੰਦਾ ਹੈ ਪਰੰਤੂ ਦੂਜੇ ਪਾਸੇ ਆਪਣੀ ਨੂੰਹ ਪਰਿਣੀਤਾ ਨਾਲ ਗ਼ੈਰ ਇਖਲਾਕੀ ਹਰਕਤ ਕਰਦਾ ਹੈ। ਬਹੁਤ ਹੀ ਸੰਜੀਦਾ ਕਹਾਣੀ ਹੈ, ਅਧਿਕਾਰੀ ਦਫ਼ਤਰਾਂ ਵਿਚ ਆਪਣੀਆਂ ਮਤਹਿਤ ਲੜਕੀਆਂ ਦਾ ਸ਼ੋਸ਼ਣ ਕਰਦੇ ਹਨ। 'ਮਖੌਟੇ' ਕਹਾਣੀ ਸ਼ਮਸ਼ੇਰ ਸਿੰਘ ਅਤੇ ਉਸ ਦੀ ਪਤਨੀ ਬਲਬੀਰ ਕੌਰ ਨਾਲ ਸੰਬੰਧਤ ਹੈ, ਜਿਹੜੇ ਭ੍ਰਿਸ਼ਟ ਅਧਿਕਾਰੀ ਹਨ। ਵਿਖਾਵੇ ਦਾ ਪਖੰਡ ਕਰਦੇ ਹਨ। ਖਾੜਕੂਆਂ ਦੀ ਆੜ ਵਿਚ ਉਨ੍ਹਾਂ ਦਾ ਲੜਕਾ ਰਾਜਿੰਦਰ ਸਿੰਘ ਲੁੱਟਾਂ-ਖੋਹਾਂ ਕਰਕੇ ਪੈਸੇ ਇਕੱਠੇ ਕਰਦਾ ਹੈ, ਜੇਲ੍ਹ ਦੀ ਹਵਾ ਖਾ ਰਿਹਾ ਹੈ। ਢਕਵੰਜ ਇਮਾਨਦਾਰ ਅਤੇ ਧਰਮੀ ਹੋਣ ਦਾ ਕਰਦੇ ਹਨ। ਉਦੋਂ ਹੋਸ਼ ਉਡ ਜਾਂਦੀ ਹੈ, ਜਦੋਂ ਖਾੜਕੂਆਂ ਵੱਲੋਂ ਬਲਬੀਰ ਕੌਰ ਅਤੇ ਛੋਟਾ ਲੜਕਾ ਨਰਿੰਦਰ ਸਿੰਘ ਅਗਵਾ ਕਰਕੇ 50 ਲੱਖ ਦੀ ਫਿਰੌਤੀ ਮੰਗੀ ਜਾਂਦੀ ਹੈ। 'ਕੋਈ ਹੋਰ ਰਸਤਾ' ਕਹਾਣੀ ਇਕ ਫੈਕਟਰੀ ਵਿਚ ਕੰਮ ਕਰਨ ਵਾਲੇ ਗ਼ਰੀਬ ਮੁਲਾਜ਼ਮ ਦੀ ਹੈ, ਜਿਹੜਾ ਆਪਣੇ ਪਰਿਵਾਰ ਦੇ ਗੁਜ਼ਾਰੇ ਲਈ ਤਨਖ਼ਾਹ ਵਧਾਉਣੀ ਚਾਹੁੰਦਾ ਹੈ ਪਰੰਤੂ ਮਾਲਕ ਉਤਨੀ ਤਨਖ਼ਾਹ ਵਧਾਉਂਦਾ ਨਹੀਂ। ਫਿਰ ਉਸ ਦੇ ਮਨ ਵਿਚ ਚੱਲ ਰਹੀ ਮਾਲਕ ਨੂੰ ਮਾਰ ਕੇ ਲੁੱਟਣ ਦੀ ਕਸ਼ਮਕਸ਼ ਹੁੰਦੀ ਰਹਿੰਦੀ ਹੈ ਪਰੰਤੂ ਜਦੋਂ ਇਕ ਮਾਂ ਆਪਣੇ ਬੱਚੇ ਨੂੰ ਇੱਕ ਰੋਟੀ ਛੋਟੇ ਭਰਾ ਲਈ ਦੇਣ ਲਈ ਕਹਿੰਦੀ ਹੈ, ਤਾਂ ਉਹ ਆਪਣਾ ਮਨ ਬਦਲ ਲੈਂਦਾ ਹੈ ਤੇ ਜੀਤ ਸਿੰਘ ਗੁਰਦੁਆਰੇ 'ਚੋਂ ਆ ਰਹੀ ਆਵਾਜ਼ 'ਥੋੜ੍ਹੇ ਨੂੰ ਬਹੁਤਾ ਕਰਕੇ ਜਾਣਿਓ ? ਸੁਣ ਕੇ ਸੰਤੁਸ਼ਟ ਹੋ ਜਾਂਦਾ ਹੈ। ਉਮੀਦ ਹੈ ਕਿ ਭਵਿੱਖ ਵਿਚ ਸੁਖਮਿੰਦਰ ਸੇਖੋਂ ਪੰਜਾਬੀ ਬੋਲੀ ਦੀ ਇਸੇ ਤਰ੍ਹਾਂ ਸੇਵਾ ਕਰਦਾ ਰਹੇਗਾ।

120 ਰੁਪਏ ਕੀਮਤ, 103 ਪੰਨਿਆਂ, 14 ਕਹਾਣੀਆਂ ਵਾਲਾ ਇਹ ਕਹਾਣੀ ਸੰਗ੍ਰਹਿ ਸਹਿਜ ਪਬਲੀਕੇਸ਼ਨ ਸਮਾਣਾ (ਪਟਿਆਲਾ) ਨੇ ਪ੍ਰਕਾਸ਼ਤ ਕੀਤਾ ਹੈ।




# ਵਿਰਸਾ : ਮਸ਼ੀਨਰੀ ਯੁੱਗ ਦੀ ਭੇਟ ਚੜ੍ਹ ਗਿਆ ਕਿਸਾਨੀ ਦਾ ਅਹਿਮ ਪੁਰਾਤਨ ਸੰਦ "ਕਰਾਹ"

-ਤਸਵਿੰਦਰ ਸਿੰਘ ਬੜੈਚ
ਪਿੰਡ ਦੀਵਾਲਾ, ਤਹਿਸੀਲ
ਸਮਰਾਲਾ, ਜ਼ਿਲ੍ਹਾ ਲੁਧਿਆਣਾ।
ਮੋਬ : 75279-31887
(Punjab Mail USA)



ਪਹਿਲੇ ਸਮਿਆਂ ਵਿਚ ਖੇਤ ਉੱਚੇ-ਨੀਵੇਂ ਹੁੰਦੇ ਸਨ, ਭਾਵ ਖੇਤ ਪੱਧਰੇ ਨਹੀਂ ਹੁੰਦੇ ਸਨ। ਬਹੁਤੇ ਖੇਤਾਂ ਵਿਚ ਰੇਤ ਵਾਲੇ ਟਿੱਬੇ ਹੁੰਦੇ ਸਨ। ਟਿੱਬਾ, ਮਿੱਟੀ-ਰੇਤ ਵਾਲੇ ਉਭਰੇ ਥਾਂ ਨੂੰ ਕਿਹਾ ਜਾਂਦਾ ਹੈ। ਸਾਰੀ ਖੇਤੀ ਮੀਹਾਂ 'ਤੇ ਨਿਰਭਰ ਹੁੰਦੀ ਸੀ। ਖੇਤੀ ਮੀਹਾਂ 'ਤੇ ਨਿਰਭਰ ਹੋਣ ਕਰਕੇ ਜੇ ਵੇਲੇ ਸਿਰ ਮੀਂਹ ਪੈ ਜਾਣੇ, ਤਾਂ ਫਸਲ ਭਰਵੀਂ ਹੋ ਜਾਣੀ, ਨਹੀਂ ਤਾਂ ਖੇਤ ਵਿਚ ਬੀਜੇ ਬੀਜ ਜੋਗੇ ਦਾਣੇ ਵੀ ਨਹੀਂ ਹੁੰਦੇ ਸਨ। ਫਿਰ ਜਦੋਂ ਖੂਹ ਲੱਗਣੇ ਸ਼ੁਰੂ ਹੋਏ, ਤਾਂ ਥੋੜ੍ਹੀ-ਥੋੜ੍ਹੀ ਜ਼ਮੀਨ ਖੂਹ ਦੇ ਪਾਣੀ ਨਾਲ ਸਿੰਜੀ ਜਾਣ ਲੱਗੀ, ਪਰ ਜ਼ਮੀਨਾਂ ਪੱਧਰੀਆਂ ਨਾ ਹੋਣ ਕਰਕੇ ਅੱਧਾ ਖੇਤ ਪਾਣੀ ਨਾਲ ਭਰ ਜਾਣਾ ਤੇ ਅੱਧਾ ਖੇਤ ਸੁੱਕਾ ਰਹਿ ਜਾਣਾ। ਕਿਸਾਨਾਂ ਨੇ ਕਹੀਆਂ ਨਾਲ ਖੇਤਾਂ ਨੂੰ ਪੱਧਰਾ ਕਰਨ ਦੀ ਬਥੇਰੀ ਕੋਸ਼ਿਸ ਕਰਨੀ ਪਰ ਉਹ ਗੱਲ ਨਾ ਬਣਨੀ। ਬਹੁਤ ਥੋੜ੍ਹੀ ਥਾਂ ਮਹੀਨਿਆਂ-ਸਾਲਾਂ ਵਿਚ ਪੱਧਰ ਹੋਣੀ। ਇਸ ਸਮੱਸਿਆ ਨੂੰ ਹੱਲ ਕਰਨ ਲਈ ਸੇਪੀ ਦਾ ਕਿੱਤਾ ਕਰਨ ਵਾਲੇ ਤਰਖਾਣਾਂ ਨੇ ਕਰਾਹ ਦੀ ਕਾਢ ਕੱਢੀ। ਕਰਾਹ ਕਿਸਾਨੀ ਦਾ ਉਹ ਸੰਦ ਸੀ, ਜਿਸਨੂੰ ਕਿਸਾਨ ਜ਼ਮੀਨ ਪੱਧਰੀ ਕਰਨ ਲਈ ਵਰਤਦੇ ਸਨ। ਇਹ ਫੱਟਾ-ਨੁਮਾ ਲਕੜੀ ਦਾ ਟੁਕੜਾ ਹੁੰਦਾ ਸੀ, ਜਿਸਦੀ ਚੌੜਾਈ-ਲੰਬਾਈ ਤਕਰੀਬਨ 2-3 ਫੁੱਟ ਹੁੰਦੀ ਸੀ। ਇਸ ਫੱਟੇ ਨੂੰ ਦੋ ਦਸਤੇ ਲਾਏ ਜਾਂਦੇ ਸਨ। ਦਸਤਿਆਂ ਦੇ ਉੱਪਰ ਦੋ ਹੱਥੇ ਲਾਏ ਜਾਂਦੇ ਸਨ। ਇਸ ਫੱਟੇ ਦੇ ਅਗਲੇ ਸਿਰਿਆਂ 'ਤੇ ਦੋ ਕੁੰਡੇ ਲਾਏ ਜਾਂਦੇ ਸਨ, ਜਿਸ ਵਿਚ ਰੱਸੇ ਪਾ ਕੇ ਬਲਦਾਂ ਦੀ ਜੋੜੀ ਦੇ ਗਲਾਂ 'ਚ ਪਾਈ ਪੰਜਾਲੀ ਨਾਲ ਬੰਨ੍ਹਿਆ ਜਾਂਦਾ ਸੀ। ਜਦੋਂ ਬਲਦ ਤੁਰਦੇ ਸਨ, ਤਾਂ ਕਰਾਹ ਉੱਚੇ ਥਾਂ ਤੋਂ ਵਿੱਤ ਮੁਤਾਬਿਕ ਮਿੱਟੀ ਪੁੱਟ-ਖੁਰਚ ਕੇ ਨੀਵੇਂ ਥਾਂ ਨੂੰ ਲੈ ਜਾਂਦਾ ਸੀ। ਇਸ ਤਰ੍ਹਾਂ ਹੌਲੀ-ਹੌਲੀ ਖੇਤ ਪੱਧਰੇ ਹੋ ਜਾਂਦੇ ਸਨ ਤੇ ਪਾਣੀ ਸਾਰੇ ਖੇਤਾਂ ਵਿਚ ਭਰ ਜਾਂਦਾ ਸੀ। ਹੁਣ ਕੰਪਿਊਟਰ ਦਾ ਯੁੱਗ ਹੈ। ਹੁਣ ਕੰਪਿਊਟਰ ਕਰਾਹੇ ਆ ਗਏ ਹਨ, ਜੋ ਟਰੈਕਟਰਾਂ ਪਿੱਛੇ ਪਾ ਕੇ ਚੱਲਦੇ ਹਨ, ਜੋ ਜ਼ਮੀਨ ਨੂੰ ਜ਼ੀਰੋ ਲੈਵਲ ਕਰ ਦਿੰਦੇ ਹਨ।



# ਹਵਾ ਪ੍ਰਦੂਸ਼ਣ ਕਾਰਨ ਸਿਹਤ ਖ਼ਰਾਬ ਹੋ ਰਹੀ ਹੈ

*ਹਵਾ ਦੀ ਮਾੜੀ ਗੁਣਵੱਤਾ ਸਾਡੀ ਸਿਹਤ 'ਤੇ ਸਿੱਧਾ ਅਸਰ ਪਾਉਂਦੀ ਹੈ। ਇਸ ਨਾਲ ਸਾਹ ਦੀਆਂ ਸਮੱਸਿਆਵਾਂ, ਦਿਲ ਦੀਆਂ ਸਮੱਸਿਆਵਾਂ ਅਤੇ ਹੋਰ ਕਈ ਗੰਭੀਰ ਬਿਮਾਰੀਆਂ ਦਾ ਖਤਰਾ ਵੱਧ ਜਾਂਦਾ ਹੈ। ਹਾਈ ਪੱਧਰ ਦਾ ਹਵਾ ਪ੍ਰਦੂਸ਼ਣ ਸਿਹਤ ਦੇ ਬਹੁਤ ਸਾਰੇ ਮਾੜੇ ਨਤੀਜੇ ਪੈਦਾ ਕਰ ਸਕਦਾ ਹੈ। ਇਸ ਨਾਲ ਸਾਹ ਦੀ ਲਾਗ, ਦਿਲ ਦੇ ਰੋਗ ਅਤੇ ਫੇਫੜਿਆਂ ਦੇ ਕੈਂਸਰ ਦਾ ਖ਼ਤਰਾ ਵੱਧ ਜਾਂਦਾ ਹੈ। ਜੋ ਪਹਿਲਾਂ ਹੀ ਬਿਮਾਰ ਹਨ, ਉਹ ਸਭ ਤੋਂ ਵੱਧ ਪ੍ਰਭਾਵਿਤ ਹੁੰਦੇ ਹਨ। ਬੱਚੇ, ਬਜ਼ੁਰਗ ਅਤੇ ਗਰੀਬ ਲੋਕ ਇਸ ਦਾ ਜ਼ਿਆਦਾ ਸ਼ਿਕਾਰ ਹੁੰਦੇ ਹਨ। ਜਦੋਂ ਕਣ ਪਦਾਰਥ 2.5 ਹੁੰਦੇ ਹਨ, ਤਾਂ ਇਹ ਫੇਫੜਿਆਂ ਦੇ ਰਸਤਿਆਂ ਵਿਚ ਡੂੰਘੇ ਪ੍ਰਵੇਸ਼ ਕਰਦਾ ਹੈ। -ਪ੍ਰਿਅੰਕਾ ਸੌਰਭ*





**ਪ੍ਰਿਅੰਕਾ ਸੌਰਭ**
ਹਰਿਆਣਾ
ਰਾਜਨੀਤੀ ਵਿਗਿਆਨ 'ਚ ਖੋਜ ਵਿਦਵਾਨ,ਕਵੀ, ਸੁਤੰਤਰ ਪੱਤਰਕਾਰ ਅਤੇ ਕਾਲਮਨਵੀਸ, ਹਰਿਆਣਾ
(ਮੋ.) 70153-75570
(Punjab Mail USA)

ਭਾਰਤ ਵਿਚ ਹਵਾ ਪ੍ਰਦੂਸ਼ਣ ਦਾ ਮਨੁੱਖੀ ਸਿਹਤ 'ਤੇ ਬਹੁਤ ਜ਼ਿਆਦਾ ਪ੍ਰਭਾਵ ਪੈਂਦਾ ਹੈ। ਇਹ ਬਿਮਾਰੀ ਲਈ ਦੂਜਾ ਸਭ ਤੋਂ ਵੱਡਾ ਜ਼ੋਖਮ ਕਾਰਕ ਹੈ ਅਤੇ ਹਵਾ ਪ੍ਰਦੂਸ਼ਣ ਦੀ ਆਰਥਿਕ ਲਾਗਤ ਸਲਾਨਾ ਯੂ.ਐੱਸ. $150 ਬਿਲੀਅਨ ਤੋਂ ਵੱਧ ਹੋਣ ਦਾ ਅਨੁਮਾਨ ਹੈ। ਭਾਰਤ ਵਿਚ ਹਵਾ ਪ੍ਰਦੂਸ਼ਣ ਦੇ ਮੁੱਖ ਸਰੋਤਾਂ ਵਿਚ ਵਾਹਨਾਂ ਦਾ ਨਿਕਾਸ, ਬਿਜਲੀ ਉਤਪਾਦਨ, ਉਦਯੋਗਿਕ ਰਹਿੰਦ-ਖੂੰਹਦ, ਖਾਣਾ ਪਕਾਉਣ ਲਈ ਬਾਇਓਮਾਸ ਬਲਨ, ਨਿਰਮਾਣ ਖੇਤਰ ਅਤੇ ਫਸਲਾਂ ਨੂੰ ਸਾੜਨਾ ਸ਼ਾਮਲ ਹਨ। ਕਾਲਾ ਕਾਰਬਨ ਜੈਵਿਕ ਇੰਧਨ, ਬਾਇਓਫਿਊਲ ਅਤੇ ਬਾਇਓਮਾਸ ਦੇ ਅਧੂਰੇ ਬਲਨ ਦੇ ਨਤੀਜੇ ਵਜੋਂ ਸੂਟ ਦਾ ਇੱਕ ਹਿੱਸਾ ਹੈ। ਰਸਾਇਣਕ ਤੌਰ 'ਤੇ, ਇਹ ਬਾਰੀਕ ਕਣ ਪਦਾਰਥ (PM=2.5μm) ਦਾ ਇੱਕ ਹਿੱਸਾ ਹੈ। ਇਹ ਗੈਸ ਅਤੇ ਡੀਜ਼ਲ ਇੰਜਣਾਂ, ਕੋਲੇ ਨਾਲ ਚੱਲਣ ਵਾਲੇ ਪਾਵਰ ਪਲਾਂਟਾਂ ਅਤੇ ਹੋਰ ਸਰੋਤਾਂ ਤੋਂ ਨਿਕਲਣ ਵਾਲਾ ਐਰੋਸੋਲ ਹੈ, ਜੋ ਜੈਵਿਕ ਈਂਧਨ ਨੂੰ ਸਾੜਦੇ ਹਨ।

2.5 ਮਾਈਕ੍ਰੋਮੀਟਰ ਵਿਆਸ (ਪੀ.ਐੱਮ.2.5) ਤੋਂ ਘੱਟ ਕਣ ਸਿਹਤ ਲਈ ਸਭ ਤੋਂ ਵੱਡਾ ਖਤਰਾ ਪੈਦਾ ਕਰਦੇ ਹਨ। ਉਨ੍ਹਾਂ ਦੇ ਛੋਟੇ ਆਕਾਰ ਦੇ ਕਾਰਨ (ਮਨੁੱਖੀ ਵਾਲਾਂ ਦੀ ਔਸਤ ਚੌੜਾਈ ਦਾ ਲਗਭਗ 1/30ਵਾਂ ਹਿੱਸਾ), ਬਾਰੀਕ ਕਣ ਫੇਫੜਿਆਂ ਵਿਚ ਡੂੰਘਾਈ ਵਿਚ ਪ੍ਰਵੇਸ਼ ਕਰ ਸਕਦੇ ਹਨ। ਕਣ ਕਣ ਹਵਾ ਵਿਚ ਪਾਏ ਜਾਣ ਵਾਲੇ ਕਣ ਹਨ, ਜਿਸ ਵਿਚ ਧੂੜ, ਗੰਦਗੀ, ਸੂਟ, ਧੂੰਆਂ, ਅਤੇ ਤਰਲ ਤੁਪਕੇ ਸ਼ਾਮਲ ਹਨ। ਕਣ ਪਦਾਰਥ ਆਮ ਤੌਰ 'ਤੇ ਡੀਜ਼ਲ ਵਾਹਨਾਂ ਅਤੇ ਕੋਲੇ ਨਾਲ ਚੱਲਣ ਵਾਲੇ ਪਾਵਰ ਪਲਾਂਟਾਂ ਵਰਗੇ ਸਰੋਤਾਂ ਤੋਂ ਨਿਕਲਦੇ ਹਨ। 10 ਮਾਈਕ੍ਰੋਮੀਟਰ ਵਿਆਸ (ਪੀ.ਐੱਮ.10) ਤੋਂ ਘੱਟ ਕਣ ਸਿਹਤ ਲਈ ਚਿੰਤਾ ਦਾ ਵਿਸ਼ਾ ਹਨ। ਇਨ੍ਹਾਂ ਨੂੰ ਸਾਹ ਰਾਹੀਂ ਅੰਦਰ ਲਿਆ ਜਾ ਸਕਦਾ ਹੈ ਅਤੇ ਸਾਹ ਪ੍ਰਣਾਲੀ ਵਿਚ ਇਕੱਠਾ ਕੀਤਾ ਜਾ ਸਕਦਾ ਹੈ।

ਕਾਲਾ ਕਾਰਬਨ ਜੈਵਿਕ ਇੰਧਨ, ਬਾਇਓਮਾਸ, ਆਦਿ ਦੇ ਅਧੂਰੇ ਬਲਨ ਤੋਂ ਕੁਦਰਤੀ ਅਤੇ ਮਾਨਵ-ਜਨਕ ਤੌਰ 'ਤੇ (ਮਨੁੱਖੀ ਗਤੀਵਿਧੀਆਂ ਤੋਂ ਬਾਹਰ) ਪੈਦਾ ਹੁੰਦਾ ਹੈ। ਮੁੱਖ ਸਰੋਤ ਡੀਜ਼ਲ ਇੰਜਣਾਂ, ਖਾਣਾ ਪਕਾਉਣ ਵਾਲੇ ਸਟੋਵ, ਲੱਕੜ ਦੀ ਅੱਗ ਅਤੇ ਜੰਗਲ ਦੀ ਅੱਗ ਤੋਂ ਨਿਕਲਣ ਵਾਲੇ ਨਿਕਾਸ ਹਨ। ਘਰੇਲੂ ਰਸੋਈ ਅਤੇ ਹੀਟਿੰਗ ਗਲੋਬਲ ਬਲੈਕ ਕਾਰਬਨ ਨਿਕਾਸ ਦਾ 58% ਹੈ। ਖੁੱਲੇ ਬਾਇਓਮਾਸ ਬਰਨਿੰਗ ਅਤੇ ਰਿਹਾਇਸ਼ੀ ਠੋਸ ਈਂਧਨ ਦੇ ਬਲਨ ਦੇ ਨਤੀਜੇ ਵਜੋਂ ਵਿਕਾਸਸ਼ੀਲ ਸੰਸਾਰ ਕਾਲੇ ਕਾਰਬਨ ਦੇ ਨਿਕਾਸ ਵਿਚ ਲਗਭਗ 88% ਯੋਗਦਾਨ ਪਾਉਂਦਾ ਹੈ। ਜਨੇਵਾ (ਸਵਿਟਜ਼ਰਲੈਂਡ) ਵਿਚ ਡਬਲਯੂ.ਐੱਚ.ਓ. ਦੁਆਰਾ ਪ੍ਰਕਾਸ਼ਿਤ ਖਬਰ ਦੇ ਅਨੁਸਾਰ, ਜਿਵੇਂ-ਜਿਵੇਂ ਸੰਸਾਰ ਗਰਮ ਹੁੰਦਾ ਜਾ ਰਿਹਾ ਹੈ ਅਤੇ ਜ਼ਿਆਦਾ ਭੀੜ-ਭੜੱਕੇ ਵਾਲੀ ਹੁੰਦੀ ਜਾ ਰਹੀ ਹੈ, ਸਾਡੇ ਦੁਆਰਾ ਵਰਤੀਆਂ ਜਾਣ ਵਾਲੀਆਂ ਮਸ਼ੀਨਾਂ ਵੱਧ ਤੋਂ ਵੱਧ ਖਰਾਬ ਨਿਕਾਸ ਕਰ ਰਹੀਆਂ ਹਨ। ਅੱਧੀ ਦੁਨੀਆਂ ਕੋਲ ਸਾਫ਼ ਬਾਲਣ ਜਾਂ ਸਟੋਵ, ਲੈਂਪ ਤੱਕ ਵੀ ਪਹੁੰਚ ਨਹੀਂ ਹੈ। ਜਿਸ ਹਵਾ ਵਿਚ ਅਸੀਂ ਸਾਹ ਲੈਂਦੇ ਹਾਂ, ਉਹ ਖਤਰਨਾਕ ਰੂਪ ਨਾਲ ਪ੍ਰਦੂਸ਼ਿਤ ਹੋ ਰਹੀ ਹੈ। ਹਰ ਸਾਲ ਲਗਭਗ 7 ਮਿਲੀਅਨ ਲੋਕ ਪ੍ਰਦੂਸ਼ਿਤ ਹਵਾ ਵਿਚ ਸਾਹ ਲੈਣ ਕਾਰਨ ਮਰਦੇ ਹਨ।

ਕਾਲੇ ਕਾਰਬਨ ਕਣ ਵਾਯੂਮੰਡਲ ਵਿਚ ਕਣਾਂ ਦਾ ਇੱਕ ਮੁੱਖ ਹਿੱਸਾ ਹਨ, ਜੋ ਹਵਾ ਦੀ ਗੁਣਵੱਤਾ ਨੂੰ ਮਾੜਾ ਪ੍ਰਭਾਵ ਪਾ ਸਕਦੇ ਹਨ। ਇਨ੍ਹਾਂ ਕਣਾਂ ਨੂੰ ਸਾਹ ਲੈਣ ਨਾਲ ਸਾਹ ਦੀਆਂ ਸਮੱਸਿਆਵਾਂ, ਦਿਲ ਦੀਆਂ ਬਿਮਾਰੀਆਂ ਅਤੇ ਹੋਰ ਸਿਹਤ ਸਮੱਸਿਆਵਾਂ ਹੋ ਸਕਦੀਆਂ ਹਨ। ਕਾਲੇ ਕਾਰਬਨ ਕਣ ਫੇਫੜਿਆਂ ਵਿਚ ਡੂੰਘੇ ਪ੍ਰਵੇਸ਼ ਕਰ ਸਕਦੇ ਹਨ, ਜਿਸ ਨਾਲ ਸੋਜ ਅਤੇ ਜਲਣ ਹੋ ਸਕਦੀ ਹੈ। ਇਹ ਪਹਿਲਾਂ ਤੋਂ ਮੌਜੂਦ ਸਾਹ ਦੀਆਂ ਸਥਿਤੀਆਂ ਜਿਵੇਂ ਕਿ ਦਮੇ ਅਤੇ ਬ੍ਰੌਨਕਾਈਟਸ ਨੂੰ ਵਧਾ ਸਕਦਾ ਹੈ। ਕਾਲੇ ਕਾਰਬਨ ਦੇ ਸੰਪਰਕ ਵਿਚ ਆਉਣ ਨਾਲ ਦਿਲ ਦੀ ਬਿਮਾਰੀ ਅਤੇ ਸਟ੍ਰੋਕ ਦਾ ਖ਼ਤਰਾ ਵੀ ਵੱਧ ਜਾਂਦਾ ਹੈ। ਇਸ ਦਾ ਹਵਾ ਪ੍ਰਦੂਸ਼ਣ ਅਤੇ ਸਾਹ ਪ੍ਰਣਾਲੀ ਨਾਲ ਸਬੰਧ ਬਿਲਕੁਲ ਸਪੱਸ਼ਟ ਹੈ। ਹਵਾ ਪ੍ਰਦੂਸ਼ਣ ਦਿਮਾਗੀ ਪ੍ਰਣਾਲੀ ਨੂੰ ਵੀ ਪ੍ਰਭਾਵਿਤ ਕਰਨ ਲਈ ਜਾਣਿਆ ਜਾਂਦਾ ਹੈ। ਜਦੋਂ ਕਣ ਪਦਾਰਥ ਨੱਕ ਦੀ ਖੋਲ ਵਿਚ ਦਾਖਲ ਹੁੰਦੇ ਹਨ, ਤਾਂ ਇਹ ਸੋਜਸ਼ ਦਾ ਕਾਰਨ ਬਣਦਾ ਹੈ।

ਇਸ ਨਾਲ ਸਥਿਤੀ ਹੋਰ ਵਿਗੜ ਜਾਂਦੀ ਹੈ। ਵਿਸ਼ਵ ਸਿਹਤ ਸੰਗਠਨ ਦਾ ਕਹਿਣਾ ਹੈ ਕਿ ਹਵਾ ਪ੍ਰਦੂਸ਼ਣ ਕਾਰਨ ਸਿਹਤ ਦੇ ਖਤਰੇ ਬਹੁਤ ਵੱਧ ਜਾਂਦੇ ਹਨ, ਕਣ ਨੱਕ ਵਿਚ ਜਲਣ ਅਤੇ ਸੋਜ ਦਾ ਕਾਰਨ ਬਣ ਸਕਦੇ ਹਨ। ਇਹ ਵਗਦਾ ਨੱਕ ਦਾ ਕਾਰਨ ਵੀ ਬਣ ਸਕਦਾ ਹੈ। ਹਵਾ ਪ੍ਰਦੂਸ਼ਣ ਫੇਫੜਿਆਂ ਦੇ ਨੁਕਸਾਨ ਅਤੇ ਫੇਫੜਿਆਂ ਦੇ ਕੰਮ ਨੂੰ ਕਮਜ਼ੋਰ ਕਰਨ ਨਾਲ ਵੀ ਜੁੜਿਆ ਹੋ ਸਕਦਾ ਹੈ। ਹਵਾ ਪ੍ਰਦੂਸ਼ਣ ਦਾ ਦਿਲ 'ਤੇ ਭੜਕਾਊ ਪ੍ਰਭਾਵ ਪੈਂਦਾ ਹੈ, ਇਹ ਬਲੱਡ ਪ੍ਰੈਸ਼ਰ ਨੂੰ ਵਧਾ ਸਕਦਾ ਹੈ ਅਤੇ ਪਹਿਲਾਂ ਤੋਂ ਮੌਜੂਦ ਦਿਲ ਦੀ ਬਿਮਾਰੀ ਨੂੰ ਵਧਾ ਸਕਦਾ ਹੈ। ਪ੍ਰਦੂਸ਼ਿਤ ਹਵਾ ਦੇ ਲੰਬੇ ਸਮੇਂ ਤੱਕ ਸੰਪਰਕ ਵਿਚ ਰਹਿਣ ਨਾਲ ਮੌਤ ਦੇ ਖ਼ਤਰੇ ਵਿਚ ਕਾਫ਼ੀ ਵਾਧਾ ਹੁੰਦਾ ਹੈ। ਦਿਲ ਦੀਆਂ ਬੀਮਾਰੀਆਂ ਤੋਂ ਪੀੜਤ ਲੋਕਾਂ ਨੂੰ ਜ਼ਿਆਦਾ ਖ਼ਤਰਾ ਹੁੰਦਾ ਹੈ।


ਬਲੈਕ ਕਾਰਬਨ ਐਰੋਸੋਲ ਸੂਰਜ ਦੀ ਰੌਸ਼ਨੀ ਨੂੰ ਸੋਖ ਲੈਂਦੇ ਹਨ ਅਤੇ ਵਾਤਾਵਰਣ ਨੂੰ ਗਰਮ ਕਰਦੇ ਹਨ, ਗਲੋਬਲ ਵਾਰਮਿੰਗ ਵਿਚ ਯੋਗਦਾਨ ਪਾਉਂਦੇ ਹਨ। ਉਹ ਬਰਫ਼ ਅਤੇ ਬਰਫ਼ ਨੂੰ ਵੀ ਗੂੜ੍ਹਾ ਕਰ ਦਿੰਦੇ ਹਨ, ਜਿਸ ਨਾਲ ਇਹ ਤੇਜ਼ੀ ਨਾਲ ਪਿਘਲ ਜਾਂਦੀ ਹੈ, ਜਿਸ ਨਾਲ ਸਮੁੰਦਰੀ ਪੱਧਰ ਵਧ ਸਕਦਾ ਹੈ ਅਤੇ ਜਲਵਾਯੂ ਤਬਦੀਲੀ ਦੇ ਹੋਰ ਪ੍ਰਭਾਵ ਹੋ ਸਕਦੇ ਹਨ। ਖੇਤਰੀ ਹਵਾ ਦੀ ਗੁਣਵੱਤਾ ਅਤੇ ਜਲਵਾਯੂ ਪ੍ਰਭਾਵ ਕਾਲੇ ਕਾਰਬਨ ਐਰੋਸੋਲ ਦੇ ਪ੍ਰਭਾਵ ਇਕਸਾਰ ਨਹੀਂ ਹੁੰਦੇ ਅਤੇ ਖੇਤਰੀ ਤੌਰ 'ਤੇ ਵੱਖ-ਵੱਖ ਹੁੰਦੇ ਹਨ। ਉਦਾਹਰਨ ਲਈ, ਦੱਖਣੀ ਏਸ਼ੀਆ ਵਿਚ, ਕਾਲਾ ਕਾਰਬਨ ਹਵਾ ਪ੍ਰਦੂਸ਼ਣ ਵਿਚ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ ਅਤੇ ਖੇਤਰੀ ਜਲਵਾਯੂ 'ਤੇ ਪ੍ਰਭਾਵਾਂ ਦੇ ਨਾਲ ਮਾਨਸੂਨ ਪ੍ਰਣਾਲੀ ਵਿਚ ਤਬਦੀਲੀਆਂ ਨਾਲ ਜੁੜਿਆ ਹੋਇਆ ਹੈ।

ਕਾਲੇ ਕਾਰਬਨ ਦੇ ਨਿਕਾਸ ਨੂੰ ਘਟਾਉਣ ਲਈ ਉਪਾਅ ਕੀਤੇ ਜਾ ਸਕਦੇ ਹਨ, ਜਿਵੇਂ ਕਿ ਸਾਫ਼ ਊਰਜਾ ਸਰੋਤਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨਾ, ਸਵੱਛ ਊਰਜਾ ਸਰੋਤਾਂ ਜਿਵੇਂ ਕਿ ਸੂਰਜੀ ਅਤੇ ਪੌਣ ਊਰਜਾ ਨੂੰ ਅਪਣਾਉਣ ਨੂੰ ਉਤਸ਼ਾਹਿਤ ਕਰਨਾ ਜੈਵਿਕ ਈਂਧਨ ਨੂੰ ਸਾੜਨ ਤੋਂ ਬਲੈਕ ਕਾਰਬਨ ਦੀ ਮਾਤਰਾ ਨੂੰ ਘਟਾਉਣ ਲਈ ਘੱਟ ਕੀਤਾ ਜਾ ਸਕਦਾ ਹੈ। ਟਰਾਂਸਪੋਰਟ ਪ੍ਰਣਾਲੀਆਂ ਵਿਚ ਸੁਧਾਰ ਕਰਨਾ, ਇਲੈਕਟ੍ਰਿਕ ਵਾਹਨਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨਾ ਅਤੇ ਜਨਤਕ ਟਰਾਂਸਪੋਰਟ ਪ੍ਰਣਾਲੀਆਂ ਵਿਚ ਨਿਵੇਸ਼ ਕਰਨਾ ਬਲੈਕ ਕਾਰਬਨ ਦੇ ਇੱਕ ਪ੍ਰਮੁੱਖ ਸਰੋਤ, ਆਵਾਜਾਈ ਤੋਂ ਨਿਕਾਸ ਨੂੰ ਘਟਾਉਣ ਵਿਚ ਮਦਦ ਕਰ ਸਕਦਾ ਹੈ।

ਠੋਸ ਈਂਧਨ ਦੀ ਖੁੱਲ੍ਹੀ ਬਰਨਿੰਗ ਨੂੰ ਘਟਾਓ ਲੱਕੜ, ਚਾਰਕੋਲ ਅਤੇ ਖੇਤੀਬਾੜੀ ਰਹਿੰਦ-ਖੂੰਹਦ ਵਰਗੇ ਠੋਸ ਈਂਧਨਾਂ ਨੂੰ ਖੁੱਲ੍ਹੀ ਸਾੜਨ ਨਾਲ ਕਾਲੇ ਕਾਰਬਨ ਦੇ ਨਿਕਾਸ ਨੂੰ ਘਟਾਇਆ ਜਾ ਸਕਦਾ ਹੈ। ਉਦਯੋਗਿਕ ਸਹੂਲਤਾਂ ਅਤੇ ਵਾਹਨਾਂ 'ਤੇ ਨਿਕਾਸੀ ਨਿਯੰਤਰਣ ਤਕਨੀਕਾਂ ਨੂੰ ਲਾਗੂ ਕਰਨਾ, ਫਿਲਟਰ ਸਥਾਪਤ ਕਰਨਾ ਅਤੇ ਹੋਰ ਨਿਕਾਸੀ ਨਿਯੰਤਰਣ ਤਕਨੀਕਾਂ ਵਾਯੂਮੰਡਲ ਵਿਚ ਛੱਡੇ ਗਏ ਕਾਲੇ ਕਾਰਬਨ ਦੀ ਮਾਤਰਾ ਨੂੰ ਘਟਾ ਸਕਦੀਆਂ ਹਨ। ਕਾਲੇ ਕਾਰਬਨ ਦੇ ਨਿਕਾਸ ਨੂੰ ਘਟਾਉਣ ਲਈ ਨਵੀਆਂ ਤਕਨੀਕਾਂ ਅਤੇ ਅਭਿਆਸਾਂ ਦੀ ਖੋਜ ਅਤੇ ਵਿਕਾਸ ਵਿਚ ਨਿਵੇਸ਼ ਕਰਨਾ ਇਸਦੇ ਪ੍ਰਭਾਵਾਂ ਨੂੰ ਘਟਾਉਣ ਦੇ ਨਵੇਂ ਤਰੀਕਿਆਂ ਦੀ ਪਛਾਣ ਕਰਨ ਵਿਚ ਮਦਦ ਕਰ ਸਕਦਾ ਹੈ।

ਜਨਤਕ ਜਾਗਰੂਕਤਾ ਦੁਆਰਾ ਕਾਲੇ ਕਾਰਬਨ ਦੇ ਨਿਕਾਸ ਦੇ ਮਾੜੇ ਪ੍ਰਭਾਵਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨਾ ਅਤੇ ਵਧੇਰੇ ਟਿਕਾਊ ਜੀਵਨ ਸ਼ੈਲੀ ਵਿਕਲਪਾਂ ਨੂੰ ਉਤਸ਼ਾਹਿਤ ਕਰਨਾ ਨਿਕਾਸ ਨੂੰ ਘਟਾਉਣ ਅਤੇ ਉਨ੍ਹਾਂ ਦੇ ਪ੍ਰਭਾਵਾਂ ਨੂੰ ਘਟਾਉਣ ਵਿਚ ਮਦਦ ਕਰ ਸਕਦਾ ਹੈ। ਸਮੁੱਚੇ ਤੌਰ 'ਤੇ, ਕਾਲੇ ਕਾਰਬਨ ਦੇ ਨਿਕਾਸ ਨੂੰ ਘਟਾਉਣ ਲਈ ਨੀਤੀਗਤ ਉਪਾਵਾਂ, ਤਕਨੀਕੀ ਤਰੱਕੀ ਅਤੇ ਵਿਵਹਾਰਕ ਤਬਦੀਲੀਆਂ ਦੇ ਸੁਮੇਲ ਨੂੰ ਸ਼ਾਮਲ ਕਰਨ ਵਾਲੇ ਬਹੁ-ਪੱਖੀ ਪਹੁੰਚ ਦੀ ਲੋੜ ਹੁੰਦੀ ਹੈ। ਇਸ ਸਮੱਸਿਆ ਦੇ ਹੱਲ ਲਈ ਅਸੀਂ ਸਿਰਫ਼ ਸਰਕਾਰ 'ਤੇ ਧਿਆਨ ਨਹੀਂ ਦੇ ਸਕਦੇ, ਇਸ ਲਈ ਸਾਡੀ ਆਪਸੀ ਭਾਈਵਾਲੀ ਜ਼ਰੂਰੀ ਹੈ। ਵਾਤਾਵਰਨ ਪ੍ਰਦੂਸ਼ਣ ਨੂੰ ਘੱਟ ਕਰਨ ਲਈ ਹਰੇਕ ਨਾਗਰਿਕ ਨੂੰ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਾਨੂੰ ਬਿਹਤਰ ਆਫ਼ਤ ਪ੍ਰਬੰਧਨ ਲਈ ਤਾਲਮੇਲ ਕਰਨਾ ਚਾਹੀਦਾ ਹੈ।

# ਅਨੇਕਾਂ ਫਾਇਦੇ ਹਨ ਸਰੀਰਕ ਗਤੀਵਿਧੀਆਂ ਦੇ





**ਚਾਨਣ ਦੀਪ ਸਿੰਘ ਔਲਖ**
ਪਿੰਡ ਗੁਰਨੇ ਖੁਰਦ (ਮਾਨਸਾ),
ਸੰਪਰਕ : 98768-88177
(Punjab Mail USA)

ਅੱਜ ਦੇ ਤਕਨੀਕੀ ਯੁੱਗ ਵਿਚ ਮਨੁੱਖ ਦੇ ਕੰਮਕਾਜ ਇਸ ਤਰ੍ਹਾਂ ਦੇ ਹੋ ਗਏ ਹਨ, ਜਿਨ੍ਹਾਂ ਵਿਚ ਸਰੀਰਕ ਗਤੀਵਿਧੀ (ਹਿੱਲਜੁੱਲ) ਬਹੁਤ ਘੱਟ ਹੁੰਦੀ ਹੈ ਕਿਉਂਕਿ ਜ਼ਿਆਦਾਤਰ ਕੰਮ ਬੈਠ ਕੇ ਕਰਨ ਵਾਲੇ ਹੁੰਦੇ ਹਨ ਅਤੇ ਪੈਦਲ ਤੁਰਨਾ ਵੀ ਘੱਟ ਹੋ ਗਿਆ ਹੈ। ਪਰ ਤੰਦਰੁਸਤ ਰਹਿਣ ਲਈ ਨਿਯਮਤ ਸਰੀਰਕ ਗਤੀਵਿਧੀਆਂ ਬਹੁਤ ਜ਼ਰੂਰੀ ਹੁੰਦੀਆਂ ਹਨ। ਇਸਦੇ ਮਨੁੱਖੀ ਸਰੀਰ ਅਤੇ ਦਿਮਾਗ ਲਈ ਬਹੁਤ ਸਾਰੇ ਲਾਭ ਹਨ। ਇਹ ਬਹੁਤ ਸਾਰੀਆਂ ਭਿਆਨਕ ਸਥਿਤੀਆਂ ਅਤੇ ਬਿਮਾਰੀਆਂ ਨੂੰ ਰੋਕਣ ਦੇ ਨਾਲ-ਨਾਲ ਸਮੁੱਚੀ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਵਿਚ ਸੁਧਾਰ ਕਰਨ ਵਿਚ ਮਦਦ ਕਰ ਸਕਦੀ ਹੈ।

ਸਰੀਰਕ ਗਤੀਵਿਧੀਆਂ ਦੇ ਕੁਝ ਮੁੱਖ ਫਾਇਦੇ ਹੇਠ ਲਿਖੇ ਅਨੁਸਾਰ ਹਨ:

**ਮਾਨਸਿਕ ਸਿਹਤ ਵਿਚ ਸੁਧਾਰ:**

ਸਰੀਰਕ ਗਤੀਵਿਧੀ ਮਾਨਸਿਕ ਸਿਹਤ ਉੱਤੇ ਸਕਾਰਾਤਮਕ ਪ੍ਰਭਾਵ ਪਾ ਸਕਦੀ ਹੈ, ਚਿੰਤਾ ਅਤੇ ਉਦਾਸੀ ਦੇ ਲੱਛਣਾਂ ਨੂੰ ਘਟਾ ਸਕਦੀ ਹੈ ਅਤੇ ਸਮੁੱਚੀ ਮਾਨਸਿਕ ਸਥਿਤੀ ਵਿਚ ਸੁਧਾਰ ਕਰ ਸਕਦੀ ਹੈ। ਕਸਰਤ ਐਂਡੋਰਫਿਨ ਦੇ ਉਤਪਾਦਨ ਨੂੰ ਉਤੇਜਿਤ ਕਰਦੀ ਹੈ, ਜੋ ਕਿ ਕੁਦਰਤੀ ਰਸਾਇਣ ਹਨ, ਜੋ ਤੰਦਰੁਸਤੀ ਦੀਆਂ ਭਾਵਨਾਵਾਂ ਨੂੰ ਉਤਸ਼ਾਹਿਤ ਕਰਦੇ ਹਨ।

**ਦਿਲ ਦੀ ਤੰਦਰੁਸਤੀ:**

ਸਰੀਰਕ ਗਤੀਵਿਧੀ ਦਿਲ ਦੀ ਬਿਮਾਰੀ, ਸਟ੍ਰੋਕ ਅਤੇ ਹਾਈ ਬਲੱਡ ਪ੍ਰੈਸ਼ਰ ਦੇ ਜ਼ੋਖਮ ਨੂੰ ਘਟਾ ਕੇ ਦਿਲ ਅਤੇ ਖੂਨ ਦੀਆਂ ਨਾੜੀਆਂ ਨੂੰ ਸਿਹਤਮੰਦ ਰੱਖਣ ਵਿਚ ਮਦਦ ਕਰਦੀ ਹੈ। ਨਿਯਮਤ ਕਸਰਤ ਕੋਲੇਸਟ੍ਰੋਲ ਦੇ ਪੱਧਰ ਨੂੰ ਵੀ ਸੁਧਾਰ ਸਕਦੀ ਹੈ ਅਤੇ ਸ਼ੂਗਰ ਦੇ ਵਿਕਾਸ ਦੇ ਜ਼ੋਖਮ ਨੂੰ ਘਟਾ ਸਕਦੀ ਹੈ।

**ਭਾਰ ਠੀਕ ਰੱਖਣਾ:**

ਸਰੀਰਕ ਗਤੀਵਿਧੀ ਸਰੀਰ ਦੇ ਭਾਰ ਦਾ ਪ੍ਰਬੰਧਨ ਕਰਨ ਅਤੇ ਮੋਟਾਪੇ ਨੂੰ ਰੋਕਣ ਦਾ ਇੱਕ ਪ੍ਰਭਾਵਸ਼ਾਲੀ ਤਰੀਕਾ ਹੈ। ਨਿਯਮਤ ਕਸਰਤ, ਕੈਲੋਰੀ ਬਰਨ ਕਰਨ ਅਤੇ ਮਾਸਪੇਸ਼ੀ ਪੁੰਜ ਨੂੰ ਵਧਾਉਣ ਵਿਚ ਮਦਦ ਕਰ ਸਕਦੀ ਹੈ, ਜੋ ਬਦਲੇ ਵਿਚ ਮੈਟਾਬੋਲਿਜ਼ਮ ਵਿਚ ਸੁਧਾਰ ਕਰ ਸਕਦੀ ਹੈ।

**ਹੱਡੀਆਂ ਅਤੇ ਮਾਸਪੇਸ਼ੀਆਂ ਦੀ ਮਜ਼ਬੂਤੀ:**

ਸਰੀਰਕ ਗਤੀਵਿਧੀ ਹੱਡੀਆਂ ਅਤੇ ਮਾਸਪੇਸ਼ੀਆਂ ਨੂੰ ਮਜ਼ਬੂਤ ਕਰਨ ਵਿਚ ਮਦਦ ਕਰ ਸਕਦੀ ਹੈ, ਓਸਟੀਓਪੋਰੋਸਿਸ ਅਤੇ ਫ੍ਰੈਕਚਰ ਦੇ ਜ਼ੋਖਮ ਨੂੰ ਘਟਾਉਂਦੀ ਹੈ। ਭਾਰ ਚੁੱਕਣ ਵਾਲੀਆਂ ਕਸਰਤਾਂ ਹੱਡੀਆਂ ਦੀ ਘਣਤਾ ਅਤੇ ਮਾਸਪੇਸ਼ੀ ਦੇ ਪੁੰਜ ਨੂੰ ਬਣਾਉਣ ਲਈ ਵਿਸ਼ੇਸ਼ ਤੌਰ 'ਤੇ ਪ੍ਰਭਾਵਸ਼ਾਲੀ ਹਨ।

**ਬਿਹਤਰ ਨੀਂਦ:**

ਸਰੀਰਕ ਗਤੀਵਿਧੀ ਨੀਂਦ ਦੀ ਗੁਣਵੱਤਾ ਵਿਚ ਸੁਧਾਰ ਕਰ ਸਕਦੀ ਹੈ, ਇਹ ਨੀਂਦ ਵਿਕਾਰ ਜਿਵੇਂ ਕਿ ਇਨਸੌਮਨੀਆ ਦੇ ਜ਼ੋਖਮ ਨੂੰ ਘਟਾਉਣ ਵਿਚ ਮਦਦ ਕਰਦੀ ਹੈ। ਨਿਯਮਿਤ ਕਸਰਤ ਸੌਣ ਵਿਚ ਲੱਗਣ ਵਾਲੇ ਸਮੇਂ ਨੂੰ ਘਟਾਉਣ ਅਤੇ ਨੀਂਦ ਦੀ ਸਮੁੱਚੀ ਮਿਆਦ ਅਤੇ ਗੁਣਵੱਤਾ ਵਿਚ ਸੁਧਾਰ ਕਰਨ ਵਿਚ ਵੀ ਮਦਦ ਕਰ ਸਕਦੀ ਹੈ।

**ਬੁੱਧੀ ਅਤੇ ਯਾਦ ਸ਼ਕਤੀ ਵਿਚ ਸੁਧਾਰ :**

ਨਿਯਮਿਤ ਸਰੀਰਕ ਗਤੀਵਿਧੀ ਬੋਧਾਤਮਕ ਕਾਰਜ ਨੂੰ ਸੁਧਾਰ ਸਕਦੀ ਹੈ ਅਤੇ ਬੋਧਾਤਮਕ ਗਿਰਾਵਟ ਦੇ ਜ਼ੋਖਮ ਨੂੰ ਘਟਾ ਸਕਦੀ ਹੈ। ਕਸਰਤ ਦਿਮਾਗ ਦੇ ਨਵੇਂ ਸੈੱਲਾਂ ਦੇ ਵਿਕਾਸ ਨੂੰ ਉਤਸ਼ਾਹਿਤ ਕਰਦੀ ਹੈ ਅਤੇ ਨਿਊਰਲ ਕਨੈਕਸ਼ਨਾਂ ਨੂੰ ਬਿਹਤਰ ਬਣਾਉਂਦੀ ਹੈ, ਜਿਸ ਨਾਲ ਬਿਹਤਰ ਮੈਮੋਰੀ ਅਤੇ ਬੋਧਾਤਮਕ ਪ੍ਰਕਿਰਿਆ ਹੁੰਦੀ ਹੈ।

**ਲੰਬੀ ਉਮਰ ਜੀਣ ਦੀ ਰਾਹ:**

ਸਰੀਰਕ ਗਤੀਵਿਧੀ ਨੂੰ ਉਮਰ ਵਧਾਉਣ ਦੇ ਲਈ ਦੇਖਿਆ ਗਿਆ ਹੈ, ਇਹ ਦਿਲ ਦੀ ਬਿਮਾਰੀ, ਸਟ੍ਰੋਕ ਅਤੇ ਕੈਂਸਰ ਵਰਗੀਆਂ ਭਿਆਨਕ ਸਥਿਤੀਆਂ ਨਾਲ ਸਮੇਂ ਤੋਂ ਪਹਿਲਾਂ ਮੌਤ ਦੇ ਜ਼ੋਖਮ ਨੂੰ ਘਟਾਉਂਦਾ ਹੈ। ਇਸ ਲਈ ਸਾਨੂੰ ਲਾਜ਼ਮੀ ਤੌਰ 'ਤੇ ਜਿੰਨਾ ਹੋ ਸਕੇ ਸਰੀਰਕ ਕੰਮ ਕਾਰ ਕਰਨ, ਪੈਦਲ ਚੱਲਣ ਜਾਂ ਕਸਰਤ ਕਰਨ ਲਈ ਸਮਾਂ ਕੱਢਣਾ ਚਾਹੀਦਾ ਹੈ, ਜਿਸ ਸਦਕਾ ਅਸੀਂ ਸਰੀਰਕ ਗਤੀਵਿਧੀਆਂ ਦੇ ਉਪਰੋਕਤ ਅਨੇਕਾਂ ਲਾਭਾਂ ਨੂੰ ਪ੍ਰਾਪਤ ਕਰ ਸਕਦੇ ਹਾਂ।

# ਦੋਗਾਣਾ ਗਾਇਕੀ ਦੀ ਸਦਾਬਹਾਰ ਜੋੜੀ-ਅਮਰ ਸਿੰਘ ਚਮਕੀਲਾ ਅਤੇ ਅਮਰਜੋਤ ਜੋੜੀ

ਇੰਜੀ.ਸਤਨਾਮ ਸਿੰਘ ਮੱਟੂ
97797-08257
ਬੀਂਬੜ, ਸੰਗਰੂਰ।
(Punjab Mail USA)



ਅਮਰ ਸਿੰਘ ਚਮਕੀਲਾ ਅਤੇ ਅਮਰਜੋਤ ਦੀ ਜੋੜੀ ਪੰਜਾਬੀ ਸੰਗੀਤ ਦੇ ਅੰਬਰਾਂ ਵਿਚ ਇੱਕ ਹਨੇਰੀ ਬਣਕੇ ਝੁੱਲੀ ਸੀ। ਇੱਕ ਸਥਿਰ, ਸਹਿਜ, ਸੁਰੀਲੀ ਅਤੇ ਮਿੱਠੀਆਂ ਆਵਾਜ਼ਾਂ ਦਾ ਸੁਮੇਲ ਸੀ ਇਹ ਜੋੜੀ। 21 ਜੁਲਾਈ, 1960 ਨੂੰ ਜ਼ਿਲ੍ਹਾ ਲੁਧਿਆਣੇ ਦੇ ਪਿੰਡ ਦੁਗਰੀ ਵਿਚ ਮਾਤਾ ਕਰਤਾਰ ਕੌਰ ਦੀ ਕੁੱਖੋਂ, ਪਿਤਾ ਹਰੀ ਸਿੰਘ ਦੇ ਘਰ ਇੱਕ ਬਹੁਤ ਹੀ ਗ਼ਰੀਬ ਪਰਿਵਾਰ ਵਿਚ ਅਮਰ ਸਿੰਘ ਚਮਕੀਲੇ ਦਾ ਜਨਮ ਹੋਇਆ। ਸਾਰੇ ਭੈਣ ਭਰਾਵਾਂ 'ਚੋਂ ਛੋਟੇ ਅਤੇ ਲਾਡਲੇ ਦਾ ਘਰਦਿਆਂ ਨੇ ਨਾਮ ਧਨੀ ਰਾਮ ਰੱਖਿਆ ਸੀ। ਗਰੀਬ ਮਾਪਿਆਂ ਦੇ ਧਨੀਏ ਨੇ ਆਰਥਿਕ ਮੰਦਹਾਲੀ ਕਾਰਨ ਪੜ੍ਹਾਈ ਵਿਚੇ ਛੱਡ ਦਿੱਤੀ। ਇਲੈਕਟਰੀਸ਼ਨ ਦਾ ਕੰਮ ਸ਼ੁਰੂ ਕੀਤਾ, ਲੁਧਿਆਣੇ ਫੈਕਟਰੀ 'ਚ ਨੌਕਰੀ ਕੀਤੀ, ਪਰ ਸਭ ਵਿਅਰਥ। ਉਸ ਅੰਦਰ ਕਲਾਕਾਰੀ ਦਾ ਤੂਫਾਨ ਮੱਚਿਆ ਹੋਇਆ ਸੀ। ਉਹ ਤੂੰਬੀ, ਢੋਲਕੀ ਅਤੇ ਹਾਰਮੋਨੀਅਮ 'ਤੇ ਆਪਣੀ ਹੱਥ ਅਜਮਾਈ ਕਰਦਾ ਰਹਿੰਦਾ ਸੀ, ਜਿਸ ਕਾਰਨ ਉਹ ਇਨ੍ਹਾਂ ਵਿਚ ਕਾਫੀ ਮੁਹਾਰਤ ਵੀ ਹਾਸਲ ਕਰ ਚੁੱਕਿਆ ਸੀ। ਇਹ ਕੁਦਰਤ ਦਾ ਕਰਿਸ਼ਮਾ ਹੀ ਕਹਿ ਲਈਏ ਕਿ ਉਸਨੇ ਇਸ ਬਾਬਤ ਕਿਸੇ ਤੋਂ ਕੋਈ ਜਾਣਕਾਰੀ ਵੀ ਨਹੀਂ ਲਈ ਸੀ। ਗੀਤਾਂ ਦੀ ਤੁਕਬੰਦੀ ਉਹ ਪਹਿਲਾਂ ਹੀ ਕਰਦਾ ਸੀ। ਉਹ ਆਪਣੇ ਗੀਤਾਂ ਦੀ ਕਾਪੀ ਲੈ ਕੇ ਕਾਫੀ ਗਾਇਕਾਂ ਕੋਲ ਗਿਆ, ਪਰ ਕਿਸੇ ਨੇ ਉਸਦੀ ਬਾਂਹ ਨਹੀਂ ਫੜੀ। ਅਖੀਰ ਇੱਕ ਦਿਨ ਫੈਕਟਰੀ ਨੂੰ ਜਾਂਦਿਆਂ ਕੁਦਰਤ ਨੇ ਸਹਿਜੇ ਹੀ ਉਸਦੇ ਪੈਰ ਪ੍ਰਸਿੱਧ ਗਾਇਕ ਸੁਰਿੰਦਰ ਛਿੰਦਾ ਦੇ ਦਫਤਰ ਵੱਲ੍ਹ ਮੋੜ ਦਿੱਤੇ। ਸਾਰਾ ਦਿਨ ਬਿਨਾਂ ਕੁਝ ਪੀਤੇ ਉਨ੍ਹਾਂ ਦੀ ਉਡੀਕ ਕਰਦਾ ਰਿਹਾ। ਸ਼ਾਮ ਨੂੰ ਸੁਰਿੰਦਰ ਛਿੰਦਾ ਨੇ ਉਸਦੇ ਗੀਤ ਪੜ੍ਹੇ ਅਤੇ ਆਪਣਾ ਸ਼ਾਗਿਰਦ ਬਣਾ ਕੇ ਗਰੁੱਪ ਵਿਚ ਸ਼ਾਮਲ ਕਰ ਲਿਆ। ਉਸਨੇ ਸੁਰਿੰਦਰ ਛਿੰਦਾ ਤੋਂ ਰਾਗਾਂ ਅਤੇ ਗੀਤਕਾਰੀ ਦੀ ਬਾਰੀਕੀਆਂ ਸਿੱਖੀਆਂ। ਬੁੜੈਲ ਚੰਡੀਗੜ੍ਹ ਵਿਖੇ ਰਾਮਲੀਲਾ ਆਏ ਧਨੀ ਰਾਮ ਨੂੰ ਗੀਤਕਾਰ ਸਨਮੁੱਖ ਸਿੰਘ ਆਜ਼ਾਦ ਨੇ "ਅਮਰ ਸਿੰਘ ਚਮਕੀਲਾ" ਦਾ ਨਾਂ ਦਿੱਤਾ। ਉਸਦੀ ਲੇਖਣੀ ਵਿਚ ਪੰਜਾਬੀਅਤ ਦੀ ਝਲਕ ਪੈਂਦੀ ਹੈ। ਜਿਸ ਤਰ੍ਹਾਂ ਆਪਣੇ ਗੀਤਾਂ ਵਿਚ ਮੁਹਾਵਰੇ, ਲੋਕੋਕਤੀਆਂ ਅਤੇ ਆਖਾਣਾਂ ਦੀ ਸੁਚੱਜੀ ਵਰਤੋਂ ਉਸਨੇ ਕੀਤੀ ਹੈ, ਉਹ ਕਿਸੇ ਹੋਰ ਦੇ ਹਿੱਸੇ ਨਹੀਂ ਆਈ। ਘੱਟ ਪੜ੍ਹਿਆ-ਲਿਖਿਆ ਹੋਣ 'ਤੇ ਵੀ ਉਸਦੇ ਗੀਤਾਂ ਵਿਚ ਅਲੰਕਾਰਾਂ ਦੀ ਵਰਤੋਂ ਬਾਕਮਾਲ ਹੈ। ਉਸਦਾ ਗੀਤ "ਨੀ ਮੈਂ ਡਿੱਗੀ ਤਿਲਕ ਕੇ..." ਸੁਰਿੰਦਰ ਛਿੰਦਾ ਅਤੇ ਗੁਲਸ਼ਨ ਕੋਮਲ ਨੇ ਐੱਲ.ਪੀ. ਕਰਵਾਇਆ, ਤਾਂ ਉਸਦੀ ਗੀਤਕਾਰਾਂ 'ਚ ਗਿਣਤੀ ਹੋਣ ਲੱਗ ਪਈ। ਉਸਦੇ ਲਿਖੇ ਗੀਤਾਂ ਨੂੰ ਉਸ ਵੇਲੇ ਸਾਰੇ ਮੰਨੇ-ਪ੍ਰਮੰਨੇ ਫਨਕਾਰਾਂ ਕੁਲਦੀਪ ਮਾਣਕ, ਮੁਹੰਮਦ ਸਦੀਕ, ਕੇ ਦੀਪ ਆਦਿ ਨੇ ਗਾਇਆ ਹੈ। ਗਾਇਕੀ ਵਿਚ ਆਪਣਾ ਨਾਮ ਬਣਾਉਣ ਲਈ ਚਮਕੀਲੇ ਨੇ ਲੰਮਾ ਸੰਘਰਸ਼ ਕੀਤਾ। ਉਹ ਸੁਰਿੰਦਰ ਛਿੰਦਾ ਨਾਲ ਸਟੇਜਾਂ 'ਤੇ ਗਾਉਂਦਾ ਰਿਹਾ ਹੈ। ਸ਼ੁਰੂ ਵਿਚ ਚਮਕੀਲਾ ਮਸ਼ਹੂਰ ਗਾਇਕ ਹਰਚਰਨ ਗਰੇਵਾਲ ਨਾਲ ਵੀ ਗਾਉਣ ਜਾਂਦਾ ਰਿਹਾ ਸੀ।

ਚਮਕੀਲੇ ਨੇ ਖੁਦ ਗਾਇਕੀ ਵਿਚ ਪੈਰ ਰੱਖਣ ਲਈ ਉਸ ਸਮੇਂ ਦੀ ਮਸ਼ਹੂਰ ਗਾਇਕਾ ਸੁਰਿੰਦਰ ਸੋਨੀਆ ਨਾਲ 1979 ਵਿਚ ਦੋ ਐੱਲ.ਪੀ. 'ਟਕੂਏ 'ਤੇ ਟਕੂਆ ਖੜਕੇ', "ਹਾਏ ਰੱਬਾ ਵਿਚ ਤਰੱਕਾਂ ਦੇ" ਅਤੇ 'ਬਾਪੂ ਸਾਡਾ ਗੁੰਮ ਹੋ ਗਿਆ' ਰਿਕਾਰਡ ਕਰਵਾਏ। ਜੋ ਗੀਤ ਬਹੁਤ ਹਿੱਟ ਹੋਏ ਤੇ ਚਮਕੀਲੇ ਦਾ ਨਾਂ ਗਾਇਕੀ ਵਿਚ ਵੀ ਬਣ ਗਿਆ। ਇਸ ਤੋਂ ਬਾਅਦ ਚਮਕੀਲੇ ਦੇ ਅਮਰਜੋਤ ਨਾਲ ਕਈ ਦੋਗਾਣੇ ਮਾਰਕੀਟ ਵਿਚ ਆਏ, ਜਿਵੇਂ-'ਕੀ ਜ਼ੋਰ ਗ਼ਰੀਬਾਂ ਦਾ', 'ਧੋਖਾ ਨਹੀਂ ਕਮਾਈਦਾ', 'ਜੋੜੀ ਤੋਂ ਲੱਡੂ ਵਾਰ', 'ਪਹਿਲੇ ਲਲਕਾਰੇ ਨਾਲ ਮੈਂ ਡਰ ਗਈ', 'ਭੁਲਗੀ ਮੈਂ ਘੁੰਡ ਕੱਢਣਾ', ਧਾਰਮਿਕ ਗੀਤ 'ਨਾਮ ਜੱਪ ਲੈ ਨਿਵਾਣੀ ਜਿੰਦੇ ਮੇਰੀਏ", "ਸਾਥੋਂ ਬਾਬਾ ਖੋਹ ਲਿਆ ਤੇਰਾ ਨਨਕਾਣਾ", "ਨਰਕਾਂ ਨੂੰ ਜਾਵੇ ਸਰਹੰਦ ਦੀ ਦੀਵਾਰੇ", "ਤਲਵਾਰ ਮੈਂ ਕਲਗੀਧਰ ਦੀ ਹਾਂ" ਆਦਿ ਗਾਇਕੀ ਦੇ ਅੰਬਰ ਮੀਲ ਪੱਥਰ ਸਾਬਤ ਹੋਏ। ਚਮਕੀਲੇ ਦੇ ਕਰੀਬ 100 ਗੀਤ ਰਿਕਾਰਡ ਹੋਏ, ਸਾਰੇ ਦੇ ਸਾਰੇ ਸੁਪਰ ਹਿੱਟ ਹੋਏ ਅਤੇ ਸਰੋਤਿਆਂ ਦੇ ਦਿਲਾਂ 'ਤੇ ਅੱਜ ਰਾਜ ਕਰਦੇ ਹਨ। ਆਪਣੇ ਲਿਖੇ ਗੀਤਾਂ ਤੋਂ ਇਲਾਵਾ ਚਮਕੀਲੇ ਨੇ ਗੀਤਕਾਰ ਸਵਰਨ ਸਿਵੀਆ, ਸਨਮੁੱਖ ਸਿੰਘ ਆਜ਼ਾਦ, ਦਲਜੀਤ ਦਰਦੀ, ਗਿੱਲ ਨੱਥੋਹੇੜੀ, ਸੇਵਾ ਸਿੰਘ ਨੌਰਥ, ਦੇਬੀ ਮਖਸੂਸਪੁਰੀ, ਕਰਮ ਸਿੰਘ ਮੋਹਾਲਵੀ, ਹਰਜੀਤ ਗਿੱਲ ਤੇ ਪਾਲੀ ਦੇਤਵਾਲੀਆ ਦੇ ਲਿਖੇ ਗੀਤ ਗਾਏ। ਸਟੇਜੀ ਪ੍ਰੋਗਰਾਮਾਂ ਦੌਰਾਨ ਸੁਰਿੰਦਰ ਸੋਨੀਆ ਤੇ ਅਮਰਜੋਤ ਤੋਂ ਇਲਾਵਾ ਚਮਕੀਲੇ ਦਾ ਸਾਥ ਊਸ਼ਾ ਕਿਰਨ ਤੇ ਹਰਨੀਤ ਨੀਤੂ ਨੇ ਵੀ ਦਿੱਤਾ।

ਚਮਕੀਲੇ ਨੇ ਜਿੰਨੇ ਵੀ ਗੀਤ ਗਾਏ, ਸਾਰੇ ਪ੍ਰਸਿੱਧੀ ਦੇ ਹੱਦ ਬੰਨ੍ਹੇ ਟੱਪ ਗਏ ਕਿਉਂਕਿ ਚਮਕੀਲੇ ਨੇ ਉਸ ਸਮੇਂ ਦੇ ਪੰਜਾਬੀ ਪੇਂਡੂ ਜਨਜੀਵਨ ਨੂੰ ਹੂਬਹੂ ਆਪਣੇ ਗੀਤਾਂ ਵਿਚ ਪੇਸ਼ ਕੀਤਾ। ਇਸ ਤੋਂ ਇਲਾਵਾ ਉਹ ਠੇਠ ਪੰਜਾਬੀ ਦੀ ਵਰਤੋਂ ਕਰਦਾ ਸੀ।

ਚਮਕੀਲੇ ਦੇ ਗਾਏ ਧਾਰਮਿਕ ਗੀਤ ਅੱਜ ਵੀ ਧਾਰਮਿਕ ਸਥਾਨਾਂ ਤੇ ਸੁਣਨ ਨੂੰ ਮਿਲਦੇ ਹਨ। 'ਬਾਬਾ ਤੇਰਾ ਨਨਕਾਣਾ', 'ਤਲਵਾਰ ਮੈਂ ਕਲਗੀਧਰ ਦੀ ਹਾਂ', 'ਨਾਮ ਜਪ ਲੈ', 'ਤਾਰਿਆਂ ਦੀ ਲੋਏ ਲੋਏ ਤੁਰਦੇ ਮੜਕ ਨਾਲ..', 'ਪਟਨੇ ਸ਼ਹਿਰ ਵਿਚ ਚੰਨ ਚੜ੍ਹਿਆ', 'ਧੰਨ ਧੰਨ ਬਾਬਾ ਬੁੱਢਾ ਜੀ', ਆਦਿ ਗੀਤ ਧਾਰਮਿਕ ਸਫ਼ਾਂ ਵਿਚ ਮੀਲ ਪੱਥਰ ਹਨ। ਚਮਕੀਲੇ ਨੇ ਦੋਗਾਣੇ ਅਤੇ ਧਾਰਮਿਕ ਗੀਤਾਂ ਤੋਂ ਇਲਾਵਾ ਸੋਲੋ ਗੀਤ, ਲੋਕ ਗਥਾਵਾਂ, ਲੋਕ ਤੱਥ, ਲੋਕ ਗੀਤ ਅਤੇ ਕਲੀਆਂ ਵੀ ਗਾਈਆਂ। ਉਸਦੇ ਧਾਰਮਿਕ ਗੀਤਾਂ ਨੂੰ ਕੀਰਤਨੀ ਜਥਿਆਂ ਵੱਲੋਂ ਵੀ ਗਾਏ ਜਾਂਦਿਆਂ ਆਮ ਸੁਣਨ ਨੂੰ ਮਿਲਦਾ ਹੈ।

ਚਮਕੀਲੇ ਨੇ ਧੁੰਵੇਂ ਚਾਦਰ, ਤੇ ਤੁਰਲੇ ਵਾਲੀ ਪੱਗ ਜਿਹੇ ਅਮੀਰ ਪਹਿਰਾਵੇ ਨੂੰ ਆਪਣੀਆਂ ਸਟੇਜਾਂ ਦਾ ਸ਼ਿੰਗਾਰ ਬਣਾਇਆ। ਚਮਕੀਲਾ ਇੱਕ ਵਧੀਆ ਗੀਤਕਾਰ ਤੇ ਗਾਇਕ ਹੋਣ ਦੇ ਨਾਲ ਵਧੀਆ ਤਰਜ਼ ਨਿਗਾਰ ਵੀ ਸੀ। ਤੂੰਬੀ ਵਜਾਉਣ ਵਿਚ ਉਸ ਦਾ ਕੋਈ ਸਾਨੀ ਨਹੀਂ ਸੀ। ਚਮਕੀਲਾ ਪੰਜਾਬੀ ਗਾਇਕੀ ਵਿਚ ਹਨੇਰੀ ਬਣ ਕੇ ਝੁੱਲਿਆ ਸੀ ਅਤੇ ਉਸ ਨੇ ਆਪਣੇ ਸਮੇਂ ਦੇ ਸਾਰੇ ਗਾਇਕਾਂ ਨੂੰ ਪਿੱਛੇ ਛੱਡ ਦਿੱਤਾ ਸੀ। ਚਮਕੀਲੇ ਦੇ ਗੀਤ ਏਨੇ ਹਿੱਟ ਹੋਏ ਸਨ ਕਿ ਉਸ ਸਮੇਂ ਉਸਦੇ ਇੱਕ ਦਿਨ ਵਿਚ ਕਈ-ਕਈ ਪ੍ਰੋਗਰਾਮ ਲੱਗ ਜਾਂਦੇ ਸਨ। ਚਮਕੀਲੇ ਦੇ ਹਿੱਟ ਹੋਣ ਪਿੱਛੇ ਅਮਰਜੋਤ ਦਾ ਵੀ ਬਹੁਤ ਵੱਡਾ ਯੋਗਦਾਨ ਸੀ। ਉਸਦੀ ਆਵਾਜ਼ ਵਿਚ ਮਿਠਾਸ, ਸੁਰੀਲਾਪਣ, ਸੋਜ ਸੀ, ਜੋ ਚਮਕੀਲੇ ਨਾਲ ਸੋਨੇ 'ਤੇ ਸੁਹਾਗਾ ਬਣੀ। ਚਮਕੀਲਾ ਗੀਤ ਨੂੰ ਸਟੇਜ 'ਤੇ ਗਾਕੇ ਗੀਤ ਬਾਰੇ ਸਰੋਤਿਆਂ ਦੀ ਪਹਿਲਾਂ ਪ੍ਰਤੀਕ੍ਰਿਆ ਲੈਂਦਾ ਸੀ, ਫਿਰ ਚਰਨਜੀਤ ਆਹੂਜਾ ਜੀ ਕੋਲ ਜਾਕੇ ਕਹਿੰਦਾ ਸੀ ਕਿ ਕੈਸਟ ਵਿਚ ਇਸ ਦੀ ਜਗ੍ਹਾ ਆਹ ਗੀਤ ਪਾਓ। ਪੰਜਾਬੀ ਮੁਹਾਵਰਿਆਂ ਅਤੇ ਆਖਾਣਾਂ ਨੂੰ ਗੀਤ ਵਿਚ ਢੁੱਕਵੀਂ ਥਾਂ ਵਰਤਣਾ ਚਮਕੀਲੇ ਨੂੰ ਬਾਖ਼ੂਬੀ ਆਉਂਦਾ ਸੀ। ਉਸਨੇ ਪੰਜਾਬੀ ਫ਼ਿਲਮ "ਪਟੋਲਾ" ਵਿਚ ਗੀਤ 'ਪਹਿਲੇ ਲਲਕਾਰੇ ਨਾਲ ਮੈਂ ਡਰ ਗਈ' ਗਾਇਆ ਸੀ, ਜਿਸ ਕਰਕੇ ਇਹ ਫਿਲਮ ਹਿੱਟ ਹੋਈ ਸੀ। ਜਦੋਂ ਫਿਲਮ ਵਿਚ ਚਮਕੀਲੇ ਦਾ ਇਹ ਗੀਤ ਆਉਂਦਾ ਸੀ, ਤਾਂ ਉਸਦੇ ਫੈਨ ਸਿਨਮੇ ਦੀ ਸਕਰੀਨ 'ਤੇ ਪੈਸੇ ਸੁੱਟਣ ਲੱਗ ਜਾਂਦੇ ਸਨ।

ਸਮਾਜ ਅਖੌਤੀ ਰਾਖਿਆਂ ਨੇ ਉਸਦੇ ਗੀਤਾਂ ਉੱਤੇ ਲੱਚਰਤਾ ਦਾ ਲੇਬਲ ਲਾ ਦਿੱਤਾ। ਉਸਨੂੰ ਚੁਫੇਰਿਓਂ ਧਮਕੀਆਂ ਮਿਲਣ ਲੱਗ ਪਈਆਂ ਸਨ। ਇਸ ਗੱਲ ਦਾ ਜ਼ਿਕਰ ਉਹਨੇ ਸੰਗੀਤ ਸਮਰਾਟ ਸੰਗੀਤਕਾਰ ਸਵਰਗੀ ਜਸਵੰਤ ਭੰਵਰਾ ਕੋਲ ਕੀਤਾ ਸੀ ਅਤੇ ਕਿਹਾ ਸੀ, "ਉਸਤਾਦ ਜੀ, ਲੱਗਦਾ ਏ, ਜ਼ਿੰਦਗੀ ਨੂੰ ਜ਼ਿਆਦਾ ਨਹੀਂ ਹੋਵੇਗੀ। ਮੌਤ ਦਾ ਖਤਰਾ ਸਿਰ 'ਤੇ ਮੰਡਰਾ ਰਿਹਾ ਹੈ।" ਭੰਵਰਾ ਜੀ ਨੇ ਉਹਨੂੰ ਹਰਿਮੰਦਰ ਸਾਹਿਬ ਜਾ ਕੇ ਭੁੱਲ ਬਖ਼ਸ਼ਾਉਣ ਅਤੇ ਧਾਰਮਿਕ ਗੀਤ ਗਾਉਣ ਦੀ ਸਲਾਹ ਦਿੱਤੀ ਸੀ। ਉਨ੍ਹਾਂ ਦੀ ਗੱਲ ਮੰਨ ਕੇ ਚਮਕੀਲਾ ਦਰਬਾਰ ਸਾਹਿਬ ਅੰਮ੍ਰਿਤਸਰ ਗਲਤੀ ਵੀ ਮੰਨ ਆਇਆ ਸੀ। ਇਸ ਨਾਲ ਧਮਕੀਆਂ ਦਾ ਸਿਲਸਿਲਾ ਕੁੱਝ ਸਮੇਂ ਲਈ ਰੁੱਕ ਵੀ ਗਿਆ ਸੀ। ਉਸਦੇ ਗਾਏ ਧਾਰਮਿਕ ਗੀਤਾਂ ਦਾ ਅੱਜ ਵੀ ਕੋਈ ਮੁਕਾਬਲਾ ਨਹੀਂ।

ਚਮਕੀਲੇ ਦੀ ਕਲਮ ਨੇ ਆਪਣੇ ਗੀਤਾਂ 'ਚ ਸਮਾਜ ਦਾ ਉਹੀ ਪੱਖ ਉਘਾੜਿਆ ਸੀ, ਜੋ ਪਰਦੇ ਪਿੱਛੇ ਵਾਪਰ ਰਿਹਾ ਸੀ।

ਉਸਦੀ ਰਿਕਾਰਡ ਹੋਈ ਆਖਰੀ ਕੈਸਟ ਨੂੰ ਉਸਨੇ ਰਿਲੀਜ਼ ਨਾ ਕਰਨ ਦੀ ਕੰਪਨੀ ਨੂੰ ਬੇਨਤੀ ਕੀਤੀ ਸੀ, ਪਰ ਮੌਤ ਦੇ ਭੂਤ ਨੇ ਅਜਿਹਾ ਨਹੀਂ ਹੋਣ ਦਿੱਤਾ। ਅਖੀਰ 8 ਮਾਰਚ, 1988 ਨੂੰ ਜਲੰਧਰ ਜ਼ਿਲ੍ਹੇ ਦੇ ਪਿੰਡ ਮਹਿਸਮਪੁਰ 'ਚ ਮੌਤ ਦੇ ਖ਼ੂਨੀ ਪੰਜਿਆਂ ਨੇ ਇਸ ਜੋੜੀ ਨੂੰ ਸਾਡੇ ਤੋਂ ਸਦਾ ਲਈ ਖੋਹ ਲਿਆ। ਪੰਜਾਬ 'ਚ ਝੁੱਲੀ ਦਹਿਸ਼ਤਗਰਦੀ ਦੀ ਹਨੇਰੀ ਨੇ ਇੱਕ ਵਿਆਹ ਪ੍ਰੋਗਰਾਮ ਸਮੇਂ ਉਨ੍ਹਾਂ ਨੂੰ ਗੋਲੀਆਂ ਨਾਲ ਸਦਾ ਦੀ ਨੀਂਦ ਸੁਆ ਦਿੱਤਾ। ਭਾਵੇਂ ਉਹ ਅੱਜ ਸਰੀਰਕ ਤੌਰ 'ਤੇ ਸਾਡੇ ਦਰਮਿਆਨ ਨਹੀਂ ਹਨ, ਪਰ ਉਨ੍ਹਾਂ ਦੀ ਆਵਾਜ਼ ਗੀਤਾਂ ਦੇ ਰੂਪ 'ਚ ਇਸ ਕੁਦਰਤੀ ਫਿਜ਼ਾ 'ਚ ਹਮੇਸ਼ਾ ਗੂੰਜਦੀ ਰਹੇਗੀ।

ਉਨ੍ਹਾਂ ਦੀ ਬਰਸੀ ਹਰ ਸਾਲ 8 ਮਾਰਚ ਨੂੰ ਉਨ੍ਹਾਂ ਦੇ ਪਰਿਵਾਰ ਵੱਲੋਂ ਉਨ੍ਹਾਂ ਦੇ ਜੱਦੀ ਪਿੰਡ ਦੁੱਗਰੀ, ਜ਼ਿਲ੍ਹਾ ਲੁਧਿਆਣੇ ਵਿਖੇ ਮਨਾਈ ਜਾਂਦੀ ਹੈ।



# ਭਗਵੰਤ ਮਾਨ ਜੀ, ਪੰਜਾਬ ਸਿਆਂ ਨੂੰ ਤੇਰੇ ਤੋਂ ਬਹੁਤ ਉਮੀਦਾਂ ਨੇ

ਸੰਜੀਵ ਸਿੰਘ ਸੈਣੀ
ਮੋਹਾਲੀ
78889-66168
(Punjab Mail USA)





ਇਸ ਸਮੇਂ ਪੰਜਾਬ ਦੀ ਵਾਂਗਡੋਰ 'ਆਪ' ਦੇ ਹੱਥ ਹੈ। ਭਗਵੰਤ ਮਾਨ ਦੇ ਹੱਥ ਪੰਜਾਬ ਦੀ ਕਮਾਨ ਹੈ। ਸੱਤਾ ਵਿਚ ਆਉਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਪੰਜਾਬ ਨੂੰ ਰਿਸ਼ਵਤਖੋਰੀ, ਨਸ਼ਿਆਂ ਨੂੰ ਖ਼ਤਮ ਕਰਨਾ, ਭ੍ਰਿਸ਼ਟਾਚਾਰ ਮੁਕਤ ਸਮਾਜ ਸਿਰਜਣਾ, ਸਾਫ਼-ਸੁਥਰਾ ਪ੍ਰਸ਼ਾਸਨ ਦੇਣ ਦਾ ਵਾਅਦਾ ਕੀਤਾ ਸੀ। 92 ਵਿਧਾਇਕ ਆਪ ਦੇ ਵਿਧਾਨ ਸਭਾ 'ਚ ਪੁੱਜੇ। ਆਪ ਤੋਂ ਲੋਕਾਂ ਨੂੰ ਬਹੁਤ ਉਮੀਦਾਂ ਨੇ। ਹਾਲ ਹੀ ਵਿਚ ਬਠਿੰਡਾ (ਦਿਹਾਤੀ) ਤੋਂ ਆਪ ਵਿਧਾਇਕ ਅਮਿਤ ਰਤਨ ਨੂੰ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਵਿਜੀਲੈਂਸ ਨੇ ਗ੍ਰਿਫਤਾਰ ਕੀਤਾ ਹੈ। ਕੁੱਝ ਦਿਨ ਪਹਿਲਾਂ ਕਾਲ ਰਿਕਾਰਡ ਵਿਚ (ਲੈਣ-ਦੇਣ ਸੰਬੰਧੀ) ਵਿਧਾਇਕ ਰਤਨ ਦੀ ਆਵਾਜ਼ ਬਾਰੇ ਪੁਸ਼ਟੀ ਕੀਤੀ ਗਈ ਸੀ। ਚੇਤੇ ਕਰਵਾ ਦੇਈਏ ਕਿ ਇਸ ਤੋਂ ਪਹਿਲਾਂ ਦੋ ਸਾਬਕਾ ਮੰਤਰੀਆਂ ਨੂੰ ਵੀ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਮੰਤਰੀ ਮੰਡਲ 'ਚੋਂ ਬਰਖ਼ਾਸਤ ਕਰ ਦਿੱਤਾ ਗਿਆ ਸੀ। ਹਾਲਾਂਕਿ ਇਹ ਸਾਰੇ ਗ਼ਲਤ ਕੰਮ ਇਨ੍ਹਾਂ ਦੇ ਆਪਣੇ ਰੱਖੇ ਪੀ.ਏ. ਵੱਲੋਂ ਹੀ ਕੀਤੇ ਗਏ ਸਨ। ਵਿਧਾਇਕਾਂ, ਮੰਤਰੀਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਪੀ.ਏ. ਸਾਫ਼-ਸੁਥਰੇ ਅਕਸ ਵਾਲੇ, ਪੜ੍ਹੇ-ਲਿਖੇ ਹੀ ਰੱਖਣ। ਹਾਲਾਂਕਿ ਮਾਨ ਸਰਕਾਰ ਨੇ ਸਖ਼ਤੀ ਨਾਲ ਸਾਰੇ ਵਿਧਾਇਕਾਂ ਨੂੰ ਕਿਹਾ ਵੀ ਹੈ। ਸਾਬਕਾ ਸਿਹਤ ਮੰਤਰੀ ਵਿਜੇ ਸਿੰਗਲਾ ਨੂੰ ਟੈਂਡਰ ਘੁਟਾਲਿਆਂ ਵਿਚ ਕਮਿਸ਼ਨ ਲੈਣ ਕਰਕੇ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਸੀ। ਚਾਹੇ ਅੱਜਕੱਲ੍ਹ ਜ਼ਮਾਨਤ 'ਤੇ ਬਾਹਰ ਆ ਚੁੱਕੇ ਹਨ। ਉਸ ਹਲਕੇ ਦੇ ਲੋਕਾਂ ਨੂੰ ਕਿੰਨਾ ਚਾਅ ਹੋਣਾ, ਜਦੋਂ ਇਹ ਕੈਬਨਿਟ ਮੰਤਰੀ ਬਣਿਆ ਹੋਣਾ। ਲੋਕਾਂ ਨੂੰ ਵਿਧਾਇਕਾਂ ਤੋਂ ਬਹੁਤ ਉਮੀਦਾਂ ਹੁੰਦੀਆਂ ਹਨ। ਜਦੋਂ ਪਤਾ ਚੱਲਦਾ ਹੈ ਕਿ ਉਨ੍ਹਾਂ ਦਾ ਵਿਧਾਇਕ ਰਿਸ਼ਵਤ ਮੰਗਦਾ ਫੜਿਆ ਜਾਂਦਾ ਹੈ, ਤਾਂ ਉਨ੍ਹਾਂ ਦੀਆਂ ਆਸਾਂ 'ਤੇ ਪਾਣੀ ਫਿਰ ਜਾਂਦਾ ਹੈ। ਫੌਜਾ ਸਿੰਘ ਸਰਾਰੀ ਦੀ ਆਡੀਓ ਵਾਇਰਲ ਹੋਣ ਤੋਂ ਬਾਅਦ ਉਸ ਨੂੰ ਵੀ ਸੱਤਾ ਤੋਂ ਬਾਹਰ ਕਰ ਦਿੱਤਾ ਗਿਆ। ਹੁਣ ਤੱਕ ਪਤਾ ਨਹੀਂ ਕਿੰਨੇ ਹੀ ਅਧਿਕਾਰੀ, ਕਲਰਕ, ਵੱਖ-ਵੱਖ ਵਿਭਾਗਾਂ ਦੇ ਕਰਮਚਾਰੀ ਰਿਸ਼ਵਤ ਲੈਂਦੇ ਰੰਗੇ ਹੱਥੀਂ ਫੜੇ ਗਏ। ਕਈ ਸਾਬਕਾ ਮੰਤਰੀਆਂ, ਵਿਧਾਇਕਾਂ ਨੂੰ ਭ੍ਰਿਸ਼ਟਾਚਾਰ ਹੇਠ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਹੈ। ਤਕਰੀਬਨ ਪਿਛਲੇ ਕਈ ਮਹੀਨਿਆਂ ਤੋਂ ਅਸੀਂ ਸਾਬਕਾ ਵਿਧਾਇਕਾਂ, ਮੰਤਰੀਆਂ ਦੇ ਕੀਤੇ ਘੁਟਾਲਿਆਂ ਦੀ ਖ਼ਬਰਾਂ ਆਮ ਪੜ੍ਹ ਰਹੇ ਹਾਂ। ਕਈਆਂ ਨੂੰ ਹਰ ਰੋਜ਼ ਨੋਟਿਸ ਭੇਜ ਕੇ ਵਿਜੀਲੈਂਸ ਦਫਤਰ ਪੁੱਛ ਪੜਤਾਲ ਲਈ ਬੁਲਾਇਆ ਜਾ ਰਿਹਾ ਹੈ। ਵੈਸੇ ਇੱਕ ਗੱਲ ਹੈ, ਅਸੀਂ ਇਥੇ ਸਥਾਈ ਥੋੜ੍ਹਾ ਰਹਿਣਾ ਹੈ। ਜੋ ਪ੍ਰਮਾਤਮਾ ਨੇ ਸਾਨੂੰ ਇੱਥੇ ਕੰਮ ਕਰਨ ਲਈ ਭੇਜਿਆ ਸੀ, ਉਹ ਅਸੀਂ ਨਹੀਂ ਕਰ ਰਹੇ ਹਾਂ। ਪੈਸਾ ਇਕੱਠਾ ਕਰ ਰਹੇ ਹਾਂ। ਦੇਸ਼ਾਂ-ਵਿਦੇਸ਼ਾਂ ਵਿਚ ਦੋ ਨੰਬਰ ਦੇ ਪੈਸੇ ਨਾਲ ਜਾਇਦਾਦਾਂ ਬਣਾ ਰਹੇ ਹਾਂ। ਨਾਲ ਤਾਂ ਕੁਝ ਵੀ ਨਹੀਂ ਜਾਣਾ। ਕਫ਼ਨ ਨੂੰ ਜੇਬ ਨਹੀਂ ਹੁੰਦੀ। ਪਹਿਲਾਂ ਇਨ੍ਹਾਂ ਸਾਬਕਾ ਮੰਤਰੀਆਂ ਨੇ ਬਹੁਤ ਐਸ਼ ਕਰ ਲਈ। ਦੇਖੋ! ਸਮਾਂ ਹਮੇਸ਼ਾਂ ਇੱਕੋ ਜਿਹਾ ਨਹੀਂ ਰਹਿੰਦਾ। ਗਲਤ ਕੰਮ ਕੀਤਾ ਹੈ, ਤਾਂ ਉਹ ਭੁਗਤਣਾ ਹੀ ਪਵੇਗਾ। ਸਰਕਾਰੀ ਖ਼ਜ਼ਾਨੇ ਨੂੰ ਹੁਣ ਤੱਕ ਲੁੱਟਿਆ ਹੀ ਹੈ। ਭਗਵੰਤ ਮਾਨ ਜੀ ਤੋਂ ਲੋਕਾਂ ਨੂੰ ਬਹੁਤ ਉਮੀਦਾਂ ਨੇ। ਜਦੋਂ ਅਜਿਹਾ ਕੋਈ ਭ੍ਰਿਸ਼ਟ ਮੰਤਰੀ, ਵਿਧਾਇਕ ਫੜਿਆ ਜਾਂਦਾ ਹੈ, ਤਾਂ ਲੋਕਾਂ ਨੂੰ ਬਹੁਤ ਖ਼ੁਸ਼ੀ ਹੁੰਦੀ ਹੈ ਤੇ ਸਰਕਾਰ 'ਤੇ ਲੋਕਾਂ ਦਾ ਵਿਸ਼ਵਾਸ ਹੋਰ ਵੱਧਦਾ ਹੈ। ਨਸ਼ਿਆਂ ਖ਼ਿਲਾਫ਼ ਮਾਨ ਸਰਕਾਰ ਨੇ ਹੁਣ ਤੱਕ ਪਤਾ ਨਹੀਂ ਕਿੰਨੇ ਹੀ ਕਰੋੜਾਂ ਦੀ ਹੈਰੋਇਨ ਫੜੀ ਹੈ। ਵੱਡੇ-ਵੱਡੇ ਨਸ਼ਾ ਤਸਕਰਾਂ ਨੂੰ ਹਰ ਰੋਜ਼ ਫੜਿਆ ਜਾ ਰਿਹਾ ਹੈ। ਸਰਚ ਅਪ੍ਰੇਸ਼ਨ ਚਲਾਏ ਜਾ ਰਹੇ ਹਨ। ਸਰਕਾਰ ਦਾ ਬਹੁਤ ਸ਼ਲਾਘਾਯੋਗ ਕਦਮ ਹੈ। ਅਧਿਕਾਰੀਆਂ ਨੂੰ ਵੀ ਆਮ ਜਨਤਾ ਦੀ ਗੱਲ ਸੁਣਨੀ ਚਾਹੀਦੀ ਹੈ। ਜੇ ਕੋਈ ਕਿਸੇ ਤੋਂ ਵੀ ਰਿਸ਼ਵਤ ਮੰਗਦਾ ਹੈ, ਤਾਂ ਸਰਕਾਰ ਦੇ ਦਿੱਤੇ ਹੋਏ ਨੰਬਰ 'ਤੇ ਤੁਰੰਤ ਭ੍ਰਿਸ਼ਟ ਅਧਿਕਾਰੀ ਜਾਂ ਕਰਮਚਾਰੀ ਦੀ ਤੁਰੰਤ ਸ਼ਿਕਾਇਤ ਦਰਜ ਕਰਵਾਓ। ਇਸ ਨਾਲ ਸਰਕਾਰੀ ਕੰਮਕਾਜ ਵਿਚ ਹੋਰ ਪਾਰਦਰਸ਼ਤਾ ਆਵੇਗੀ। ਲੋਕਾਂ ਦਾ ਸਰਕਾਰ 'ਤੇ ਪੱਕਾ ਵਿਸ਼ਵਾਸ ਹੋਵੇਗਾ। ਸਰਕਾਰੀ ਦਫ਼ਤਰਾਂ, ਥਾਣਿਆਂ, ਸਰਕਾਰੀ ਅਦਾਰਿਆਂ, ਤਹਿਸੀਲਾਂ, ਸਪੈਸ਼ਲ ਪਟਵਾਰਖਾਨਾ ਜਿੱਥੇ ਕਈ ਪਟਵਾਰੀ ਹੁਣ ਤੱਕ ਰਿਸ਼ਵਤ ਲੈਂਦੇ ਰੰਗੇ ਹੱਥੀਂ ਫੜੇ ਜਾ ਰਹੇ ਹਨ, ਵਿਚ ਧੱਕੇ ਨਹੀਂ ਖਾਣੇ ਪੈਣਗੇ। ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਲਈ ਪਾਰਦਰਸ਼ਤਾ ਦੀ ਬਹੁਤ ਲੋੜ ਹੈ। ਇਹ ਬਿਮਾਰੀ ਕਈਆਂ ਦੇ ਖ਼ੂਨ ਵਿਚ ਰੰਮ ਚੁੱਕੀ ਹੈ। ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਲਈ ਸਾਨੂੰ ਸਾਰਿਆਂ ਨੂੰ ਹੀ ਇੱਕਜੁੱਟ ਹੋਣ ਦੀ ਲੋੜ ਹੈ।

# ਕਾਰ ਸੇਵਾ ਦਾ ਆਰੰਭ ਤੇ ਵਿਕਾਸ

**(ਬਰਸੀ 'ਤੇ ਵਿਸ਼ੇਸ਼)**

-ਲਵਪ੍ਰੀਤ ਸਿੰਘ ਵਡਾਲੀ
ਸੰਪਰਕ : 62839-15745
(Punjab Mail USA)






ਸੇਵਾ ਤੇ ਸਿਮਰਨ ਸਿੱਖ ਧਰਮ ਦੇ ਦੋ ਥੰਮ ਹਨ, ਜਿੰਨਾ ਉੱਪਰ ਸਿੱਖੀ ਦਾ ਮਹਿਲ ਉਸਰਦਾ ਹੈ। ਸੇਵਾ ਤੇ ਸਿਮਰਨ ਇੱਕ ਦੂਜੇ ਦੇ ਪੂਰਕ ਹਨ ਅਤੇ ਕਾਰ-ਸੇਵਾ ਇਨ੍ਹਾਂ ਦੋ ਸਿਧਾਂਤਾਂ ਵਿਚੋਂ ਜਨਮੀ ਇੱਕ ਨਿਰਮਲ ਪ੍ਰਕਿਰਿਆ ਦਾ ਨਾਮ ਹੈ। ਗੁਰੂ ਸਾਹਿਬਾਨ ਨੇ ਧਾਰਮਿਕ ਤੇ ਸਮਾਜਿਕ ਜੀਵਨ ਵਿਚ ਪਰਿਵਰਤਨ ਲਿਆਉਣ ਲਈ ਜੋ ਜੀਵਨ ਜੁਗਤ ਪ੍ਰਸਤੁਤ ਕੀਤੀ ਹੈ, ਉਸਦਾ ਆਧਾਰ ਵੀ ਸੇਵਾ ਤੇ ਸਿਮਰਨ ਹੀ ਹੈ। ਸੇਵਾ ਦਾ ਦਾਇਰਾ ਬਹੁਤ ਵਿਸ਼ਾਲ ਹੈ। ਸੇਵਾ ਲੋਕ ਭਲਾਈ ਅਤੇ ਸੰਗਤਾਂ ਦੇ ਸੁੱਖ ਆਰਾਮ ਲਈ ਕੀਤੇ ਕਾਰਜਾਂ ਤੋਂ ਸ਼ੁਰੂ ਹੋ ਕੇ ਮਨੁੱਖਤਾ ਲਈ ਦਿੱਤੀ ਕੁਰਬਾਨੀ ਤੱਕ ਪਸਰੀ ਹੋਈ ਹੈ। ਗੁਰੂ ਅਰਜਨ ਦੇਵ ਜੀ ਫੁਰਮਾਨ ਕਰਦੇ ਹਨ ਕਿ ਕਰੋੜਾਂ ਵਿਚੋਂ ਕੋਈ ਵਿਰਲਾ ਹੀ ਹੰਦਾ ਹੈ, ਜੋ ਸੇਵਾ ਲਈ ਆਪਣਾ ਤਨ, ਮਨ ਤੇ ਧਨ ਅਰਪਣ ਕਰਦਾ ਹੈ।

ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ ॥

ਕਾਰ ਸੇਵਾ ਦਾ ਅੱਖਰੀ ਅਰਥ ਹੈ 'ਕਿਸੇ ਦਰਿਆ ਜਾ ਖੂਹ ਦੀ ਗਹਿਰਾਈ' ਪਰ ਕਾਰ ਸੇਵਾ ਦੇ ਅਰਥ ਬਹੁਤ ਵਿਸ਼ਾਲਤਾ ਦੇ ਧਾਰਨੀ ਹਨ। ਪਹਿਲਾਂ ਪਹਿਲ ਕਿਸੇ ਇਤਿਹਾਸਿਕ ਖੂਹ, ਬਉਲੀ ਜਾਂ ਸਰੋਵਰ ਵਿਚ ਪਈ ਗਾਰ ਨੂੰ ਸਿੱਖ ਸੰਗਤਾਂ ਬਿਨਾਂ ਕੋਈ ਇਵਜ਼ਾਨੇ ਦੇ ਬਾਹਰ ਕੱਢਦੀਆਂ ਸਨ। ਸੇਵਾ ਦੀ ਇਸ ਪ੍ਰੰਪਰਾ ਨੂੰ ਹੀ ਕਾਰ ਸੇਵਾ ਦਾ ਨਾਮ ਦਿੱਤਾ ਗਿਆ। ਗੁਰੂ ਨਾਨਕ ਦੇਵ ਜੀ ਨੇ ਧਰਮ ਪ੍ਰਚਾਰ ਲਈ ਧਰਮਸ਼ਾਲਾਵਾਂ ਕਾਇਮ ਕੀਤੀਆਂ, ਜਿੱਥੇ ਹਰ ਰੋਜ਼ ਸੰਗਤਾਂ ਸੱਜਦੀਆਂ ਸਨ। ਇਨ੍ਹਾਂ ਸੰਗਤਾਂ ਦੇ ਸੁੱਖ ਆਰਾਮ ਤੇ ਆਓ ਭਗਤ ਲਈ ਕਈ ਸਿੱਖਾਂ ਵਲੋਂ ਸੇਵਾ ਕੀਤੀ ਜਾਂਦੀ ਸੀ। ਕੁਝ ਸਿੱਖ ਗੁਰੂ ਸਾਹਿਬ ਦੀ ਖੁਸ਼ੀ ਪ੍ਰਾਪਤ ਕਰਨ ਲਈ ਆਪਣਾ ਸਾਰਾ ਜੀਵਨ ਸੇਵਾ ਵਿਚ ਹੀ ਬਤੀਤ ਕਰਦੇ ਹਨ। ਗੁਰੂ ਸਾਹਿਬਾਨ ਜੀ ਨੇ ਮਨੁੱਖ ਮਾਤਰ ਦੀ ਸੇਵਾ ਨੂੰ ਪਾਰਬ੍ਰਹਮ ਦੀ ਸੇਵਾ ਕਿਹਾ ਹੈ। ਸੇਵਾ ਦੀ ਮਹਤੱਤਾ ਦਰਸਾਉਂਦਿਆਂ ਗੁਰੂ ਸਾਹਿਬ ਕਹਿੰਦੇ ਹਨ ਕਿ ਸੇਵਾ ਕਰਨ ਨਾਲ ਮਨੁੱਖ ਰੱਬੀ ਦਰਗਾਹ ਵਿਚ ਪਰਵਾਨ ਚੜ੍ਹਦਾ ਹੈ।

ਵਿਚਿ ਦੁਨੀਆ ਸੇਵਿ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥

ਸਿੱਖ ਰਾਜ ਦੇ ਅੰਤ ਤੋਂ ਬਾਅਦ ਜਦੋਂ ਗੁਰਦੁਆਰਿਆਂ ਦਾ ਪ੍ਰਬੰਧ ਮਹੰਤਾਂ ਪਾਸ ਚਲਾ ਗਿਆ, ਤਾਂ ਉਸ ਸਮੇਂ ਅੰਗਰੇਜ਼ ਸਰਕਾਰ ਦੇ ਪ੍ਰਭਾਵ ਹੇਠ ਮਿਉਂਸੀਪਲ ਕਮੇਟੀ ਨੇ ਸੰਤੋਖਸਰ ਸਰੋਵਰ ਨੂੰ ਪੂਰਨ ਦਾ ਮਤਾ ਪਾਸ ਕੀਤਾ। ਸੰਤੋਖਸਰ ਸਰੋਵਰ ਨੂੰ ਪੂਰਣ ਦੀ ਖਬਰ ਬਾਬਾ ਬੀਰਮ ਦਾਸ ਪਾਸ ਪਹੁੰਚੀ, ਤਾਂ ਬਾਬਾ ਜੀ ਨੇ ਬਾਬਾ ਗੁਰਮੁੱਖ ਸਿੰਘ ਜੀ ਤੇ ਬਾਬਾ ਸਾਧੂ ਸਿੰਘ ਜੀ ਨੂੰ ਅੰਮ੍ਰਿਤਸਰ ਵਿਖੇ ਜਾ ਕੇ ਗੁਰਧਾਮਾਂ ਦੀ ਕਾਰ ਸੇਵਾ ਅਤੇ ਗੁਰਬਾਣੀ ਦਾ ਪ੍ਰਵਾਹ ਚਲਾਉਣ ਲਈ ਆਦੇਸ਼ ਦਿੱਤਾ। ਬਾਬਾ ਬੀਰਮ ਦਾਸ ਜੀ ਦਾ ਹੁਕਮ ਮੰਨ ਕੇ ਸੰਤ ਬਾਬਾ ਗੁਰਮੱਖ ਸਿੰਘ ਜੀ ਨੇ ਸੇਵਾ ਸੰਭਾਲ ਕਾਰਜ ਅੰਮ੍ਰਿਤਸਰ ਤੋਂ ਆਰੰਭ ਕਰਨ ਦਾ ਫੈਸਲਾ ਕੀਤਾ, ਤਾਂ ਬਾਬਾ ਜੀ ਦੇ ਮਨ ਵਿਚ ਖਿਆਲ ਆਇਆ ਕਿ ਬਿਨਾਂ ਕਿਸੇ ਸਾਧਨ ਅਤੇ ਸੰਗਤ ਦੇ ਇਹ ਕਾਰਜ ਕਿਵੇਂ ਹੋਵੇਗਾ, ਤਾਂ ਤੁਰੰਤ ਹੀ ਬਾਬਾ ਬੀਰਮ ਦਾਸ ਜੀ ਨੇ ਗੁਰਬਾਣੀ ਦੀ ਇਹ ਤੁਕ ਉਚਾਰੀ "ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ" ਤੇ ਕਿਹਾ ਕਿ ਗੁਰੂ ਰਾਮਦਾਸ ਜੀ ਆਪਣੀ ਸੇਵਾ ਆਪ ਕਰਵਾ ਲੈਣਗੇ। ਅੰਮ੍ਰਿਤਸਰ ਪਹੁੰਚ ਕੇ ਬਾਬਾ ਗੁਰਮੱਖ ਸਿੰਘ ਜੀ ਤੇ ਬਾਬਾ ਸ਼ਾਮ ਸਿੰਘ ਜੀ ਨੇ ਅਰਦਾਸ ਕਰਕੇ ਸੰਤੋਖਸਰ ਸਰੋਵਰ ਦੀ ਕਾਰ ਸੇਵਾ ਆਰੰਭ ਕੀਤੀ, ਤਾਂ ਬੇਅੰਤ ਸੰਗਤਾਂ ਨੇ ਆ ਕੇ ਸੇਵਾ ਵਿਚ ਹਿੱਸਾ ਪਾਇਆ। ਸੰਗਤਾਂ ਦਿਨ ਸਮੇਂ ਸੇਵਾ ਕਰਕੇ ਘਰ ਚਲੀਆਂ ਜਾਂਦੀਆਂ ਸਨ ਅਤੇ ਸੰਗਤ ਦੇ ਜਾਣ ਮਗਰੋਂ ਸੇਵਾ ਦਾ ਸਾਮਾਨ ਸਾਂਭਣ ਤੇ ਰਾਖੀ ਕਰਨ ਲਈ ਕੋਈ ਵੀ ਨਾ ਰਹਿੰਦਾ, ਤਾਂ ਬਾਬਾ ਜੀ ਨੇ ਕੁਝ ਦਿਹਾੜੀਦਾਰ ਤੇ ਤਨਖਾਹਦਾਰ ਰੱਖ ਲਏ ਪਰ ਉਨ੍ਹਾਂ ਦੀ ਭਾਵਨਾ ਸੇਵਾ ਵਾਲੀ ਨਹੀਂ ਸੀ। ਇਹ ਦੇਖਦਿਆਂ ਬਾਬਾ ਜੀ ਨੇ ਗੁਰੂ ਸਾਹਿਬ ਹਜ਼ੂਰੀ ਵਿਚ ਅਰਦਾਸ ਕੀਤੀ ਕਿ ਪਾਤਸ਼ਾਹ ਜੀ! ਸਾਨੂੰ 25 ਅਜਿਹੇ ਸਿੱਖ ਦਿਉ, ਜਿਹੜੇ ਕੇਵਲ ਸੇਵਾ ਨੂੰ ਸਮਰਪਿਤ ਹੋਣ। ਬਾਬਾ ਜੀ ਦੀ ਇਹ ਅਰਦਾਸ ਪ੍ਰਵਾਨ ਹੋਈ ਤੇ 25 ਸਿੰਘਾਂ ਨੇ ਅਰਦਾਸ ਕਰਵਾ ਕੇ ਆਪਣਾ ਸਾਰਾ ਜੀਵਨ ਸੇਵਾ ਨੂੰ ਸਮਰਪਿਤ ਕਰ ਦਿੱਤਾ।

ਬਾਬਾ ਗੁਰਮੁੱਖ ਸਿੰਘ ਜੀ ਅਤੇ ਬਾਬਾ ਸਾਧੂ ਸਿੰਘ ਜੀ ਨੇ ਬੇਅੰਤ ਗੁਰਧਾਮਾਂ ਦੀ ਕਾਰ ਸੇਵਾ ਕਰਵਾਈ ਤੇ ਖਡੂਰ ਸਾਹਿਬ ਨੂੰ ਆਪਣਾ ਮੁੱਖ ਕੇਂਦਰ ਬਣਾ ਕੇ ਸੇਵਾ ਕਾਰਜਾਂ ਨੂੰ ਅਗਾਂਹ ਵਧਾਇਆ। ਬਾਬਾ ਗੁਰਮੁੱਖ ਸਿੰਘ ਜੀ ਤੋਂ ਬਾਅਦ ਗੁਰਧਾਮਾਂ ਦੀ ਕਾਰ ਸੇਵਾ ਦਾ ਕਾਰਜ ਬਾਬਾ ਝੰਡਾ ਸਿੰਘ ਜੀ ਪਾਸ ਆਇਆ ਅਤੇ ਮਗਰੋਂ ਇਹ ਕਾਰਜ ਬਾਬਾ ਉੱਤਮ ਸਿੰਘ ਜੀ ਦੀ ਸਰਪ੍ਰਸਤੀ ਹੇਠ ਚਲਦਾ ਰਿਹਾ। ਹੁਣ ਕਾਰ ਸੇਵਾ ਖਡੂਰ ਸਾਹਿਬ ਦੇ ਸੇਵਾ ਕਾਰਜਾਂ ਦਾ ਪ੍ਰਬੰਧ ਬਾਬਾ ਸੇਵਾ ਸਿੰਘ ਜੀ ਦੀ ਨਿਗਰਾਨੀ ਹੇਠ ਚੱਲ ਰਿਹਾ ਹੈ। ਵਰਤਮਾਨ ਸਮੇਂ ਵਿਚ ਕਾਰ ਸੇਵਾ ਖਡੂਰ ਸਾਹਿਬ ਸੰਸਥਾ ਗੁਰਧਾਮਾਂ ਦੀ ਸੇਵਾ ਸੰਭਾਲ ਤੋਂ ਅਗਾਂਹ ਵੱਧ ਕੇ ਵਾਤਾਵਰਨ ਸੰਭਾਲ, ਵਿਦਿਆ ਦੇ ਪ੍ਰਸਾਰ ਅਤੇ ਹੋਰ ਲੋਕ ਭਲਾਈ ਦੇ ਕਾਰਜਾਂ ਵਿਚ ਸ਼੍ਰੋਮਣੀ ਸਥਾਨ ਹਾਸਲ ਕਰ ਰਹੀ ਹੈ।

ਖਡੂਰ ਸਾਹਿਬ ਵਿਖੇ ਬਾਬਾ ਗੁਰਮੁੱਖ ਸਿੰਘ ਜੀ, ਬਾਬਾ ਸਾਧੂ ਸਿੰਘ ਜੀ, ਬਾਬਾ ਝੰਡਾ ਸਿੰਘ ਜੀ, ਬਾਬਾ ਉੱਤਮ ਸਿੰਘ ਜੀ ਅਤੇ ਹੋਰ ਸਮੂਹ ਕਾਰ ਸੇਵਾ ਵਾਲੇ ਮਹਾਂਪੁਰਖਾਂ ਦੀ ਯਾਦ ਵਿਚ ਹਰ ਸਾਲ 28 ਫਰਵਰੀ ਨੂੰ ਮਹਾਨ ਗੁਰਮਤਿ ਸਮਾਗਮ ਕਰਵਾਇਆ ਜਾਂਦਾ ਹੈ। ਕਾਰ ਸੇਵਾ ਵਾਲੇ ਸਮੂਹ ਮਹਾਂਪੁਰਖਾਂ ਦੇ ਪਰਉਪਕਾਰ ਨੂੰ ਯਾਦ ਕਰਦਿਆਂ 26 ਫਰਵਰੀ ਨੂੰ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਂਦੇ ਹਨ ਅਤੇ 28 ਫਰਵਰੀ ਨੂੰ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਵਿਸ਼ਾਲ ਦੀਵਾਨ ਸਜਾਇਆ ਜਾਂਦਾ ਹੈ, ਜਿਸ ਵਿਚ ਪੰਥ ਪ੍ਰਸਿੱਧ ਰਾਗੀ ਜੱਥੇ, ਕਥਾਵਾਚਕ, ਢਾਡੀ ਅਤੇ ਪ੍ਰਚਾਰਕ ਪਹੁੰਚ ਕੇ ਗੁਰੂ ਜਸ ਸਰਵਣ ਕਰਾਉਂਦੇ ਹਨ।

# ਤੇਜ਼ੀ ਨਾਲ ਬਦਲ ਰਿਹਾ ਟੈਲੀਵਿਜ਼ਨ, ਸੋਸ਼ਲ ਮੀਡੀਆ ਦ੍ਰਿਸ਼

-ਪ੍ਰੋ. ਕੁਲਬੀਰ ਸਿੰਘ
94171-53513
(Punjab Mail USA)





ਸਮੇਂ ਨਾਲ ਵਿਸ਼ਾ-ਸਮੱਗਰੀ ਅਤੇ ਤਕਨੀਕ ਪੱਖੋਂ ਟੈਲੀਵਿਜ਼ਨ ਐਨਾ ਬਦਲਦਾ ਜਾ ਰਿਹਾ ਕਿ ਸੋਚ ਕੇ ਹੈਰਾਨੀ ਹੁੰਦੀ ਹੈ। ਵੰਨ-ਸੁਵਨਤਾ ਐਨੀ ਵਧ ਗਈ ਹੈ ਕਿ ਚੋਣ ਕਰਨੀ ਮੁਸ਼ਕਲ ਹੋ ਰਹੀ ਹੈ। ਦੂਸਰੇ ਪਾਸੇ ਸਮਾਰਟ ਫੋਨ ਨੇ ਟੈਲੀਵਿਜ਼ਨ ਦਾ ਆਕਰਸ਼ਨ ਫਿੱਕਾ ਪਾ ਦਿੱਤਾ ਹੈ। ਦੁਨੀਆਂ ਭਰ ਦਾ ਨੌਜਵਾਨ ਵਰਗ ਟੈਲੀਵਿਜ਼ਨ ਪ੍ਰੋਗਰਾਮ ਵੇਖਣ ਲਈ ਟੈਲੀਵਿਜ਼ਨ ਬਹੁਤ ਘੱਟ ਖੋਲ੍ਹਦਾ ਹੈ। ਇਹਦੇ ਲਈ ਉਹ ਲੈਪਟਾਪ, ਆਈਪੈਡ ਜਾਂ ਸਮਰਾਟ ਫੋਨ ਦੀ ਹੀ ਵਰਤੋਂ ਕਰਦਾ ਹੈ। ਯੂ-ਟਿਊਬ 'ਤੇ ਆਪਣੇ ਮਨਪਸੰਦ ਪ੍ਰੋਗਰਾਮ ਵੇਖਦਾ ਹੈ। ਹੁਣ ਤਾਂ ਟੈਲੀਵਿਜ਼ਨ ਦੇ ਗੈਰ-ਮਿਆਰੀ ਪ੍ਰੋਗਰਾਮਾਂ ਅਤੇ ਨਿਊਜ਼ ਚੈਨਲਾਂ ਦੇ ਆਪਹੁਦਰੇਪਨ ਤੋਂ ਬਚਣ ਲਈ ਮੇਰੀ ਉਮਰ ਦੇ ਲੋਕ ਵੀ ਯੂ-ਟਿਊਬ 'ਤੇ ਆਪਣੀ ਪਸੰਦ, ਆਪਣੇ ਸ਼ੌਕ, ਆਪਣੇ ਸੁਹਜ-ਸੁਆਦ ਅਨੁਸਾਰ ਜਾਣਕਾਰੀ, ਗਿਆਨ, ਮਨੋਰੰਜਨ ਦੀਆਂ ਵੀਡੀਓ ਵੇਖਣ ਨੂੰ ਤਰਜੀਹ ਦਿੰਦੇ ਹਨ। ਸਮਾਂ ਤੇਜ਼ੀ ਨਾਲ ਬਦਲ ਰਿਹਾ ਹੈ। ਆਪਣਾ ਦਾਇਰਾ, ਆਪਣਾ ਨਜ਼ਰੀਆ ਖੋਲ੍ਹਣ ਬਦਲਣ ਦੀ ਲੋੜ ਹੈ।

ਟਵਿੱਟਰ ਦੀ ਮਾਲਕੀ ਵਿਚ ਹੋਈ ਤਬਦੀਲੀ ਨੇ ਬੀਤੇ ਮਹੀਨਿਆਂ ਦੌਰਾਨ ਕਈ ਰੰਗ ਵਿਖਾਏ ਹਨ। ਟਵਿੱਟਰ ਵਰਤਣ ਵਾਲੇ ਹੈਰਾਨ ਪਰੇਸ਼ਾਨ ਹਨ। ਹੁਣ ਤਾਜ਼ਾ ਖ਼ਬਰ ਆਈ ਹੈ ਕਿ ਟਵਿੱਟਰ ਬਲੂ ਲਈ 900 ਰੁਪਏ ਮਹੀਨਾ ਖਰਚਣੇ ਪੈਣਗੇ। ਸੋਸ਼ਲ ਮੀਡੀਆ ਮੰਚ ਵੱਲੋਂ ਵੈੱਬ ਲਈ ਟਵਿੱਟਰ ਬਲੂ ਦੀ ਕੀਮਤ 650 ਰੁਪਏ ਅਤੇ ਐਪ ਲਈ 900 ਰੁਪਏ ਨਿਸ਼ਚਿਤ ਕੀਤੀ ਗਈ ਹੈ। ਹਰੇਕ ਡਿਵਾਈਸ ਲਈ ਅਲੱਗ-ਅਲੱਗ ਰੇਟ ਰੱਖੇ ਗਏ ਹਨ। ਖ਼ਬਰ ਇਹ ਵੀ ਹੈ ਕਿ ਲੋਕਾਂ ਨੰ ਟਵੀਟ ਕਰਨ ਅਤੇ ਮੈਸਜ਼ ਭੇਜਣ ਵਿਚ ਮੁਸ਼ਕਲ ਆ ਰਹੀ ਹੈ। ਕੰਪਨੀਆਂ ਨੂੰ ਮੋਲਡ ਟਿਕ ਲਈ ਹਰੇਕ ਮਹੀਨੇ 1000 ਡਾਲਰ ਦੇਣੇ ਪੈਣਗੇ।

ਸਾਲ 2023 ਦੌਰਾਨ ਸੋਸ਼ਲ ਮੀਡੀਆ ਦੇ ਰੁਝਾਨ ਸੰਕੇਤ ਕਰਦੇ ਹਨ ਕਿ ਟਿਕ-ਟਾਕ ਦਾ ਆਕਾਰ 'ਤੇ ਪ੍ਰਭਾਵ ਵਧੇਗਾ। ਵੀਡੀਓ ਸਮੱਗਰੀ ਦਾ ਦਬਦਬਾ ਵਧੇਗਾ। ਇਕ ਅਧਿਐਨ ਅਨੁਸਾਰ ਦੁਨੀਆਂ ਦੀ ਕੁੱਲ ਵਸੋਂ ਵਿਚੋਂ 58.4 ਫੀਸਦੀ ਲੋਕ ਕਿਸੇ ਨਾ ਕਿਸੇ ਰੂਪ ਵਿਚ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਹਨ। ਵਰਤੋਂ ਦਾ ਔਸਤਨ ਸਮਾਂ ਇਕ ਦਿਨ ਵਿਚ 2 ਘੰਟੇ 27 ਮਿੰਟ ਬਣਦਾ ਹੈ। ਭਵਿੱਖ ਵਿਚ ਇਹ ਸਮਾਂ ਵਧਣ ਦੀਆਂ ਸੰਭਾਵਨਾਵਾਂ ਹਨ ਕਿਉਂਕਿ ਸੋਸ਼ਲ ਮੀਡੀਆ ਵਰਤਣ ਦੇ ਅਨੇਕਾਂ ਮੌਕੇ ਹਨ। ਪਰੰਤੂ ਇਸਦੇ ਨਾਲ ਹੀ ਸਿਹਤ, ਵਿਗਿਆਨ ਅਤੇ ਸੋਸ਼ਲ ਮੀਡੀਆ ਮਾਹਿਰ ਸਾਨੂੰ ਲਗਾਤਾਰ ਸੁਚੇਤ ਕਰਦੇ ਆ ਰਹੇ ਹਨ ਕਿ ਇਸਦੀ ਵਧੇਰੇ ਵਰਤੋਂ ਕਈ ਤਰ੍ਹਾਂ ਨਾਲ ਸਾਡੀ ਸਿਹਤ ਲਈ ਹਾਨੀਕਾਰਕ ਹੈ। ਇਹੀ ਨਹੀਂ, ਮਾਹਿਰ ਮੰਨਦੇ ਹਨ ਕਿ ਕਦੇ ਵੀ ਆਪਣੀ ਨਿੱਜੀ ਤੇ ਪਰਿਵਾਰਕ ਜਾਣਕਾਰੀ ਸੋਸ਼ਲ ਮੀਡੀਆ ਦੇ ਵੱਖ-ਵੱਖ ਮੰਚਾਂ 'ਤੇ ਨਹੀਂ ਪਾਉਣੀ ਚਾਹੀਦੀ। ਕਦੇ ਵੀ, ਕਿਤੇ ਵੀ, ਕੋਈ ਵੀ ਉਸਦੀ ਗ਼ਲਤ ਵਰਤੋਂ ਕਰ ਸਕਦਾ ਹੈ। ਇਹੀ ਸਥਿਤੀ ਤਸਵੀਰਾਂ ਅਤੇ ਵੀਡੀਓ ਦੀ ਹੈ।

ਅਸੀਂ ਇਹ ਵੀ ਨਹੀਂ ਜਾਣਦੇ ਕਿ 13 ਸਾਲ ਤੋਂ ਛੋਟੇ ਬੱਚਿਆਂ ਲਈ ਸੋਸ਼ਲ ਮੀਡੀਆ ਦੀ ਵਰਤੋਂ ਡਾਟਾ ਪ੍ਰੋਟੈਕਸ਼ਨ ਕਾਨੂੰਨ ਤਹਿਤ ਵਰਜਿਤ ਹੈ। ਤੇਰਾਂ ਸਾਲ ਅਤੇ ਇਸ ਤੋਂ ਵੱਡੀ ਉਮਰ ਦੇ ਬੱਚੇ ਹੀ ਮਾਪਿਆਂ ਦੀ ਆਗਿਆ ਬਗ਼ੈਰ ਇਸਦੀ ਵਰਤੋਂ ਕਰ ਸਕਦੇ ਹਨ।

ਜਿਵੇਂ-ਜਿਵੇਂ ਸੋਸ਼ਲ ਮੀਡੀਆ ਦੀ ਵਰਤੋਂ 'ਤੇ ਪ੍ਰਭਾਵ ਵਧ ਰਿਹਾ ਹੈ, ਤਿਵੇਂ-ਤਿਵੇਂ ਦੁਨੀਆਂ ਭਰ ਦੇ ਲੋਕ ਸੁਚੇਤ ਵੀ ਹੁੰਦੇ ਜਾ ਰਹੇ ਹਨ ਕਿਉਂਕਿ ਸਮੇਂ ਨਾਲ ਇਸਦੇ ਦੁਰ-ਪ੍ਰਭਾਵ ਸਾਹਮਣੇ ਆਉਣ ਲੱਗ ਗਏ ਹਨ। ਆਹਮੋ-ਸਾਹਮਣੇ ਗੱਲਬਾਤ ਦੇ ਮੌਕੇ ਘੱਟਣ ਨਾਲ ਭਾਵਾਨਾਵਾਂ ਦੇ ਪ੍ਰਗਟਾਵੇ ਦੇ ਮੌਕੇ ਵੀ ਸੁੰਗੜ ਰਹੇ ਹਨ। ਨਤੀਜੇ ਵਜੋਂ ਅਜੋਕਾ ਮਨੁੱਖ ਆਪਣੇ ਆਪ ਵਿਚ ਗੁੰਮ-ਸੁਮ ਰਹਿਣ ਲੱਗਾ ਹੈ। ਸੋਸ਼ਲ ਮੀਡੀਆ ਦੀ ਵਧੇਰੇ ਵਰਤੋਂ ਤੋਰਾ-ਫੇਰਾ ਘਟਾ ਕੇ ਸਾਨੂੰ ਆਲਸ ਵੱਲ ਧਕੇਲ ਰਹੀ ਹੈ।

ਸਾਨੂੰ ਭਲੇਖਾ ਹੈ ਕਿ ਸੋਸ਼ਲ ਮੀਡੀਆ ਮੰਚ ਜੋੜਨ ਦਾ ਕੰਮ ਕਰਦੇ ਹਨ। ਅਸਲ ਵਿਚ ਇਹ ਜੋੜਨ ਦਾ ਨਹੀਂ, ਤੋੜਨ ਦਾ ਅਤੇ ਵੰਡਣ ਦਾ ਕੰਮ ਕਰਦੇ ਹਨ। ਟਵਿੱਟਰ ਇਸਦੀ ਵਧੀਆ ਉਦਾਹਰਨ ਹੈ।

ਵੱਟਸ ਐਪ ਨੇ ਵੀ ਇਸਦੀ ਵਰਤੋਂ ਲਈ ਉਮਰ ਸੀਮਾ 16 ਸਾਲ ਰੱਖੀ ਹੈ ਪਰੰਤੂ ਆਪਾਂ ਸਾਰੇ ਜਾਣਦੇ ਹਾਂ ਕਿ ਇਸਦੀ ਕਿੰਨੀ ਕੁ ਪਾਲਣਾ ਹੋ ਰਹੀ ਹੈ।

ਇਕ ਪਾਸੇ ਸੋਸ਼ਲ ਮੀਡੀਆ ਤੇਜ਼ੀ ਨਾਲ ਬਦਲ ਰਿਹਾ ਹੈ। ਨਵੀਆਂ-ਨਵੀਆਂ ਸਹੂਲਤਾਂ ਮੁਹੱਈਆ ਕਰ ਰਿਹਾ ਹੈ। ਆਪਣੇ ਕਾਰੋਬਾਰ ਦਾ ਦਾਇਰਾ ਵਧਾ ਰਿਹਾ ਹੈ ਪਰੰਤੂ ਅਜੋਕੇ ਮਨੁੱਖ ਦੀ ਮਾਨਸਿਕ, ਸਰੀਰਕ ਸਿਹਤ ਨੂੰ ਕਿਵੇਂ ਅਤੇ ਕਿਸ ਕਦਰ ਪ੍ਰਭਾਵਤ ਤੇ ਪੀੜਤ ਕਰ ਰਿਹਾ ਹੈ, ਇਸ ਵੱਲ ਧਿਆਨ ਨਹੀਂ ਦੇ ਰਿਹਾ। ਮੰਨਿਆ ਕਿ ਇਸਦੇ ਅਨੇਕਾਂ ਮਹੱਤਵਪੂਰਨ ਫਾਇਦੇ ਹਨ ਪਰੰਤੂ ਅਨੇਕਾਂ ਅਨੇਕ ਨੁਕਸਾਨ ਵੀ ਹਨ, ਜਿਨ੍ਹਾਂ ਦੀ ਸ਼ਨਾਖਤ ਹੋ ਚੁੱਕੀ ਹੈ। ਹੁਣ ਉਨ੍ਹਾਂ 'ਤੇ ਧਿਆਨ ਕੇਂਦਰਿਤ ਕਰਨ ਦਾ ਸਮਾਂ ਹੈ।

# ਨਾ ਕੋਈ ਲਿਖੇ ਨਾ ਪੜ੍ਹੇ ਚਿੱਠੀਆਂ

-ਡਾ. ਪ੍ਰਿਤਪਾਲ ਸਿੰਘ ਮਹਿਰੋਕ
98885-10185
(Punjab Mail USA)



ਚਿੱਠੀ ਲੋਕ ਮਨ ਦੇ ਬਹੁਤ ਕਰੀਬ ਰਹੀ ਹੈ ਤੇ ਕਿਸੇ ਹੱਦ ਤੱਕ ਮਨੁੱਖ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਬਣੀ ਰਹੀ ਹੈ। ਚਿੱਠੀ ਸੰਚਾਰ ਦੇ ਬੜੇ ਵਧੀਆ, ਸਸਤੇ ਤੇਂ ਕਾਰਗਰ ਵਸੀਲੇ ਵਜੋਂ ਜਾਣੀ ਜਾਂਦੀ ਰਹੀ ਹੈ। ਚਿੱਠੀ ਭਾਵੇਂ ਕੋਈ ਆਪ ਲਿਖੇ ਜਾਂ ਕਿਸੇ ਕੋਲੋਂ ਲਿਖਵਾਏ, ਆਪ ਪੜ੍ਹੇ ਜਾਂ ਕਿਸੇ ਕੋਲੋਂ ਪੜ੍ਹਾਏ ਉਹ ਉਪਯੋਗੀ ਤੇਂ ਅਸਰਦਾਇਕ ਸੰਦੇਸ਼ਵਾਹਕ ਬਣਦੀ ਆਈ ਹੈ। ਪੁਰਾਣੇ ਸਮਿਆਂ ਵਿਚ ਮਨੁੱਖ ਕਾਵਾਂ ਤੇ ਕਬੂਤਰਾਂ ਦੁਆਰਾ ਚਿੱਠੀਆਂ ਤੇ ਸੁਨੇਹੇ ਭੇਜਦਾ ਰਿਹਾ ਹੈ। ਕਹਿੰਦੇ ਹਨ ਰਾਜੇ-ਮਹਾਰਾਜੇ ਆਪਣੇ ਕੋਲ ਹਜ਼ਾਰਾਂ ਕਬੂਤਰ ਰੱਖਦੇ ਸਨ, ਜਿਹੜੇ ਦੇਸ਼-ਵਿਦੇਸ਼ ਦੇ ਵੱਖ-ਵੱਖ ਕੋਨਿਆਂ ਤੱਕ ਚਿੱਠੀਆਂ ਲੈ ਕੇ ਜਾਂਦੇ ਸਨ। ਉਹ ਹਰਕਾਰਿਆਂ, ਕਾਸਦਾਂ, ਏਲਚੀਆਂ ਆਦਿ ਦੁਆਰਾ ਵੀ ਚਿੱਠੀਆਂ ਭੇਜਦੇ ਸਨ। ਘੋੜ-ਸਵਾਰ ਸੈਂਕੜੇ ਮੀਲ ਦੂਰ ਤੱਕ ਚਿੱਠੀਆਂ ਲੈ ਕੇ ਜਾਂਦੇ ਸਨ। ਜਿੰਨੀਆਂ ਚਿੱਠੀ ਲਿਖਣ ਦੀ ਕਲਾ ਵਿਚ ਮਾਹਿਰ ਲੋਕਾਂ ਕੋਲੋਂ ਲਿਖਵਾਈਆਂ ਜਾਂਦੀਆਂ ਸਨ। ਖ਼ਤ-ਨਵੀਸਾਂ ਜਾਂ ਮੁਨਸ਼ੀਆ ਕੋਲੋਂ ਚਿੱਠੀ ਲਿਖਵਾਉਣਾ ਸਮੇਂ ਦੀ ਲੋੜ ਮਜਬੂਰੀ ਹੁੰਦੀ ਸੀ। ਪੜ੍ਹਦੇ-ਸੁਣਦੇ ਆਏ ਹਾਂ ਕਿ ਪੁਰਾਣੇ ਸਮਿਆਂ ਵਿਚ ਸਾਦਗੀ ਲੋਕਾਂ ਦੇ ਜੀਵਨ ਦਾ ਗਹਿਣਾ ਹੁੰਦੀ ਸੀ। ਲੋਕ ਖੁੱਲ੍ਹੇ-ਡੁੱਲ੍ਹੇ ਸੁਭਾਅ ਵਾਲੇ ਹੁੰਦੇ ਸਨ। ਗੱਲਾਂ ਵਿਚ ਕੋਈ ਹੇਰ-ਫੇਰ ਨਹੀਂ ਸੀ ਹੁੰਦਾ। ਲੋਕ ਨਿਸੰਗ ਆਪਣੀ ਗੱਲ ਕਹਿ ਦਿੰਦੇ ਸਨ ਤੇ ਚਿੱਠੀ ਵਿਚ ਲਿਖਵਾ ਵੀ ਦਿੰਦੇ ਸਨ। ਕਿਸੇ ਪੜ੍ਹੇ-ਲਿਖੇ ਕੋਲੋਂ ਚਿੱਠੀ ਲਿਖਵਾਉਣ ਵਾਲੇ ਲੋਕ ਦਿਲ ਦੀਆਂ ਸਭ ਗੱਲਾਂ ਕਹਿ ਸੁਣਾਉਂਦੇ ਸਨ ਤੇ ਕਹਿਣ ਵਾਲੀਆਂ ਗੱਲਾਂ ਚਿੱਠੀ ਵਿਚ ਲਿਖਵਾਉਣਾ ਖੁੱਲ੍ਹਦਿਲੀ ਦਾ ਸੰਕੇਤ ਸਮਝਿਆ ਜਾਂਦਾ ਸੀ। ਪਰਦਾ ਆਪਣੀ ਥਾਂ ਹੈ, ਸਪਸ਼ਟ ਗੱਲ ਤੇ ਸਾਫਗੋਈ ਆਪਣੀ ਥਾਂ। ਹੁਣ ਮਨੁੱਖ ਫੋਨ 'ਤੇ ਗੱਲ ਕਰਦਿਆਂ ਵੀ ਛੁਪ-ਛੁਪਾ ਕੇ ਗੱਲ ਕਰਦਾ ਹੈ, ਪਰਦੇ ਵਿਚ ਗੱਲ ਕਰਦਾ ਹੈ। ਗੱਲ ਕਰਦਿਆਂ-ਕਰਦਿਆਂ ਇਕੱਲ/ਉਹਲੇ ਵਿਚ ਚਲੇ ਜਾਣਾ ਪਸੰਦ ਕਰਦਾ ਹੈ। ਖੈਰ! ਇਹ ਸਾਰਾ ਕੁਝ ਸਮੇਂ ਨਾਲ ਬਦਲਣ ਵਾਲੇ ਮਨੁੱਖੀ ਸੁਭਾਅ ਤੇ ਵਿਵਹਾਰ ਦਾ ਹਿੱਸਾ ਹੁੰਦਾ ਹੈ। ਅਸੀਂ ਮੁੜ ਚਿੱਠੀ ਵੱਲ ਹੀ ਪਰਤਦੇ ਹਾਂ।

ਪ੍ਰਭਾਵਸ਼ਾਲੀ ਸ਼ਬਦਾਂ ਤੇ ਸ਼ੈਲੀ ਵਿਚ ਲਿਖੀਆਂ ਚਿੱਠੀਆਂ ਨੂੰ ਪਿਆਰਿਆ-ਸਤਿਕਾਰਿਆ ਜਾਂਦਾ ਰਿਹਾ ਹੈ। ਚਿੱਠੀ ਲਿਖਣ ਭੇਜਣ ਦੇ ਢੰਗ-ਤਰੀਕੇ ਸਮੇਂ ਦੀਆਂ ਲੋੜਾਂ, ਹਾਲਤਾਂ ਤੇ ਉਪਲਬਧ ਸਹੂਲਤਾਂ ਅਨੁਸਾਰ ਬਦਲਦੇ ਰਹੇ ਹਨ। ਜਿਥੇ ਡਾਕੀਆ ਆਉਂਦਾ ਰਹੇ, ਉਸ ਘਰ ਨੂੰ ਭਾਗਾਂ ਵਾਲਾ ਸਮਝਿਆ ਜਾਂਦਾ ਸੀ। ਸਾਫ਼-ਸੁਥਰੀ, ਖੁਸ਼ਖਤ ਤੇ ਖੂਬਸੂਰਤੀ ਨਾਲ ਬਣਾ-ਸੰਵਾਰ ਕੇ ਲਿਖੀ ਚਿੱਠੀ, ਚਿੱਠੀ ਲਿਖਣ ਵਾਲੇ ਦਾ ਪੜ੍ਹਨ ਵਾਲੇ ਉਪਰ ਚੰਗਾ ਤੇ ਚਿਰ-ਸਥਾਈ ਪ੍ਰਭਾਵ ਪਾਉਂਦੀ ਰਹੀ ਹੈ। ਖੁਸ਼ੀ ਦੇ ਸੁਨੇਹੇ ਪਹੁੰਚਾਉਣ ਵਾਲੀਆਂ ਸਲੀਕੇ ਨਾਲ ਲਿਖੀਆਂ ਚਿੱਠੀਆਂ ਨੀਰਸ ਜੀਵਨ ਵਿਚ ਰਸ ਘੋਲ ਦੇਣ ਦੀ ਯੋਗਤਾ ਰੱਖਦੀਆਂ ਹਨ। ਚਿੱਠੀ ਲਿਖਣ ਦੀ ਕਲਾ ਵਿਚ ਮੁਹਾਰਤ ਪ੍ਰਾਪਤ ਵਿਅਕਤੀ ਆਪਣੀ ਕਲਾ ਦੇ ਜਾਦੂ ਨਾਲ ਦੂਜਿਆਂ ਦਾ ਦਿਲ ਮੋਹ ਲੈਂਦਾ ਰਿਹਾ ਹੈ। ਕਈ ਵਿਸ਼ਵ ਪ੍ਰਸਿੱਧ ਪੁਸਤਕਾਂ ਚਿੱਠੀਆਂ ਦੇ ਆਧਾਰ ਉਪਰ ਲਿਖੀਆਂ ਗਈਆਂ ਹਨ।



ਕਈ ਲੋਕ ਕਹਾਣੀਆਂ ਤੇ ਸਾਹਿਤਕ ਰਚਨਾਵਾਂ ਵਿਚ ਚਿੱਠੀਆਂ ਦੇ ਮਾਧਿਅਮ ਰਾਹੀਂ ਕਾਰਜ/ਕਥਾਨਕ ਦੀ ਉਸਾਰੀ ਕੀਤੀ ਜਾਂਦੀ ਰਹੀ ਹੈ, ਜਿਸਨੂੰ ਪਾਠਕ ਬੇਹੱਦ ਪਸੰਦ ਕਰਦੇ ਆ ਹਨ। ਇਸ ਪੱਖੋਂ ਵੀ ਚਿੱਠੀ ਦੇ ਮਹੱਤਵ ਨੂੰ ਪਛਣਾਇਆ ਜਾ ਸਕਦਾ ਹੈ।

ਪੰਜਾਬੀ ਲੋਕ ਗੀਤਾਂ ਵਿਚ ਚਿੱਠੀਆਂ ਤੇ ਸੁਨੇਹਿਆਂ ਦਾ ਜ਼ਿਕਰ ਬੜੀ ਸ਼ਿੱਦਤ ਨਾਲ ਕੀਤਾ ਗਿਆ ਮਿਲਦਾ ਹੈ:-

* ਉੱਡਦਾ ਵੀ ਜਾਵੀਂ ਕਾਵਾਂ, ਬਹਿੰਦੜਾ ਜਾਵੀਂ ਦੇ
ਬਹਿੰਦੜਾ ਵੀ ਜਾਵੀਂ ਮੇਰੇ ਪੇਕੜੇ
ਪਹਿਲਾ ਸੁਨੇਹਾ ਮੇਰੇ ਮਾਪਿਆਂ ਨੂੰ ਦੇਵੀਂ
ਦੂਜਾ ਭੈਣ-ਭਰਾਵਾਂ
ਤੀਜਾ ਸੁਨੇਹਾ ਮੇਰੇ ਪਿੱਪਲਾਂ ਨੂੰ ਦੇਵੀਂ
ਜਿਥੇ ਮੈਂ ਪੀਘਾਂ ਪਾਵਾਂ.....

* ਤੇਰਾ ਸ਼ਾਮ ਚਿੱਠੀਆਂ ਨਾ ਪਾਵੇ
ਡਾਕੀਏ ਨੂੰ ਦੋਸ਼ ਦੇਨੀਂ ਏਂ...

* ਕੀਹਦੇ ਹੱਥ ਭੇਜਾਂ ਸੁਨੇਹੜੇ
ਕੀਹਦੇ ਹੱਥ ਦੱਸਾਂ ਹਾਲ
ਕਾਵਾਂ ਹੱਥ ਭੇਜਾਂ ਸੁਨੇਹੜੇ
ਕਬੂਤਰਾਂ ਨੂੰ ਦੱਸਾ ਹਾਲ...

ਹੁਣ ਬੇਸ਼ੱਕ ਪੰਛੀਆਂ ਦਾ ਇਸ ਪੱਖ ਤੋਂ ਮਹੱਤਵ ਨਹੀਂ ਰਿਹਾ ਪਰ ਇਨ੍ਹਾਂ ਨਾਲ ਮਨੁੱਖ ਦਾ ਰਿਸ਼ਤਾ ਅਟੁੱਟ ਹੈ। ਫਿਰ ਇਹ ਥਾਂ ਡਾਕੀਆ ਲੈ ਲੈਂਦਾ ਹੈ। ਚਿੱਠੀ ਦੀ ਉਡੀਕ ਕਰਨ ਵਾਲੇ ਲੋਕ ਡਾਕੀਏ ਨੂੰ ਬਹੁਤ ਮਹੱਤਵ ਦਿੰਦੇ ਆਏ ਹਨ:

ਅੱਡੀ ਤਾਂ ਮੇਰੀ ਕੌਲ ਕੱਚ ਦੀ, 'ਗੂਠੇ 'ਤੇ ਸਿਰਨਾਵਾਂ
ਲਿਖ-ਲਿਖ ਚਿੱਠੀਆਂ ਡਾਕੇ ਪਾਵਾਂ, ਧੁਰ ਦੇ ਪਤੇ ਮੰਗਾਵਾਂ
ਨੌਕਰ ਹੋ ਮੁੰਡਿਆ, ਨੌਕਰ ਦੀ ਅਖਵਾਵਾਂ
ਨੌਕਰ ਹੋ ਮੁੰਡਿਆ...

ਚਿੱਠੀ ਲਿਖ ਕੇ ਡਾਕੇ ਪਾਉਣ ਵਾਲੇ ਨੂੰ ਚਿੱਠੀ ਦਾ ਜੁਆਬ ਆਉਣ ਦੀ ਉਡੀਕ ਰਹਿਣੀ ਵੀ ਸੁਭਾਵਿਕ ਹੁੰਦੀ ਹੈ। ਚਿੱਠੀਆਂ ਰਾਹੀਂ ਪਰਦੇਸ ਗਏ ਮਾਹੀ ਦੇ ਵਿਛੋੜੇ ਦੀ ਬਿਹਬਲਤਾ ਨੂੰ ਪੰਜਾਬੀ ਲੋਕ ਗੀਤਾਂ ਰਾਹੀਂ ਬਾਖੂਬੀ ਪ੍ਰਗਟਾਇਆ ਗਿਆ ਹੈ:

* ਝਾਵਾਂ ਝਾਵਾਂ ਝਾਵਾਂ, ਮਾਹੀ ਪਰਦੇਸ ਗਿਆ
ਕਿਹੜੇ ਦਰਦੀ ਨੂੰ ਹਾਲ ਸੁਝਾਵਾਂ
ਪਤਾ ਨਾ ਟਿਕਾਣਾ ਦੱਸਿਆ
ਵੇ ਮੈਂ ਚਿੱਠੀਆਂ ਕਿੱਧਰ ਨੂੰ ਪਾਵਾਂ
ਛੇਤੀ ਆ ਜਾ ਵੇ ਘਰੇ ਕਟਾ ਕੇ ਨਾਵਾਂ...

* ਤੰਦੂਰੀ ਤਾਈ ਹੋਈ ਆ
ਖਸਮਾਂ ਨੂੰ ਖਾਣ ਰੋਟੀਆਂ
ਚਿੱਠੀ ਮਾਹੀਏ ਦੀ ਆਈ ਹੋਈ ਆ....

* ਕੋਠੇ 'ਤੇ ਕਾਂ ਬੋਲੇ
ਚਿੱਠੀ ਆਈ ਮਾਹੀਏ ਦੀ
ਵਿਚ ਮੇਰਾ ਵੀ ਨਾ ਬੋਲੇ...

ਕਈ ਚਿੱਠੀਆਂ ਏਨੀਆਂ ਪਿਆਰੀਆਂ ਹੁੰਦੀਆਂ ਹਨ ਕਿ ਉਨ੍ਹਾਂ ਨੂੰ ਡਾਇਰੀਆਂ ਵਿਚ ਰੱਖ ਕੇ ਸਾਂਭ ਲਿਆ ਜਾਂਦਾ ਹੈ। ਉਨ੍ਹਾਂ ਨੂੰ ਮੁੜ-ਮੁੜ ਪੜ੍ਹਨ ਨੂੰ ਮਨ ਕਰਦਾ ਹੈ ਤੇ ਪੜ੍ਹ ਕੇ ਮਨ ਖਿੜ ਉੱਠਦਾ ਹੈ। ਪੁਰਾਣੀਆਂ ਤੇ ਪਿਆਰੀਆਂ ਚਿੱਠੀਆਂ ਨੂੰ ਰੇਸ਼ਮੀ ਰੁਮਾਲ ਵਿਚ ਬੰਨ੍ਹ ਕੇ ਸੰਦੂਕ ਵਿਚ ਸਾਂਭ ਕੇ ਰੱਖ ਛੱਡਣ ਦੀਆਂ ਗੱਲਾਂ ਵੀ ਪੜ੍ਹਨ-ਸੁਣਨ ਨੂੰ ਮਿਲਦੀਆਂ ਰਹੀਆਂ ਹਨ।

ਚਿੱਠੀ ਨੂੰ ਅੱਧੀ ਮੁਲਾਕਾਤ ਕਹਿ ਲਿਆ ਜਾਂਦਾ ਰਿਹਾ ਹੈ। ਚਿੱਠੀ ਖੂਬਸੂਰਤ ਕੜੀ ਦਾ ਕੰਮ ਵੀ ਕਰਦੀ ਹੈ, ਵਿਛੋੜੇ ਕਾਰਨ ਪੈਦਾ ਹੋਏ ਖਲਾਅ ਨੂੰ ਭਰਦੀ ਹੈ, ਤਪਦੀਆਂ ਰੂਹਾਂ ਨੂੰ ਸ਼ਾਂਤ ਕਰਦੀ ਹੈ। ਚਿੱਠੀ ਸਰਲ ਤੇ ਸੁਭਾਵਿਕ ਹੋਈ ਚਾਹੀਦੀ ਹੈ। ਜਿਸ ਕਿਸੇ ਨੂੰ ਚਿੱਠੀ ਲਿਖੀ ਜਾ ਰਹੀ ਹੈ, ਉਸ ਕੋਲ ਚਿੱਠੀ ਲਿਖਣ ਵਾਲੇ ਸ਼ਖ਼ਸ ਦੇ ਉਹੀ ਵਲਵਲੇ ਪਹੁੰਚਏ ਚਾਹੀਦੇ ਹਨ, ਜੋ ਉਸਨੇ ਉਸਦੇ ਕੋਲ ਬੈਠਿਆਂ ਹੋਣ 'ਤੇ, ਉਸ ਅੱਗੇ ਗੱਲਬਾਤ ਰਾਹੀਂ ਵਿਅਕਤ ਕਰਨ ਹੁੰਦੇ ਹਨ। ਚਿੱਠੀ ਲਿਖਣ ਸਮੇਂ ਇਹ ਫ਼ਰਜ਼ ਕਰ ਲਿਆ ਜਾਂਦਾ ਹੈ ਕਿ ਜਿਸਨੂੰ ਚਿੱਠੀ ਲਿਖੀ ਜਾ ਰਹੀ ਹੈ, ਉਹ ਕੋਲ ਹੀ ਬੈਠਾ ਜਿਵੇਂ ਗੱਲਾਂ ਸੁਣ/ਕਰ ਰਿਹਾ ਹੋਵੇ। ਚਿੱਠੀ ਦਾ ਭਾਵ ਕੇਵਲ ਸੰਦੇਸ਼ ਪਹੁੰਚਾਉਣਾ ਹੀ ਨਹੀਂ ਹੁੰਦਾ, ਸਗੋਂ ਚਿੱਠੀ ਰਾਹੀਂ ਦੋਸਤੀ ਜਾਂ ਰਿਸ਼ਤੇਦਾਰੀ ਵਿਸ਼ੇਸ਼ ਦੇ ਨਿੱਘ ਤੇ ਆਪਣੇਪਨ ਦਾ ਅਹਿਸਾਸ ਕਰਵਾਉਣਾ ਵੀ ਹੁੰਦਾ ਹੈ।

ਕਈ ਚਿੱਠੀਆਂ ਸੁਪਨਿਆ ਸੰਗ ਪਰਣਾਈਆਂ ਹੁੰਦੀਆਂ ਹਨ। ਕਈ ਚਿੱਠੀਆਂ ਵਾਅਦੇ ਨਿਭਾਉਂਦੀਆਂ ਹਨ। ਕਈ ਚਿੱਠੀਆਂ ਵਿਸ਼ਵਾਸ ਨੂੰ ਠੇਸ ਵੀ ਪਹੁੰਚਾਉਂਦੀਆਂ ਹਨ। ਕਈ ਚਿੱਠੀਆਂ ਬਲਦੀ 'ਤੇ ਤੇਲ ਪਾਉਣ ਦਾ ਕੰਮ ਵੀ ਕਰਦੀਆਂ ਹਨ। ਕਈ ਚਿੱਠੀਆਂ ਏਨੀਆਂ ਚੁੰਭਵੀਆਂ ਹੁੰਦੀਆਂ ਹਨ ਕਿ ਤੋੜ-ਵਿਛੋੜੇ ਦਾ ਕਾਰਨ ਵੀ ਬਣ ਜਾਂਦੀਆਂ ਹਨ। ਕਈ ਚਿੱਠੀਆਂ ਸਾਉਣ ਦੀ ਫੁਹਾਰ ਬਣ ਕੇ ਬਹੁੜਦੀਆਂ ਹਨ ਤੇ ਉਹ ਰੁੱਸਿਆ ਦੇ ਮੁੜ-ਮਿਲਣ ਦਾ ਸਬੱਬ ਵੀ ਬਣ ਜਾਂਦੀਆਂ ਹਨ। ਕਈ ਚਿੱਠੀਆਂ ਜੀਊਣ ਦੀ ਆਸ ਬਣ ਕੇ ਬੂਹੇ 'ਤੇ ਦਸਤਕ ਦਿੰਦੀਆਂ ਹਨ। ਕਈ ਚਿੱਠੀਆਂ ਆਪਾ ਸਮਰਪਿਤ ਕਰ ਦੇਣ ਵਰਗੀਆਂ ਹੁੰਦੀਆਂ ਹਨ। ਕਈ ਚਿੱਠੀਆਂ ਗਵਾਚ ਗਈ ਜ਼ਿੰਦਗੀ ਦੀ ਭਾਲ ਕਰਨ ਵਿਚ ਵੀ ਸਹਾਈ ਹੁੰਦੀਆਂ ਹਨ। ਕਈ ਚਿੱਠੀਆਂ ਮੁੱਕ ਰਹੇ ਜੀਵਨ ਵਿਚ ਆਸ ਦੀ ਕਿਰਨ ਬਣ ਕੇ ਪ੍ਰਗਟ ਹੁੰਦੀਆਂ ਹਨ:

ਉੱਠ ਪਈ ਨੀ ਮੇਰੇ ਦਰਦ ਕਾਲਜ
ਪਾ ਦਿਓ ਨੀ ਮੇਰੇ ਮਾਹੀ ਜੀ ਨੂੰ ਚਿੱਠੀ
ਜਾ ਪਹੁੰਚੀ ਚਿੱਠੀ ਵਿਚ ਨੀ ਕਚਹਿਰੀ
ਪੜ੍ਹ ਲਈ ਨੀ ਉਸ ਦਿਲ ਉੱਤੇ ਧਰ ਕੇ
ਟੁਰ ਪਿਆ ਨੀਂ ਮਾਹੀਆ ਸਿਖਰ ਦੁਪਹਿਰੀਂ
ਔਂਦੇ ਨੇ ਮੇਰੀ ਨਬਜ਼ ਪਕੜ ਲਈ
ਦੱਸ ਗੋਰੀਏ ਤੂੰ ਹਾਲ ਦਿਲਾਂ ਦੇ
ਟੁੱਟ ਗਏ ਵੇ ਮਾਹੀਆ ਰੋਗ ਦਿਲਾਂ ਦੇ...

ਚਿੱਠੀ ਵਿਚਲੇ ਅੱਖਰ ਬੇਸ਼ੱਕ ਗਿਣਵੇਂ-ਮਿਣਵੇਂ ਹੁੰਦੇ ਹਨ ਪਰ ਉਹ ਬਹੁਤ ਕੁਝ ਕਹਿ ਜਾਂਦੇ ਹਨ। ਇਕ ਵਿਯੋਗਣ ਚਿੱਠੀ ਕੋਲੋਂ ਕਈ-ਕਈ ਗੱਲਾਂ ਪੁੱਛਦੀ ਹੈ। ਉਸਦੇ ਢੋਲ ਮਾਹੀ ਦੀ ਚਿੱਠੀ ਆਉਂਦੀ ਹੈ। ਉਸਨੂੰ ਗਿਲ੍ਹਾ ਹੈ ਕਿ ਚਿੱਠੀ ਮੂੰਹੋਂ ਕੁਝ ਬੋਲਦੀ ਕਿਉਂ ਨਹੀਂ:

ਕਾਲੇ ਕਾਲੇ ਬਾਗਾਂ ਵਿਚ ਕੋਇਲ ਬੋਲਦੀ
ਚਿੱਠੀ ਤਾਂ ਆ ਗਈ ਸਈਓ ਬਾਂਕੇ ਢੋਲ ਦੀ
ਬੈਠ ਚੁਬਾਰੇ ਨੀ ਮੈਂ ਚਿੱਠੀ ਨੂੰ ਖੋਲ੍ਹਦੀ
ਹੱਥਾਂ ਨਾਲ ਖੋਲ੍ਹਦੀ ਤੇ ਨੈਣਾਂ ਨਾਲ ਫੋਲਦੀ
ਹਾਇ! ਦੁੱਖ ਡਾਹਢਾ, ਚਿੱਠੀ ਮੂੰਹੋਂ ਨਾ ਬੋਲਦੀ...

ਕੋਈ ਆਪਣੇ ਜਿਗਰ ਦੇ ਟੁਕੜੇ ਨੂੰ ਕੈਨਵਸ ਬਣਾ ਕੇ, ਉਂਗਲੀਆਂ ਕੋਲੋਂ ਕਲਮ ਦਾ ਕੰਮ ਲੈ ਕੇ, ਅੱਖੀਆਂ 'ਚੋਂ ਵਹਿ ਰਹੇ ਨੀਰ ਦੀ ਸਿਆਹੀ ਬਣਾ ਕੇ, ਮਨ ਵਿਚਲੇ ਦਰਦ ਵਿਚ ਭਿਉਂ ਕੇ ਚਿੱਠੀ ਲਿਖਣ ਬੈਠ ਜਾਂਦੀ ਹੈ:

* ਚਿੱਟਾ ਕਾਗਜ਼ ਕਾਲੀ ਸਿਆਹੀ
ਚਿੱਠੀਆਂ ਲਿਖ ਲਿਖ ਪਾਵਾਂ
ਇਸ਼ਕ ਤੰਦੂਰ ਹੱਡਾਂ ਦਾ ਬਾਲਣ
ਦੋਜ਼ਖ ਨਾਲ ਤਪਾਵਾਂ
ਕੱਢ ਕਲੇਜਾ ਕਰ ਲਾਂ ਪੇੜੇ
ਹੁਸਨ ਪਲੇਥਣ ਲਾਵਾਂ
ਮੁੜ ਪਓ ਸਿਪਾਹੀਆ ਵੇ
ਰੋਜ਼ ਔਸੀਆਂ ਪਾਵਾਂ....

* ਕਦੇ ਆਉਣ ਦੀ ਚਿੱਠੀ ਨਾ ਪਾਈ
ਕਾਗਤਾਂ ਨਾ' ਘਰ ਭਰ 'ਤਾ...

* ਚਿੱਠੀ ਕਿਹੜੇ ਹੌਸਲੇ ਪਾਵਾਂ
ਦੇਵੇ ਨਾ ਜੁਆਬ ਸੋਹਣੀਏ...

ਪ੍ਰੇਮੀਆਂ ਦੇ ਦਿਲਾਂ ਦੀਆਂ ਡੂੰਘੀਆਂ ਤਹਿਆਂ ਵਿਚੋਂ ਉਭਰੇ ਪਿਆਰ ਵਲਵਲਿਆਂ ਤੇ ਜ਼ਿੰਦਗੀ ਦੇ ਭੇਤਾਂ ਨੂੰ ਚਿੱਠੀ ਆਪਣੇ ਅੰਦਰ ਛੁਪਾ ਕੇ ਰੱਖਦੀ ਹੈ। ਚਿੱਠੀ ਵਿਚੋਂ ਉਨ੍ਹਾਂ ਨੂੰ ਇਕ-ਦੂਜੇ ਦੀ ਤਸਵੀਰ ਨਜ਼ਰ ਆਉਂਦੀ ਹੈ। ਚਿੱਠੀ ਪੜ੍ਹ ਕੇ ਉਹ ਦਿਲਾਂ ਦੀਆਂ ਬੁੱਝ ਲੈਂਦੇ ਹਨ।

ਡਾਕਖਾਨੇ ਦੂਰ-ਦੁਰੇਡੇ ਹੋਣ ਕਾਰਨ, ਪੈਸੇ-ਧੇਲੇ ਪੱਖੋਂ ਹੱਥ ਤੰਗ ਹੋਣ ਕਾਰਨ ਜਾਂ ਕਈ ਵਾਰ ਕਿਸੇ ਹੋਰ ਮਜਬੂਰੀ ਵਸ ਸਾਧਾਰਨ ਕਾਗਜ਼ ਦੇ ਟੁਕੜੇ ਉਪਰ ਚਿੱਠੀ ਲਿਖ ਕੇ ਬਿਨਾਂ ਡਾਕ ਟਿਕਟ ਲਗਾਉਣ ਤੋਂ ਹੀ ਡਾਕੇ ਪਾ ਦਿੱਤੀ ਜਾਂਦੀ ਸੀ, ਜਿਸਨੂੰ ਬੇਰੰਗ ਚਿੱਠੀ ਕਿਹਾ ਜਾਂਦਾ ਸੀ। ਉਹ ਟਿਕਾਣੇ 'ਤੇ ਪਹੁੰਚ ਜਾਂਦੀ ਸੀ ਪਰ ਪ੍ਰਾਪਤ ਕਰਤਾ ਨੂੰ ਉਸ ਉਪਰ ਲੱਗਣ ਵਾਲੀ ਲੋੜੀਂਦੀ ਡਾਕ ਟਿਕਟ ਦੀ ਕੀਮਤ ਨਾਲੋਂ ਦੁੱਗਣੇ ਪੈਸੇ ਅਦਾ ਕਰਕੇ ਉਹ ਬੇਰੰਗ ਚਿੱਠੀ ਛੁਡਵਾਉਣੀ ਪੈਂਦੀ ਸੀ:

ਪਿੱਪਲਾ ਵੇ ਮੇਰੇ ਪੇਕੇ ਪਿੰਡ ਦਿਆ
ਤੇਰੀਆਂ ਠੰਢੀਆਂ ਛਾਵਾਂ
ਢਾਬ ਤੇਰੀ ਦਾ ਗੰਧਲਾ ਪਾਣੀ
ਉੱਤੇ ਬੂਰ ਹਟਾਵਾਂ
ਸਭੇ ਸਹੇਲੀਆਂ ਸਹੁਰੇ ਗਈਆਂ
ਕਿਸ ਨੂੰ ਹਾਲ ਸੁਣਾਵਾਂ
ਚਿੱਠੀਆਂ ਬੇਰੰਗ ਭੇਜਦਾ
ਕਿਹੜੀ ਛਾਉਣੀ 'ਚ ਲੁਆ ਨਾਵਾਂ
ਚਿੱਠੀਆਂ ਬੇਰੰਗ ਭੇਜਦਾ...

ਸੂਚਨਾ ਤਕਨਾਲੋਜੀ ਦੇ ਇਸ ਯੁੱਗ ਵਿਚ ਬਿਜਲਈ ਸੰਚਾਰ ਮਾਧਿਅਮਾਂ ਦਾ ਏਨਾ ਵਿਕਾਸ ਤੇ ਵਿਸਥਾਰ ਹੋਇਆ ਹੈ ਕਿ ਚਿੱਠੀਆਂ ਲਿਖਣ ਦੇ ਸਮੇਂ ਵੇਲਾ ਵਿਹਾ ਚੁੱਕੇ ਹਨ। ਇੰਟਰਨੈੱਟ ਪ੍ਰਣਾਲੀ ਨੇ ਚਿੱਠੀਆਂ ਦੀ ਲੋੜ ਘਟਾ ਹੀ ਨਹੀਂ ਦਿੱਤੀ, ਲਗ-ਪਗ ਖਤਮ ਹੀ ਕਰ ਦਿੱਤੀ ਹੈ। ਵਿਸ਼ਵੀਕਰਨ ਦੇ ਦੌਰ ਵਿਚ ਪੂਰੀ ਦੁਨੀਆਂ ਦੇ ਵਿਸ਼ਵ-ਪਿੰਡ ਬਣ ਜਾਣ ਨਾਲ ਰਵਾਇਤੀ ਚਿੱਠੀ ਦਾ ਸਮਾਂ ਬਹੁਤ ਪਿੱਛੇ ਰਹਿ ਗਿਆ ਹੈ। ਫਿਰ ਵੀ ਹੱਥੀਂ ਚਿੱਠੀ ਲਿਖਣ, ਉਸ ਨੂੰ ਡਾਕੇ ਪਾਉਣ, ਚਿੱਠੀ ਮਿਲਣ ਦੀ ਉਤਸੁਕਤਾ, ਚਿੱਠੀ ਨੂੰ ਪੜ੍ਹਨ, ਚਿੱਠੀ ਦੀ ਉਡੀਕ ਕਰਨ ਆਦਿ ਦੇ ਅਨੁਭਵ ਤੇ ਉਸਦੇ ਮਹੱਤਵ ਨੂੰ ਹੁਣ ਵੀ ਯਾਦ ਕੀਤਾ ਜਾਂਦਾ ਹੈ।

# 45 ਮਿੰਟਾਂ ਦੀ ਉਹ ਕਾਲ

ਅਮਰਬੀਰ ਸਿੰਘ ਚੀਮਾ
ਸਰਹਿੰਦ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 9888940211
(Punjab Mail USA)



ਕਿਸੇ ਖਾਸ ਜਾਣਕਾਰ ਦਾ ਕਿਸੇ ਕਾਰਨ ਇਸ਼ਕ ਪਰਵਾਨ ਨਾ ਚੜ੍ਹ ਸਕਿਆ। ਸਮਾਂ ਆਉਣ 'ਤੇ ਦੋਹਾਂ ਨੇ ਆਪੋ-ਆਪਣੇ ਘਰ ਬਸਾ ਲਏ। ਜ਼ਿੰਦਗੀ ਦੀ ਭੱਜ-ਦੌੜ 'ਚ ਹੋਲੀ-ਹੌਲੀ ਉਹ ਇਸ਼ਕ ਮਨੋ ਵਿਸਰ ਗਿਆ ਜਾਂ ਦਿਲ ਦੇ ਕਿਸੇ ਕੋਨੇ 'ਚ ਦੱਬ ਕੇ ਰਹਿ ਗਿਆ। ਕਰੀਬ ਦੋ-ਢਾਈ ਦਹਾਕਿਆਂ ਬਾਅਦ ਇਸੇ ਗੋਲ ਜਿਹੀ ਧਰਤੀ ਦੇ ਇੱਕ ਹਿੱਸੇ 'ਤੇ ਅਚਾਨਕ ਦੋਹਾਂ ਦਾ ਸਾਹਮਣਾ ਹੋ ਜਾਂਦੈ, ਸੁੱਤੀਆਂ ਉਮੰਗਾਂ ਮੰਨੋ ਪੈਲਾਂ ਪਾਉਣ ਲੱਗਦੀਆਂ ਹਨ। ਦਰਅਸਲ ਉਨ੍ਹਾਂ ਦੋਵਾਂ ਨੂੰ ਬਾਅਦ 'ਚ ਕਿਤੇ ਨੌਕਰੀ ਮਿਲ ਗਈ ਸੀ ਅਤੇ ਵੋਟਾਂ ਦੇ ਚੱਲਦਿਆਂ ਕੁਦਰਤੀ ਨੇੜਲੇ ਜ਼ਿਲ੍ਹੇ ਦੇ ਇੱਕੋ ਪਿੰਡ 'ਚ ਦੋਵਾਂ ਦੀ ਡਿਊਟੀ ਲੱਗੀ ਸੀ। ਸਾਰਾ ਦਿਨ ਡਿਊਟੀ ਕਰਨ ਉਪਰੰਤ ਦੋਵਾਂ ਨੇ ਆਪਣੇ ਨਵੇਂ ਮੋਬਾਇਲ ਨੰਬਰ ਆਪਸ 'ਚ ਸਾਂਝੇ ਕਰ ਲਏ। ਫੇਰ ਗਾਹੇ ਬਗਾਹੇ ਫੋਨ 'ਤੇ ਗੱਲਾਂ ਹੋਣ ਲੱਗੀਆਂ। ਆਪਣੀ ਜ਼ਿੰਦਗੀ ਤੋਂ ਸੰਤੁਸਟ ਹੋਣ ਦੇ ਬਾਵਜੂਦ ਉਨ੍ਹਾਂ ਫੋਨ 'ਤੇ ਰਾਬਤਾ ਬਣਾਈ ਰੱਖਿਆ ਤੇ ਕਿਤੇ-ਕਿਤੇ ਪਿਆਰ ਦੇ ਆਗੋਸ਼ 'ਚ ਫੋਨ 'ਤੇ ਉਹ ਗੱਲਾਂ ਵੀ ਕਰ ਲਈਆਂ, ਜੋ ਇਸ ਸਮਾਜ 'ਚ ਵਿਅਹਿਆਂ ਲਈ ਵਰਜਿਤ ਹਨ।

ਉਸ ਨੇ ਫੋਨ 'ਤੇ ਆਪਣੀ ਪੁਰਾਣੀ ਸਹੇਲੀ ਨਾਲ ਹੋਈਆਂ 3-4 ਕਾਲਾਂ ਦੀ ਰਿਕਾਰਡਿੰਗ ਕਰਕੇ ਆਪਣੇ ਫੋਨ 'ਚ ਰੱਖ ਲਈ। ਉਸਦੀ ਪਤਨੀ ਨੇ ਕਿਸੇ ਤਰੀਕੇ ਨਾਲ ਉਹ ਕਾਲ ਰਿਕਾਰਡਿੰਗਾਂ ਸੁਣਨ ਉਪਰੰਤ ਆਪਣੇ ਫੋਨ 'ਚ ਭੇਜ ਦਿੱਤੀਆਂ। ਸ਼ਾਮ ਨੂੰ ਕੰਮ ਤੋਂ ਵਾਪਸ ਘਰ ਆਉਣ 'ਤੇ ਉਸਦੀ ਪਤਨੀ ਉਸਨੂੰ ਰੋਜ਼ਾਨਾ ਪੁੱਛਦੀ ਕਿ ਤੁਹਾਡੇ ਨਾਲ ਇੱਕ ਦਿਨ ਕਾਰ 'ਚ ਕੌਣ ਬੈਠੀ ਸੀ। ਅੱਗੋਂ ਉਹ ਵੀ ਆਪਣੇ ਆਪ 'ਚ ਪੂਰਾ ਚੁਸਤ, ਪੈਰੀਂ ਪਾਣੀ ਨਾ ਪੈਣ ਦੇਵੇ। ਉਹ ਕਈ ਦਿਨਾਂ ਤੀਕਰ ਪੁੱਛਦੀ ਰਹੀ ਪਰ ਉਸਨੇ ਕੋਈ ਆਈ-ਗਈ ਨਾ ਦਿੱਤੀ। ਉਲਟਾ ਆਪਣੀ ਪਤਨੀ ਨੂੰ ਹੀ ਕਹਿੰਦਾ ਰਿਹਾ ਕਿ ਤੈਨੂੰ ਮੇਰੇ 'ਤੇ ਯਕੀਨ ਨਹੀਂ, ਕਿਉਂ ਬਾਰ-ਬਾਰ ਉਹੀ ਗੱਲਾਂ ਕਰੀ ਜਾਣੀ ਐਂ।

ਆਖਰ ਅੱਕੀ ਹੋਈ ਪਤਨੀ ਕਦੋਂ ਤੱਕ ਅੱਕ ਚੱਬਦੀ, ਰੋਟੀ ਪਾਣੀ ਖਾ-ਪੀ ਕੇ ਜਦੋਂ ਆਪਣੇ ਕਮਰੇ 'ਚ ਸੌਣ ਗਏ ਤਾਂ ਉਸਦੀ ਪਤਨੀ ਨੇ ਬਿਨਾ ਦੇਰੀ ਕੀਤਿਆਂ ਫੋਨ 'ਤੇ ਉਹ ਕਾਲ ਰਿਕਾਰਡਿੰਗ ਚਲਾ ਦਿੱਤੀ। ਸਿਆਲਾਂ ਦੀ ਰੁੱਤੇ ਰਜਾਈ 'ਚ ਬੈਠਿਆਂ ਉਸਦੇ ਪਸੀਨੇ ਛੁੱਟ ਗਏ। ਉਹ ਫੋਨ ਬੰਦ ਕਰਨ ਨੂੰ ਕਹੇ ਪਰ ਉਸਦੀ ਪਤਨੀ 'ਚ ਤਾਂ ਜਿਵੇਂ ਝਾਂਸੀ ਦੀ ਰਾਣੀ ਦੀ ਰੂਹ ਆ ਗਈ ਹੋਵੇ। ਕਹਿੰਦੀ ਇੰਨੇ ਦਿਨਾਂ ਦੀ ਪੁੱਛ ਰਹੀ ਹਾਂ, ਜੇਕਰ ਆਪ ਹੀ ਮੰਨ ਜਾਂਦੇ ਤਾਂ ਗੱਲ ਹੋਰ ਸੀ, ਪਰ ਹੁਣ ਮੇਰੇ ਸਾਹਮਣੇ ਚੁੱਪਚਾਪ ਬੈਠ ਕੇ ਸਾਰੀਆਂ ਗੱਲਾਂ ਸੁਣੋ। ਆਪਣੀ ਸਹੇਲੀ ਨਾਲ ਇਕਾਂਤ 'ਚ ਬੈਠ ਫੋਨ 'ਤੇ ਕੀਤੀਆਂ ਗੱਲਾਂ ਆਪਣੀ ਪਤਨੀ ਸਾਹਮਣੇ ਸੁਣਨੀਆਂ ਕਾਲੇ ਪਾਣੀ ਦੀ ਸਜ਼ਾ ਤੋਂ ਘੱਟ ਨਹੀਂ ਸਨ ਲੱਗਦੀਆਂ। ਖੈਰ, ਉਹ 45 ਮਿੰਟ ਦੀ ਕਾਲ ਰਿਕਾਰਡਿੰਗ ਮੰਨੋ ਸਦੀਆਂ 'ਚ ਮੁੱਕੀ ਹੋਵੇ। ਕਾਲ ਖਤਮ ਹੋਣ ਉਪਰੰਤ ਉਸਦੀ ਪਤਨੀ ਕਹਿੰਦੀ ਮੈਂ ਹੁਣੇ ਸਾਰਿਆਂ ਨੂੰ ਜਗਾ ਕੇ ਤੁਹਾਡੀ ਕਰਤੂਤ ਬਾਬਤ ਦੱਸਦੀ ਹਾਂ। ਮਿੰਨਤਾਂ ਕੀਤੀਆਂ, ਮੁਆਫੀਆਂ ਮੰਗੀਆਂ, ਬਹੁਤ ਮੁਸ਼ਕਿਲ ਤੇ ਮੁਸ਼ੱਕਤ ਨਾਲ ਤੜਕੇ 3 ਵਜੇ ਜਾ ਕੇ ਉਸਦੀ ਪਤਨੀ ਇਸ ਰਾਜ ਨੂੰ ਰਾਜ ਰੱਖਣ ਲਈ ਰਾਜ਼ੀ ਹੋਈ।

ਮੇਰੇ ਜਾਣਕਾਰ ਤੇ ਰਾਜਦਾਰ ਦਾ ਇਹ ਰਾਜ ਅੱਜ ਵੀ ਭਾਵੇਂ ਰਾਜ ਹੀ ਹੈ ਪਰ ਜਦੋਂ ਵੀ ਉਹ ਕਿਤੇ ਹੋਰ ਫਿਸਲਣ ਦੀ ਮਾਮੂਲੀ ਜਿਹੀ ਕੋਸਿਸ਼ ਵੀ ਕਰਦੈ, ਤਾਂ ਝੱਟ ਉਸਦੀ ਪਤਨੀ ਉਸ ਰਾਜ ਦਾ ਮਿਹਣਾ ਮਾਰ ਦਿੰਦੀ ਹੈ। ਮੁੱਕਦੀ ਗੱਲ, ਜੇਕਰ ਆਪਣੇ ਘਰ ਗ੍ਰਹਿਸਤੀ ਨੂੰ ਸਹੀ ਤੇ ਸੁੱਚਜੇ ਢੰਗ ਨਾਲ ਚਲਾਉਣਾ ਹੈ, ਤਾਂ ਅਜਿਹੇ ਕਾਰਿਆਂ ਤੋਂ ਬਚਕੇ ਹੀ ਰਹੋ, ਕਿਉਂਕਿ ਇਹ ਢੋਲ ਦੂਰੋਂ ਹੀ ਸੁਹਾਵਣੇ ਲੱਗਦੇ ਹਨ।

# ਪਾਕਿਸਤਾਨੀ ਉਰਦੂ ਤੇ ਪੰਜਾਬੀ ਫ਼ਿਲਮ ਅਦਾਕਾਰਾ ਰਾਣੀ ਬੇਗ਼ਮ

ਅੰਗਰੇਜ ਸਿੰਘ ਵਿਰਦੀ
ਅੰਮ੍ਰਿਤਸਰ
ਮੋਬ : 94646-28857
(Punjab Mail USA)







ਵਾਹਗਿਓਂ ਪਾਰ ਲਹਿੰਦੇ ਪੰਜਾਬ ਦੀ ਲਾਹੌਰ ਫ਼ਿਲਮ ਇੰਡਸਟਰੀ ਜੋ ਕਦੇ ਸਾਂਝੇ ਪੰਜਾਬ ਦੀ ਪੰਜਾਬੀ ਫ਼ਿਲਮ ਇੰਡਸਟਰੀ ਵਜੋਂ ਜਾਣੀ ਜਾਂਦੀ ਸੀ, ਵੰਡ ਤੋਂ ਬਾਅਦ ਪਾਕਿਸਤਾਨ ਵਿਚ ਰਹਿ ਜਾਣ ਕਾਰਣ ਪਾਕਿਸਤਾਨੀ ਫ਼ਿਲਮ ਇੰਡਸਟਰੀ ਵਜੋਂ ਮਸ਼ਹੂਰ ਹੋਈ। ਆਜ਼ਾਦੀ ਤੋਂ ਪਹਿਲਾਂ ਭਾਰਤ ਵਿਚ ਫ਼ਿਲਮਾਂ ਬਣਾਉਣ ਦੇ ਤਿੰਨ ਪ੍ਰਮੁੱਖ ਕੇਂਦਰ ਹੋਇਆ ਕਰਦੇ ਸਨ ਬੰਬਈ, ਕਲਕੱਤਾ ਅਤੇ ਲਹੌਰ। ਇਨ੍ਹਾਂ ਤਿੰਨਾਂ ਸ਼ਹਿਰਾਂ ਵਿਚ ਹੀ ਬਹੁਤ ਵੱਡੀ ਗਿਣਤੀ ਵਿਚ ਫ਼ਿਲਮੀ ਹਸਤੀਆਂ ਰਹਿੰਦੀਆਂ ਸਨ। ਉਥੇ ਫ਼ਿਲਮਾਂ ਬਣਾਉਣ ਦੇ ਬਹੁਤ ਵੱਡੇ-ਵੱਡੇ ਫ਼ਿਲਮ ਸਟੂਡੀਓ ਹੋਇਆ ਕਰਦੇ ਸਨ। ਫ਼ਿਲਮ ਤਕਨੀਸ਼ੀਅਨਾਂ ਦੀ ਬਹੁਤ ਵੱਡੀ ਗਿਣਤੀ ਇਨ੍ਹਾਂ ਸਟੂਡੀਓਜ਼ ਵਿਚ ਕੰਮ ਕਰਦੀ ਸੀ। ਕਲਕੱਤਾ, ਬੰਬਈ ਦੇ ਨਾਲ-ਨਾਲ ਲਾਹੌਰ ਫ਼ਿਲਮ ਇੰਡਸਟਰੀ ਦਾ ਵੀ ਆਪਣਾ ਇੱਕ ਅਲੱਗ ਮੁਕਾਮ ਸੀ। ਸਾਂਝੇ ਪੰਜਾਬ ਵਿਚ ਪੰਜਾਬੀ ਜ਼ੁਬਾਨ ਵਿਚ ਜਿੰਨੀਆਂ ਵੀ ਬੇਹਤਰੀਨ ਫ਼ਿਲਮਾਂ ਬਣੀਆਂ, ਉਹ ਲਾਹੌਰ ਫ਼ਿਲਮ ਇੰਡਸਟਰੀ ਦੀ ਹੀ ਦੇਣ ਸਨ। ਵੰਡ ਤੋਂ ਬਾਅਦ ਪੰਜਾਬੀਆਂ ਦੇ ਨਾਲ-ਨਾਲ ਲਾਹੌਰ ਫ਼ਿਲਮ ਇੰਡਸਟਰੀ ਨੂੰ ਵੀ ਸਭ ਤੋਂ ਵੱਧ ਨੁਕਸਾਨ ਝੱਲਣਾ ਪਿਆ। ਕਈ ਖ਼ੂਬਸੂਰਤ ਸਟੂਡੀਓ ਅੱਗ ਦੀ ਭੇਟ ਚੜ੍ਹ ਗਏ। ਸਾਰੇ ਹਿੰਦੂ, ਸਿੱਖ ਫ਼ਿਲਮੀ ਕਲਾਕਾਰਾਂ ਅਤੇ ਸਟੂਡੀਓ ਮਾਲਕਾਂ ਨੂੰ ਲਾਹੌਰ ਛੱਡ ਕੇ ਭਾਰਤ ਆਉਣਾ ਪਿਆ, ਜਿਸ ਨਾਲ ਲਾਹੌਰ ਫ਼ਿਲਮ ਇੰਡਸਟਰੀ ਨੂੰ ਵੱਡਾ ਘਾਟਾ ਪਿਆ।

ਏਧਰੋਂ ਪਾਕਿਸਤਾਨ ਬਣਨ ਤੋਂ ਬਾਅਦ ਬੰਬਈ ਤੋਂ ਹਿਜ਼ਰਤ ਕਰਕੇ ਜੋ ਮੁਸਲਿਮ ਫ਼ਿਲਮੀ ਹਸਤੀਆਂ ਲਾਹੌਰ ਗਈਆਂ, ਉਨ੍ਹਾਂ ਦੀਆਂ ਅਣਥੱਕ ਕੋਸ਼ਿਸ਼ਾਂ ਦੇ ਸਦਕੇ ਲਾਹੌਰ ਫ਼ਿਲਮ ਇੰਡਸਟਰੀ ਫਿਰ ਤੋਂ ਹੌਲੀ-ਹੌਲੀ ਆਪਣੇ ਪੈਰਾਂ ਸਿਰ ਖੜ੍ਹੀ ਹੋਣ ਲੱਗੀ। ਲਾਹੌਰ ਫ਼ਿਲਮ ਇੰਡਸਟਰੀ ਵਿਚ ਇੱਕ ਵਾਰ ਫਿਰ ਤੋਂ ਉਰਦੂ ਫ਼ਿਲਮਾਂ ਦੇ ਨਾਲ-ਨਾਲ ਵੱਡੀ ਗਿਣਤੀ ਵਿਚ ਪੰਜਾਬੀ ਫ਼ਿਲਮਾਂ ਦਾ ਨਿਰਮਾਣ ਹੋਣਾ ਸ਼ੁਰੂ ਹੋ ਗਿਆ। ਪੰਜਾਹ ਦੇ ਦਹਾਕੇ ਦੀਆਂ ਫ਼ਿਲਮੀ ਅਭਿਨੇਤਰੀਆਂ ਦੀ ਜੇਕਰ ਗੱਲ ਕੀਤੀ ਜਾਵੇ, ਤਾਂ ਲਾਹੌਰ ਫ਼ਿਲਮ ਇੰਡਸਟਰੀ ਵਿਚ ਉਰਦੂ ਤੇ ਪੰਜਾਬੀ ਫ਼ਿਲਮਾਂ ਦੀਆਂ ਹੀਰੋਇਨਾਂ ਵੱਖਰੀਆਂ ਨਹੀਂ ਹੁੰਦੀਆਂ ਸਨ, ਪਰ ਸੱਠ ਦੇ ਦਹਾਕੇ ਤੱਕ ਪਹੁੰਚਦੇ-ਪਹੁੰਚਦੇ ਉਰਦੂ ਅਤੇ ਪੰਜਾਬੀ ਫ਼ਿਲਮਾਂ ਦੇ ਬਣਨ ਦੀ ਗਿਣਤੀ ਵਧਣ ਕਾਰਣ ਉਰਦੂ ਤੇ ਪੰਜਾਬੀ ਫ਼ਿਲਮੀ ਹੀਰੋਇਨਾਂ ਦੀ ਪਹਿਚਾਣ ਵੀ ਵੱਖਰੀ ਹੋਣ ਲੱਗੀ। ਇੱਕ ਪਾਸੇ ਸ਼ਮੀਮ ਆਰਾ, ਜ਼ੇਬਾ, ਸ਼ਬਨਮ ਅਤੇ ਦੀਬਾ ਉਰਦੂ ਫ਼ਿਲਮਾਂ ਦੀਆਂ ਹੀਰੋਇਨਾਂ ਦੇ ਤੌਰ 'ਤੇ ਜਾਣੀਆਂ ਜਾਣ ਲੱਗੀਆਂ, ਉਥੇ ਪੰਜਾਬੀ ਫ਼ਿਲਮਾਂ ਵਿਚ ਫ਼ਿਰਦੋਸ ਬੇਗ਼ਮ, ਨਗ਼ਮਾ ਅਤੇ ਸ਼ਿਰੀਨ ਚੋਟੀ ਦੀਆਂ ਪੰਜਾਬੀ ਫ਼ਿਲਮੀ ਹੀਰੋਇਨਾਂ ਦੇ ਤੌਰ 'ਤੇ ਆਪਣੀ ਪਹਿਚਾਣ ਬਣਾਉਣ ਵਿਚ ਕਾਮਯਾਬ ਹੋਈਆਂ। ਪਰ ਸੱਠ ਦੇ ਦਹਾਕੇ ਵਿਚ ਦੋ ਹੀਰੋਇਨਾਂ ਐਸੀਆਂ ਸਨ, ਜਿਨ੍ਹਾਂ ਨੇ ਉਰਦੂ ਅਤੇ ਪੰਜਾਬੀ ਫ਼ਿਲਮਾਂ ਵਿਚ ਬਰਾਬਰ ਪਹਿਚਾਣ ਅਤੇ ਮਕਬੂਲੀਅਤ ਹਾਸਲ ਕੀਤੀ, ਉਹ ਸਨ ਅਦਾਕਾਰਾ ਨੀਲੋ ਅਤੇ ਰਾਣੀ ਬੇਗ਼ਮ।

ਅਦਾਕਾਰਾ ਰਾਣੀ ਬੇਗ਼ਮ ਪਾਕਿਸਤਾਨੀ ਫਿਲਮ ਇੰਡਸਟਰੀ ਦੀ ਉਹ ਮਸ਼ਹੂਰ ਮਾਰੂਫ਼ ਹਸਤੀ ਸਨ, ਜਿਨ੍ਹਾਂ ਨੇ ਲਗਭਗ ਦੋ ਦਹਾਕੇ ਤੱਕ ਪਾਕਿ ਫਿਲਮ ਇੰਡਸਟਰੀ 'ਤੇ ਰਾਜ ਕੀਤਾ। ਆਪਣੀ ਦਮਦਾਰ ਅਦਾਕਾਰੀ ਨਾਲ ਸਿਨੇ ਪ੍ਰੇਮੀਆ ਦੇ ਦਿਲਾਂ ਵਿਚ ਖ਼ਾਸ ਥਾਂ ਬਣਾਉਣ ਵਾਲੀ ਮਹਾਨ ਅਦਾਕਾਰਾ ਰਾਣੀ ਨੂੰ ਫ਼ਿਲਮਾਂ ਵਿਚ ਕਾਮਯਾਬੀ ਹਾਸਲ ਕਰਨ ਲਈ ਖਾਸੀ ਮੁਸ਼ੱਕਤ ਕਰਨੀ ਪਈ। ਆਪਣੀ ਬੇਜੋੜ ਤੇ ਖ਼ੂਬਸੂਰਤ ਅਦਾਕਾਰੀ ਨਾਲ ਪਾਕਿਸਤਾਨੀ ਫਿਲਮ ਇੰਡਸਟਰੀ ਵਿਚ ਅਲੱਗ ਮੁਕਾਮ ਹਾਸਲ ਕਰਨ ਵਾਲੀ ਅਦਾਕਾਰਾ ਰਾਣੀ ਨੇ ਦੋ ਵਾਰ ਬੈਸਟ ਐਕਟਰਸ ਦਾ ਫਿਲਮ ਨਿਗਾਰ ਐਵਾਰਡ ਹਾਸਲ ਕਰਕੇ ਆਪਣੀ ਬੇਜੋੜ ਅਭਿਨੈ ਪ੍ਰਤਿਭਾ ਦਾ ਲੋਹਾ ਮੰਨਵਾਇਆ। ਤਿੱਖੇ ਨੈਣ-ਨਕਸ਼, ਗੋਰਾ ਰੰਗ, ਝੀਲ ਜਿਹੀਆਂ ਡੂੰਘੀਆਂ ਅੱਖਾਂ ਅਤੇ ਮੁੱਖ 'ਤੇ ਝਲਕਦੀ ਮਾਸੂਮੀਅਤ ਵਾਲੀ ਅਦਾਕਾਰਾ ਰਾਣੀ ਬਿਨਾ ਸੰਵਾਦ ਦੇ ਚਿਹਰੇ ਦੇ ਹਾਵ-ਭਾਵ ਨਾਲ ਅਦਾ ਕੀਤੀ ਜਾਣ ਵਾਲੀ ਅਦਾਕਾਰੀ ਦੇ ਹੁਨਰ ਤੋਂ ਬਾਖ਼ੂਬੀ ਵਾਕਿਫ਼ ਸੀ। ਇੱਕ ਮੰਝੀ ਹੋਈ ਅਦਾਕਾਰਾ, ਨਿਪੁੰਨ ਰੱਕਾਸ਼ਾ ਤੇ ਫ਼ਿਲਮ ਵਿਚ ਹਰ ਕਿਰਦਾਰ ਨੂੰ ਉਸ ਦੀ ਰੂਹ ਤੱਕ ਜਾ ਕੇ ਅਦਾ ਕਰਨ ਦੀ ਕਲਾ ਤੋਂ ਬਾਖ਼ੂਬੀ ਵਾਕਿਫ਼, ਦਿਲਕਸ਼ ਅਦਾਕਾਰਾ ਰਾਣੀ ਆਪਣੀਆਂ ਇਨ੍ਹਾਂ ਖ਼ੂਬੀਆਂ ਕਰਕੇ ਹੀ ਉਰਦੂ ਅਤੇ ਪੰਜਾਬੀ ਫ਼ਿਲਮ ਨਿਰਦੇਸ਼ਕਾਂ ਦੀ ਹਮੇਸ਼ਾ ਪਹਿਲੀ ਪਸੰਦ ਰਹੇ। ਅਦਾਕਾਰਾ ਰਾਣੀ ਨੇ ਆਪਣੇ ਪੂਰੇ ਫ਼ਿਲਮੀ ਕੈਰੀਅਰ ਦੌਰਾਨ ਕਈ ਯਾਦਗਾਰ ਫ਼ਿਲਮਾਂ ਵਿਚ ਸ਼ਾਨਦਾਰ ਰੋਲ ਅਦਾ ਕੀਤੇ, ਜਿਨ੍ਹਾਂ ਨੂੰ ਪਾਕਿਸਤਾਨੀ ਫ਼ਿਲਮਾਂ ਦੀਆਂ ਸਭ ਤੋਂ ਬੇਹਤਰੀਨ ਫ਼ਿਲਮਾਂ ਹੋਣ ਦਾ ਐਜਾਜ਼ ਹਾਸਿਲ ਹੈ ।

ਅਦਾਕਾਰਾ ਰਾਣੀ ਦਾ ਜਨਮ 8 ਦਸੰਬਰ, 1946 ਨੂੰ ਲਾਹੌਰ ਦੇ ਮੋਜੰਗ ਮੁਹੱਲੇ ਵਿਖੇ ਇੱਕ ਪੰਜਾਬੀ ਅਰਾਈ ਪਰਿਵਾਰ ਵਿਚ ਪਿਤਾ ਮੀਆਂ ਮਲਿਕ ਮੁਹੰਮਦ ਸਫ਼ੀ ਅਤੇ ਮਾਤਾ ਇਕਬਾਲ ਬੇਗ਼ਮ ਦੇ ਘਰ ਹੋਇਆ। ਰਾਣੀ ਦਾ ਅਸਲ ਨਾਂ ਨਾਸਿਰਾ ਸੀ। ਗਰੀਬ ਪਰਿਵਾਰ ਨਾਲ ਸੰਬੰਧ ਰੱਖਣ ਵਾਲੀ ਅਦਾਕਾਰਾ ਰਾਣੀ ਦਾ ਵਾਲਿਦ ਮਲਿਕ ਮੁਹੰਮਦ ਸਫ਼ੀ ਆਪਣੇ ਵਕਤ ਦੀ ਨਾਮਵਰ ਗੁਲੂਕਾਰਾ ਅਤੇ ਅੰਮ੍ਰਿਤਸਰ ਵਿਚ ਪੈਦਾ ਹੋਈ। 1930 ਦੀ ਬੌਲੀਵੁੱਡ ਫ਼ਿਲਮ ਅਦਾਕਾਰਾ ਮੁਖਤਾਰ ਬੇਗ਼ਮ ਦੇ ਕੋਲ ਕਰਾਚੀ ਵਿਖੇ ਇੱਕ ਡਰਾਇਵਰ ਦੇ ਤੌਰ 'ਤੇ ਮੁਲਾਜ਼ਮਤ ਕਰਦਾ ਸੀ। ਇਥੇ ਹੀ ਰਾਣੀ ਦਾ ਬਚਪਨ ਬੀਤਿਆ। ਗਰੀਬੀ ਕਰਕੇ ਰਾਣੀ ਜ਼ਿਆਦਾ ਪੜ੍ਹ-ਲਿਖ ਨਾ ਸਕੀ ਪਰ ਉਸ ਨੂੰ ਅਦਾਕਾਰੀ ਅਤੇ ਨ੍ਰਿਤ ਦਾ ਸ਼ੌਂਕ ਬਚਪਨ ਤੋਂ ਈ ਸੀ। ਮੁਖਤਾਰ ਬੇਗ਼ਮ ਦੇ ਘਰ ਰਾਣੀ ਦਾ ਬਚਪਨ ਤੋਂ ਈ ਆਉਣਾ ਜਾਣਾ ਸੀ, ਜਿਸ ਕਰਕੇ ਮੁਖਤਾਰ ਬੇਗ਼ਮ ਰਾਣੀ ਨਾਲ ਬੇਹੱਦ ਮੋਹ ਕਰਦੀ ਸੀ, ਉਹ ਰਾਣੀ ਨੂੰ ਆਪਣੀ ਧੀ ਵਾਂਗ ਪਿਆਰ ਕਰਦੀ ਸੀ ਤੇ ਚਾਹੁੰਦੀ ਸੀ ਕਿ ਰਾਣੀ ਵੀ ਵੱਡੀ ਹੋ ਕੇ ਇਕ ਨਾਮਵਰ ਗਾਇਕਾ ਬਣੇ। ਰਾਣੀ ਦੇ ਫ਼ਿਲਮੀ ਕੈਰੀਅਰ ਨੂੰ ਬਣਾਉਣ ਵਿਚ ਮੁਖਤਾਰ ਬੇਗ਼ਮ ਦਾ ਵੱਡਾ ਹੱਥ ਰਿਹਾ। ਮੁਖਤਾਰ ਬੇਗ਼ਮ ਨੇ ਹੀ ਰਾਣੀ ਨੂੰ ਆਪਣਾ ਨਾਂ ਨਾਸਿਰਾ ਤੋਂ ਫ਼ਿਲਮੀ ਨਾਂ ਰਾਣੀ ਰੱਖਣ ਦੀ ਸਲਾਹ ਦਿੱਤੀ ਸੀ। ਇਸ ਤੋਂ ਪਹਿਲਾਂ ਵੀ ਉਹ ਮੁਖਤਾਰ ਬੇਗ਼ਮ ਈ ਸਨ, ਜਿਨ੍ਹਾਂ ਨੇ ਕਲਕੱਤਾ ਵਿਖੇ ਪ੍ਰਸਿੱਧ ਫ਼ਿਲਮ ਅਦਾਕਾਰਾ ਅਤੇ ਮਲਿਕਾ ਏ ਤਰੰਨੁਮ ਵਜੋਂ ਜਾਣੀ ਜਾਣ ਵਾਲੀ ਮਹਾਨ ਗਾਇਕਾ ਨੂਰਜਹਾਂ ਨੂੰ ਆਪਣਾ ਅਸਲ ਨਾਂ ਅੱਲਾ ਵਸਾਈ ਤੋਂ ਫ਼ਿਲਮੀ ਨਾਂ ਨੂਰਜਹਾਂ ਰੱਖਣ ਲਈ ਕਿਹਾ ਸੀ।

ਬਚਪਨ ਤੋਂ ਹੀ ਫ਼ਿਲਮੀ ਪਰਦੇ 'ਤੇ ਖ਼ੁਦ ਨੂੰ ਦੇਖਣ ਦੇ ਹਸੀਨ ਸੁਫ਼ਨੇ ਸੰਜੋਈ ਬੈਠੀ ਰਾਣੀ ਦੇ ਸੁਫ਼ਨੇ ਹਕੀਕਤ ਵਿਚ ਉਦੋਂ ਬਦਲੇ, ਜਦੋਂ ਮਸ਼ਹੂਰ ਫ਼ਿਲਮੀ ਲੇਖਕ ਅਤੇ ਨਿਰਦੇਸ਼ਕ ਅਨਵਰ ਕਮਾਲ ਪਾਸ਼ਾ ਜਿਨ੍ਹਾਂ ਨੇ 1956 ਵਿਚ ਬਣੀ ਪੰਜਾਬੀ ਫ਼ਿਲਮ ਦੁੱਲਾ ਭੱਟੀ ਦੀ ਕਹਾਣੀ ਲਿਖੀ ਸੀ ਅਤੇ ਕਈ ਹਿੱਟ ਫ਼ਿਲਮਾਂ ਦਾ ਨਿਰਦੇਸ਼ਨ ਵੀ ਦਿੱਤਾ ਅਤੇ ਇਸ ਦੇ ਨਾਲ ਹੀ ਪਾਕਿ ਫ਼ਿਲਮ ਇੰਡਸਟਰੀ ਨੂੰ ਮੁਸੱਰਤ ਨਜ਼ੀਰ, ਨਈਅਰ ਸੁਲਤਾਨਾ, ਬਹਾਰ ਬੇਗ਼ਮ, ਅਸਲਮ ਪਰਵੇਜ਼ ਜਿਹੇ ਸੁਪਰਸਟਾਰ ਵੀ ਦਿੱਤੇ ਨੇ 19 ਸਾਲ ਦੀ ਰਾਣੀ ਨੂੰ ਆਪਣੀ ਉਰਦੂ ਫ਼ਿਲਮ ਮਹਿਬੂਬ ਵਿਚ ਸਹਾਇਕ ਅਦਾਕਾਰਾ ਦੇ ਤੌਰ 'ਤੇ ਪਹਿਲੀ ਵਾਰ ਕਾਸਟ ਕੀਤਾ। ਪਾਕਿਸਤਾਨੀ ਫ਼ਿਲਮਾਂ ਦੇ ਚੋਟੀ ਦੇ ਸਿਤਾਰਿਆਂ ਜਿਨ੍ਹਾਂ ਵਿਚ ਅਦਾਕਾਰਾ ਸ਼ਮੀਮ ਆਰਾ, ਹਬੀਬ, ਯੂਸਫ਼ ਖ਼ਾਨ ਅਤੇ ਦੀਬਾ ਨਾਲ ਸਜੀ ਇਸ ਫ਼ਿਲਮ ਵਿਚ ਰਾਣੀ ਵੀ ਇੱਕ ਮਹੱਤਵਪੂਰਨ ਕਿਰਦਾਰ ਵਿਚ ਨਜ਼ਰ ਆਈ। ਐਵਰਨਿਊ ਪਿਕਚਰਜ਼ ਦੇ ਬੈਨਰ ਹੇਠ ਲਾਹੌਰ ਵਿਚ ਬਣੀ ਇਸ ਫ਼ਿਲਮ ਦੇ ਲੇਖਕ ਤੇ ਨਿਰਦੇਸ਼ਕ ਸਨ ਅਨਵਰ ਕਮਾਲ ਪਾਸ਼ਾ, ਫ਼ਿਲਮ ਦਾ ਸੰਗੀਤ ਤਿਆਰ ਕੀਤਾ ਸੀ ਰਸ਼ੀਦ ਅਤਰੇ ਨੇ ਅਤੇ ਗੀਤ ਲਿਖੇ ਸਨ ਕਤੀਲ ਸ਼ਫ਼ਾਈ ਨੇ। 6 ਨਵੰਬਰ ਸੰਨ 1962 ਨੂੰ ਰਿਲੀਜ਼ ਹੋਈ ਇਸ ਫ਼ਿਲਮ ਦੇ ਸਾਰੇ ਗੀਤ ਬਹੁਤ ਮਸ਼ਹੂਰ ਹੋਏ ਸਨ, ਜਿਨ੍ਹਾਂ ਵਿਚੋਂ ਇੱਕ ਗੀਤ ਮੈਡਮ ਨੂਰਜਹਾਂ ਦੀ ਆਵਾਜ਼ ਵਿਚ ਤਾਂ ਬੇਹੱਦ ਪਸੰਦ ਕੀਤਾ ਗਿਆ ਸੀ, ਜਿਸ ਦੇ ਬੋਲ ਸਨ "ਨਿਗਾਹੇ ਮਿਲਾ ਕਰ ਬਦਲ ਜਾਨੇ ਵਾਲੇ ਮੁਝੇ ਤੁਝ ਸੇ ਕੋਈ ਸ਼ਿਕਾਇਤ ਨਹੀ"। ਇਸ ਫ਼ਿਲਮ ਦੀ ਅਪਾਰ ਸਫ਼ਲਤਾ ਨਾਲ ਰਾਣੀ ਦੇ ਫ਼ਿਲਮੀ ਕੈਰੀਆਰ ਦਾ ਸ਼ਾਨਦਾਰ ਆਗਾਜ਼ ਹੋਇਆ।

ਪਹਿਲੀ ਫ਼ਿਲਮ ਨਾਲ ਰਾਣੀ ਨੇ ਫ਼ਿਲਮ ਇੰਡਸਟਰੀ ਵਿਚ ਆਪਣਾ ਦਾਖਲਾ ਤਾਂ ਕਰ ਲਿਆ ਪਰ ਇੱਕ ਸਫ਼ਲ ਅਦਾਕਾਰਾ ਬਣਨ ਦਾ ਸਫ਼ਰ ਉਸ ਲਈ ਆਸਾਨ ਨਹੀਂ ਸੀ। ਸਹਾਇਕ ਅਦਾਕਾਰਾ ਤੋਂ ਮੁੱਖ ਅਦਾਕਾਰਾ ਦਾ ਦਰਜਾ ਹਾਸਲ ਕਰਨ ਲਈ ਰਾਣੀ ਨੂੰ ਬਹੁਤ ਮੁਸ਼ੱਕਤ ਕਰਨੀ ਪਈ। ਪਹਿਲੀ ਫ਼ਿਲਮ ਦੀ ਕਾਮਯਾਬੀ ਤੋਂ ਬਾਅਦ 1963 ਤੋਂ ਲੈ ਕੇ 1965 ਤੱਕ ਰਾਣੀ ਨੂੰ ਫ਼ਿਲਮਾਂ ਵਿਚ ਕੋਈ ਖਾਸ ਕਾਮਯਾਬੀ ਹਾਸਲ ਨਾ ਹੋਈ ਤੇ ਬਤੌਰ ਸਹਾਇਕ ਅਦਾਕਾਰਾ ਦੇ ਤੌਰ 'ਤੇ ਉਸ ਦੀਆਂ ਫ਼ਿਲਮਾਂ ਜਿਨ੍ਹਾਂ ਵਿਚ ਇੱਕ ਤੇਰਾ ਸਹਾਰਾ, ਔਰਤ ਕਾ ਪਿਆਰ, ਛੋਟੀ ਬਹਿਨ, ਇੱਕ ਦਿਲ ਦੋ ਦੀਵਾਨੇ, ਸਫ਼ੈਦ ਖ਼ੂਨ, ਸ਼ਤਰੰਜ ਅਤੇ ਆਖਰੀ ਸਟੇਸ਼ਨ ਰਿਲੀਜ਼ ਹੋਈਆਂ। ਇਨ੍ਹਾਂ ਫ਼ਿਲਮਾਂ ਦੀ ਅਸਫ਼ਲਤਾ ਨੇ ਰਾਣੀ 'ਤੇ ਇੱਕ ਫ਼ਲਾਪ ਅਦਾਕਾਰਾ ਦਾ ਠੱਪਾ ਲਗਾ ਦਿੱਤਾ। ਪਰ ਰਾਣੀ ਨੇ ਹਿੰਮਤ ਨਾ ਹਾਰੀ ਤੇ ਆਪਣੀਆਂ ਆਉਣ ਵਾਲੀਆਂ ਫ਼ਿਲਮਾਂ ਵਿਚ ਜੀਅ-ਜਾਨ ਨਾਲ ਕੰਮ ਕਰਦੀ ਰਹੀ। ਅਖੀਰ ਉਸ ਦੀ ਮਿਹਨਤ ਰੰਗ ਲਿਆਈ ਤੇ ਉਸ ਦੀਆਂ ਫ਼ਿਲਮਾਂ ਸਫ਼ਲ ਹੋਣ ਲੱਗੀਆਂ। 20 ਅਗਸਤ ਸੰਨ 1965 ਵਿਚ ਰਿਲੀਜ਼ ਹੋਈ ਐਵਰਨਿਊ ਫ਼ਿਲਮਜ਼ ਦੇ ਬੈਨਰ ਹੇਠ ਲਾਹੌਰ ਵਿਚ ਬਣ ਕੇ ਤਿਆਰ ਹੋਈ ਰਾਣੀ ਦੀ ਬਤੌਰ ਮੁੱਖ ਅਦਾਕਾਰਾ ਉਰਦੂ ਫ਼ਿਲਮ ਹਜ਼ਾਰ ਦਾਸਤਾਨ ਪਹਿਲੀ ਉਹ ਫ਼ਿਲਮ ਸੀ, ਜਿਸ ਨੇ ਰਾਣੀ 'ਤੇ ਲੱਗੇ ਫ਼ਲਾਪ ਅਦਾਕਾਰਾ ਦੇ ਠੱਪੇ ਨੂੰ ਧੋ ਕੇ ਉਸ ਨੂੰ ਇੱਕ ਸਫ਼ਲ ਅਦਾਕਾਰਾ ਬਣਨ ਦੇ ਰਾਹ 'ਤੇ ਤੋਰਿਆ। ਜਾਦੂ ਤੇ ਪਰੀ ਕਥਾਵਾਂ ਦੀ ਪਿੱਠ ਭੂਮੀ 'ਤੇ ਬਣੀ ਇਸ ਫ਼ਿਲਮ ਵਿਚ ਰਾਣੀ ਨੇ ਸ਼ਹਿਜਾਦੀ ਹੂਰ ਬਾਨੋ ਦਾ ਮੁੱਖ ਕਿਰਦਾਰ ਅਦਾ ਕੀਤਾ ਅਤੇ ਸ਼ਹਿਜਾਦਾ ਯੂਸਫ਼ ਦੇ ਕਿਰਦਾਰ ਵਿਚ ਅਦਾਕਾਰ ਮੁਹੰਮਦ ਅਲੀ ਨਜ਼ਰ ਆਏ। 11 ਹਫ਼ਤੇ ਸਿਨੇਮਾ ਘਰਾਂ ਵਿਚ ਚੱਲ ਕੇ ਇਸ ਫ਼ਿਲਮ ਨੇ ਸਿਲਵਰ ਜੁਬਲੀ ਮਨਾਈ ਸੀ। ਸੰਨ 1965 ਵਿਚ ਰਾਣੀ ਦੀਆਂ ਕੁੱਲ 8 ਫ਼ਿਲਮਾਂ ਰਿਲੀਜ਼ ਹੋਈਆਂ, ਜਿਨ੍ਹਾਂ ਵਿਚ ਔਰਤ, ਨਾਚੇ ਨਾਗਿਨ ਬਾਜੇ ਬੀਨ, ਸਨਮ, ਸਾਜ਼ ਓ ਆਵਾਜ਼, ਸ਼ਬਨਮ, ਯੇ ਜਹਾਨ ਵਾਲੇ ਅਤੇ ਹਜ਼ਾਰ ਦਾਸਤਾਨ ਪ੍ਰਮੁੱਖ ਹਨ।

ਫ਼ਿਲਮ ਹਜ਼ਾਰ ਦਾਸਤਾਨ ਦੀ ਕਾਮਯਾਬੀ ਨਾਲ ਰਾਣੀ ਦਾ ਫ਼ਿਲਮੀ ਕੈਰੀਅਰ ਉਚਾਈਆਂ ਵੱਲ ਜਾਣ ਲੱਗਾ। ਇਸ ਫ਼ਿਲਮ ਦੀ ਕਾਮਯਾਬੀ ਤੋਂ ਬਾਅਦ ਰਾਣੀ ਕੋਲ ਪੰਜਾਬੀ ਅਤੇ ਉਰਦੂ ਫ਼ਿਲਮਾਂ ਦੀਆਂ ਬਤੌਰ ਮੁੱਖ ਅਦਾਕਾਰਾ ਵਜੋਂ ਪੇਸ਼ਕਸ਼ਾਂ ਦੇ ਅੰਬਾਰ ਲੱਗ ਗਏ। ਸੰਨ 1966 ਅਤੇ 1967 ਵਿਚ ਰਾਣੀ ਦੀਆਂ ਕੁੱਲ 14 ਫ਼ਿਲਮਾਂ ਰਿਲੀਜ਼ ਹੋਈਆਂ। 24 ਜੂਨ, 1966 ਨੂੰ ਰਿਲੀਜ਼ ਹੋਈ ਪੰਜਾਬੀ ਫ਼ਿਲਮ ਗੂੰਗਾ ਰਾਣੀ ਦੀ ਪਹਿਲੀ ਪੰਜਾਬੀ ਫ਼ਿਲਮ ਮੌਜ ਮੇਲਾ ਤੋਂ ਬਾਅਦ ਦੂਸਰੀ ਹਿੱਟ ਫ਼ਿਲਮ ਸਾਬਿਤ ਹੋਈ। ਨਿਰਮਾਤਾ ਨਿਰਦੇਸ਼ਕ ਹੈਦਰ ਚੌਧਰੀ ਦੀ ਇਸ ਫ਼ਿਲਮ ਦੇ ਲੇਖਕ ਸਨ ਮਸ਼ਹੂਰ ਫ਼ਿਲਮ ਲੇਖਕ ਅਤੇ ਗੀਤਕਾਰ ਹਜੀਨ ਕਾਦਰੀ ਅਤੇ ਇਸ ਫ਼ਿਲਮ ਦੇ ਪ੍ਰਮੁੱਖ ਸਿਤਾਰੇ ਸਨ ਅਦਾਕਾਰ ਅਕਮਲ, ਰਾਣੀ, ਸ਼ਿਰੀਨ, ਸਾਵਨ, ਇਲਿਆਸ ਕਸ਼ਮੀਰੀ ਅਤੇ ਰੰਗੀਲਾ। ਇਸ ਫ਼ਿਲਮ ਤੋਂ ਬਾਅਦ ਰਾਣੀ ਦੀ ਇੱਕ ਐਸੀ ਫ਼ਿਲਮ ਆਈ, ਜਿਸ ਦੀ ਸਫ਼ਲਤਾ ਨੇ ਰਾਣੀ ਨੂੰ ਸੁਪਰ ਸਟਾਰ ਬਣਾਇਆ ਅਤੇ ਰਾਣੀ ਦੀ ਗਿਣਤੀ ਪਾਕਿਸਤਾਨ ਦੀਆਂ ਚੋਟੀ ਦੀਆਂ ਫ਼ਿਲਮੀ ਹੀਰੋਇਨਾਂ ਵਿਚ ਹੋਣ ਲੱਗੀ। 5 ਮਈ, 1967 ਵਿਚ ਰਿਲੀਜ਼ ਹੋਈ ਸੁਪਰਹਿੱਟ ਉਰਦੂ ਫ਼ਿਲਮ ਦੇਵਰ ਭਾਬੀ ਹੀ ਉਹ ਫ਼ਿਲਮ ਸੀ, ਜਿਸ ਨੇ ਰਾਣੀ ਦੇ ਫ਼ਿਲਮੀ ਕੈਰੀਅਰ ਨੂੰ ਨਵੇ ਆਯਾਮ ਦਿੱਤੇ। ਨਿਰਦੇਸ਼ਕ ਹਸਨ ਤਾਰਿਕ ਜੋ ਅੱਗੇ ਚੱਲ ਕੇ ਰਾਣੀ ਦੇ ਪਤੀ ਬਣੇ ਦੀ ਨਿਰਦੇਸ਼ਨਾ ਵਿਚ ਬਣੀ ਇਸ ਫ਼ਿਲਮ ਵਿਚ ਉਰਦੂ ਫ਼ਿਲਮਾਂ ਦੇ ਸੁਪਰ ਸਟਾਰ ਵਹੀਦ ਮੁਰਾਦ ਨਾਲ ਰਾਣੀ ਦੀ ਜੋੜੀ ਬਣੀ ਅਤੇ ਅਗਾਂਹ ਚੱਲ ਕੇ ਰਾਣੀ ਅਤੇ ਵਹੀਦ ਮੁਰਾਦ ਨੇ ਕਈ ਸੁਪਰਹਿੱਟ ਫ਼ਿਲਮਾਂ ਵਿਚ ਕੰਮ ਕੀਤਾ। ਸੰਨ 1968 ਅਤੇ 1969 ਵਿਚ ਰਾਣੀ ਨੇ ਕੁੱਲ 20 ਉਰਦੂ ਅਤੇ ਪੰਜਾਬੀ ਫ਼ਿਲਮਾਂ ਵਿਚ ਕੰਮ ਕੀਤਾ, ਜਿਨ੍ਹਾਂ ਵਿਚ ਉਰਦੂ ਫ਼ਿਲਮਾਂ ਬਹਿਨ ਬਾਈ, ਕਮਾਂਡਰ, ਦਾਰਾ, ਦਿਲ ਮੇਰਾ ਧੜਕਣ ਤੇਰੀ, ਦੀਆ ਔਰ ਤੂਫ਼ਾਨ ਅਤੇ ਪੰਜਾਬੀ ਫ਼ਿਲਮਾਂ ਚੰਨ ਮੱਖਣਾ, ਸੱਜਣ ਪਿਆਰਾ, ਜਿੰਦ ਜਾਨ ਅਤੇ ਮੁਖੜਾ ਚੰਨ ਵਰਗਾ ਸੁਪਰ ਹਿੱਟ ਫ਼ਿਲਮਾਂ ਸਾਬਿਤ ਹੋਈਆਂ। 9 ਫਰਵਰੀ, 1968 ਨੂੰ ਰਿਲੀਜ਼ ਹੋਈ ਪੰਜਾਬੀ ਫ਼ਿਲਮ ਚੰਨ ਮੱਖਣਾ ਦੀ ਸਫ਼ਲਤਾ ਨਾਲ ਰਾਣੀ ਨੂੰ ਪੰਜਾਬੀ ਫ਼ਿਲਮਾਂ ਵਿਚ ਪ੍ਰਸਿੱਧੀ ਮਿਲੀ। ਭੱਟੀ ਬ੍ਰਦਰਜ਼ ਦੇ ਬੈਨਰ ਹੇਠ ਬਣੀ ਇਸ ਫ਼ਿਲਮ ਦੇ ਨਿਰਦੇਸ਼ਕ ਸਨ ਕੈਫ਼ੀ। ਬਲੈਕ ਐਂਡ ਵਾਈਟ ਇਸ ਫ਼ਿਲਮ ਵਿਚ ਪ੍ਰਮੁੱਖ ਅਦਾਕਾਰ ਸਨ ਸੁਧੀਰ, ਰਾਣੀ, ਸਲੌਨੀ, ਸਲਮਾ ਮੁਮਤਾਜ਼ ਅਤੇ ਇਨਾਇਤ ਹੁਸੈਨ ਭੱਟੀ। ਸੁਪਰਹਿੱਟ ਗੋਲਡਨ ਜੁਬਲੀ ਸੰਗੀਤਕ ਇਸ ਫ਼ਿਲਮ ਦੇ ਗੀਤਕਾਰ ਹਜੀਨ ਕਾਦਰੀ ਦੁਆਰਾ ਲਿਖੇ ਅਤੇ ਜੀ.ਏ. ਚਿਸ਼ਤੀ ਵੱਲੋਂ ਸੰਗੀਤਬੱਧ ਕੀਤੇ ਸਾਰੇ ਗੀਤ ਬਹੁਤ ਮਸ਼ਹੂਰ ਹੋਏ ਸਨ, ਖ਼ਾਸ ਕਰ ਇੱਕ ਗੀਤ ਜਿਸ ਦੇ ਬੋਲ ਸਨ "ਚੰਨ ਮੇਰੇ ਮੱਖਣਾ ਤੇ ਹੱਸ ਕੇ ਇੱਕ ਪੱਲ ਏਧਰ ਤੱਕਣਾ" ਜਿਸ ਨੂੰ ਫ਼ਿਲਮ ਵਿਚ ਦੋ ਵਾਰ ਫ਼ਿਲਮਾਇਆ ਗਿਆ ਸੀ। ਇੱਕ ਵਾਰ ਇਨਾਇਤ ਹੁਸੈਨ ਭੱਟੀ ਅਤੇ ਦੂਸਰੀ ਵਾਰ ਗਾਇਕਾ ਮਾਲਾ ਵੱਲੋਂ ਗਾਏ ਇਸ ਗੀਤ ਨੂੰ ਅਦਾਕਾਰਾ ਰਾਣੀ ਅਤੇ ਇਨਾਇਤ ਹੁਸੈਨ ਭੱਟੀ ਤੇ ਫ਼ਿਲਮਾਇਆ ਗਿਆ ਸੀ ਬੇਹੱਦ ਮਕਬੂਲ ਹੋਇਆ ਸੀ। ਇਸ ਗੀਤ ਨੂੰ ਅੱਜ ਵੀ ਓਨੀ ਹੀ ਸ਼ੌਹਰਤ ਹਾਸਿਲ ਹੈ, ਜਿੰਨੀ ਓਸ ਵੇਲੇ ਸੀ।

70 ਅਤੇ 80 ਦੇ ਦਹਾਕੇ ਤੱਕ ਰਾਣੀ ਦਾ ਸ਼ੁਮਾਰ ਫ਼ਿਲਮ ਇੰਡਸਟਰੀ ਦੀਆਂ ਚੋਟੀ ਦੀਆਂ ਹੀਰੋਇਨਾਂ ਵਿਚ ਕੀਤਾ ਜਾਂਦਾ ਰਿਹਾ। ਇਸੇ ਸਮੇਂ ਦੌਰਾਨ ਰਾਣੀ ਨੇ ਕਈ ਯਾਦਗਾਰ ਤੇ ਹਿੱਟ ਪੰਜਾਬੀ ਤੇ ਉਰਦੂ ਫ਼ਿਲਮਾਂ ਵਿਚ ਕੰਮ ਕੀਤਾ। ਜਿੱਥੇ ਉਰਦੂ ਫ਼ਿਲਮਾਂ ਵਿਚ ਰਾਣੀ ਦੇ ਡਾਂਸ ਦੇ ਲੱਖਾਂ ਲੋਕ ਦੀਵਾਨੇ ਸਨ, ਉੱਥੇ ਪੰਜਾਬੀ ਫ਼ਿਲਮਾਂ ਵਿਚ ਰਾਣੀ ਆਪਣੀ ਮਾਸੂਮ ਦਿੱਖ, ਸਾਦਾ ਅਤੇ ਅਸਲ ਜ਼ਿੰਦਗੀ ਦੇ ਬਹੁਤ ਕਰੀਬ ਨਜ਼ਰ ਆਉਂਦੇ ਕਿਰਦਾਰਾਂ ਲਈ ਮਸ਼ਹੂਰ ਸੀ। ਰਾਣੀ ਦੀਆਂ ਸੁਪਰਹਿੱਟ ਉਰਦੂ ਫ਼ਿਲਮਾਂ ਵਿਚ ਅੰਜੁਮਨ, ਖਲਸ਼, ਤਹਿਜ਼ੀਬ, ਨਾਗਮਣੀ, ਬਹਾਰੋ ਫੂਲ ਬਰਸਾਓ, ਉਮਰਾਓ ਜਾਨ ਅਦਾ, ਏਕ ਗੁਨਾਹ ਔਰ ਸਹੀ, ਸਹੇਲੀ, ਤਰਾਨਾ, ਆਸਪਾਸ ਅਤੇ ਖ਼ੂਨ ਔਰ ਪਾਣੀ ਪ੍ਰਮੁੱਖ ਹਨ। ਰਾਣੀ ਦੀਆਂ ਹਿੱਟ ਪੰਜਾਬੀ ਫ਼ਿਲਮਾਂ ਦੀ ਜੇਕਰ ਗੱਲ ਕੀਤੀ ਜਾਵੇ, ਤਾਂ ਉਨ੍ਹਾਂ ਵਿਚ ਸ਼ਾਮਲ ਹਨ ਦੁਨੀਆਂ ਮਤਲਬ ਦੀ, ਬਾਬਲ, ਟੈਕਸੀ ਡਰਾਇਵਰ, ਉੱਚਾ ਨਾਂ ਪਿਆਰ ਦਾ, ਜੀਆ ਓ ਜੱਟਾ, ਗੈਰਤ ਤੇ ਕਾਨੂੰਨ ਅਤੇ ਸੋਨਾ ਚਾਂਦੀ ਪ੍ਰਮੁੱਖ ਹਨ। ਆਪਣੇ ਪੂਰੇ ਫ਼ਿਲਮੀ ਕੈਰੀਅਰ ਦੌਰਾਨ ਰਾਣੀ ਨੇ ਕੁੱਲ 171 ਦੇ ਕਰੀਬ ਉਰਦੂ ਅਤੇ ਪੰਜਾਬੀ ਫ਼ਿਲਮਾਂ ਵਿਚ ਕੰਮ ਕੀਤਾ। ਰਾਣੀ 'ਤੇ ਫ਼ਿਲਮਾਏ ਬਹੁਤ ਸਾਰੇ ਗੀਤ ਹਿੱਟ ਹੋਏ, ਜਿਨ੍ਹਾਂ ਵਿਚੋਂ ਕੁੱਝ ਮਸ਼ਹੂਰ ਗੀਤਾਂ ਦੇ ਬੋਲ ਕੁੱਝ ਇਸ ਤਰ੍ਹਾਂ ਹਨ:-


* ਸਾਜਨਾ ਰੇ ਜੀਆ ਤੜਪੇ ਫ਼ਿਲਮ ਨਾਗਮਣੀ, ਹਮ ਹੈ ਦੀਵਾਨੇ ਤੇਰੇ, ਆਸ਼ਿਕ ਪਰਵਾਨੇ ਤੇਰੇ ਫ਼ਿਲਮ ਆਖਰੀ ਚੱਟਾਨ, ਜਿਸ ਤਰਫ਼ ਆਂਖ ਉਠਾਊਂ ਤੇਰੀ ਤਸਵੀਰਾ ਹੈ ਫ਼ਿਲਮ ਸੁਰੱਈਆ ਭੂਪਾਲੀ, ਆਪ ਦਿਲ ਕੀ ਅੰਜੁਮਨ ਮੇ ਹੁਸਨ ਬਣ ਕਰ ਆ ਗਏ ਫ਼ਿਲਮ ਅੰਜੁਮਨ, ਜੋ ਬਚਾ ਥਾ ਵੋ ਲੁਟਾਨੇ ਕੇ ਲੀਏ ਆਏ ਹੈ ਫ਼ਿਲਮ ਉਮਰਾਓ ਜਾਨ ਅਦਾ, ਮੈਂ ਜਿਸ ਦਿਨ ਭੁਲਾ ਦੂੰ ਤੇਰਾ ਪਿਆਰ ਦਿਲ ਸੇ ਫ਼ਿਲਮ ਖੁਸ਼ਬੂ, ਨਾ ਰੋ ਬਾਬਲਾ ਫ਼ਿਲਮ ਇਸ਼ਕ ਸਮੁੰਦਰ, ਹੱਥ ਮਿਲਾ ਦਿਲਦਾਰਾ ਗੱਲ ਪੱਕੀ ਹੋ ਗਈ ਫ਼ਿਲਮ ਸੋਨਾ ਚਾਂਦੀ।

ਅਦਾਕਾਰਾ ਰਾਣੀ ਨੇ ਆਪਣੇ ਫ਼ਿਲਮੀ ਕੈਰੀਅਰ ਦੌਰਾਨ ਕਈ ਯਾਦਗਾਰ ਫ਼ਿਲਮਾਂ ਕੀਤੀਆਂ, ਜਿਨ੍ਹਾਂ ਵਿਚ ਨਿਭਾਏ ਉਸ ਦੇ ਕਿਰਦਾਰਾਂ ਦੀ ਬਦੌਲਤ ਰਾਣੀ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ, ਖਾਸ ਕਰ ਫ਼ਿਲਮ ਉਮਰਾਓ ਜਾਨ ਅਦਾ ਵਿਚ ਉਸ ਵੱਲੋਂ ਨਿਭਾਏ ਦੁੱਖਾਂ ਦੀ ਮਾਰੀ, ਬੇਬਸ ਅਤੇ ਮਜਬੂਰ ਤਵਾਇਫ਼ ਉਮਰਾਓ ਜਾਨ ਦੇ ਕਿਰਦਾਰ ਕਰਕੇ ਰਾਣੀ ਅੱਜ ਵੀ ਫ਼ਿਲਮ ਪ੍ਰੇਮੀਆਂ ਦੇ ਦਿਲਾਂ ਵਿਚ ਵਸਦੀ ਹੈ। ਬਿਹਤਰੀਨ ਅਦਾਕਾਰੀ ਲਈ ਰਾਣੀ ਨੂੰ ਬੈਸਟ ਐਕਟਰਸ ਦੇ ਦੋ ਨਿਗਾਰ ਅਵਾਰਡ ਹਾਸਿਲ ਹੋਏ, 1968 ਵਿਚ ਫ਼ਿਲਮ ਮੇਰਾ ਘਰ ਮੇਰੀ ਜੰਨਤ ਅਤੇ 1983 ਵਿਚ ਫ਼ਿਲਮ ਸੋਨਾ ਚਾਂਦੀ ਲਈ। ਸੰਨ 1990 ਵਿਚ ਰਾਣੀ ਨੇ ਪੀ.ਟੀ.ਵੀ. ਦੇ ਦੋ ਸੀਰੀਅਲਾਂ ਫਰੇਬ ਅਤੇ ਖਵਾਹਿਸ਼ ਵਿਚ ਵੀ ਯਾਦਗਾਰੀ ਰੋਲ ਅਦਾ ਕੀਤੇ।

ਆਪਣੇ ਕੈਰੀਅਰ ਦੇ ਸ਼ੁਰੂਆਤੀ ਦੌਰ ਵਿਚ ਹੀ ਰਾਣੀ ਨੇ ਫ਼ਿਲਮ ਨਿਰਦੇਸ਼ਕ ਹਸਨ ਤਾਰਿਕ ਨਾਲ ਨਿਕਾਹ ਕਰ ਲਿਆ ਸੀ, ਜਿਨ੍ਹਾਂ ਤੋਂ ਉਨ੍ਹਾਂ ਘਰ ਇੱਕ ਬੇਟੀ ਰਾਬੀਆ ਹਸਨ ਨੇ ਜਨਮ ਲਿਆ ਪਰ ਛੇਤੀ ਹੀ ਆਪਸੀ ਤਕਰਾਰ ਦੀ ਵਜ੍ਹਾ ਕਰਕੇ 1970 ਦੇ ਅਖੀਰ ਵਿਚ ਦੋਵਾਂ ਦਾ ਤਲਾਕ ਹੋ ਗਿਆ। ਰਾਣੀ ਨੇ ਦੂਸਰੀ ਸ਼ਾਦੀ ਫ਼ਿਲਮ ਨਿਰਮਾਤਾ ਜਾਵੇਦ ਕਮਰ ਨਾਲ ਕੀਤੀ ਪਰ ਉਸ ਨੇ ਰਾਣੀ ਨੂੰ ਉਦੋਂ ਤਲਾਕ ਦੇ ਦਿੱਤਾ, ਜਦੋਂ ਉਸ ਨੂੰ ਪਤਾ ਲੱਗਾ ਕਿ ਰਾਣੀ ਲਾਇਲਾਜ ਬੀਮਾਰੀ ਕੈਂਸਰ ਦੀ ਲਪੇਟ ਵਿਚ ਆ ਚੁੱਕੀ ਹੈ। ਦੂਸਰੀ ਸ਼ਾਦੀ ਦੇ ਟੁੱਟਣ ਤੋਂ ਬਾਅਦ ਰਾਣੀ ਨੇ ਆਪਣੀ ਬੇਟੀ ਨਾਲ ਇਕੱਲਿਆਂ ਜ਼ਿੰਦਗੀ ਕੱਟਣ ਦਾ ਫੈਸਲਾ ਲਿਆ ਪਰ ਲੰਦਨ ਵਿਚ ਕੈਂਸਰ ਦੇ ਇਲਾਜ ਦੌਰਾਨ ਗ਼ਮਾਂ ਦੀ ਮਾਰੀ ਤੇ ਇਕੱਲਾਪੇ ਦਾ ਸ਼ਿਕਾਰ ਹੋਈ ਰਾਣੀ ਦਾ ਮਸ਼ਹੂਰ ਕ੍ਰਿਕਟਰ ਸਰਫ਼ਰਾਜ ਨਵਾਜ਼ ਨੇ ਬਹੁਤ ਸਾਥ ਦਿੱਤਾ। ਛੇਤੀ ਹੀ ਦੋਵਾਂ ਵਿਆਹ ਕਰਵਾ ਲਿਆ ਪਰ ਅਖੀਰ ਉਹ ਵੀ ਛੱਡ ਗਿਆ। 27 ਮਈ, 1993 ਵਿਚ ਸਿਰਫ਼ 46 ਸਾਲ ਦੀ ਉਮਰ ਵਿਚ ਰਾਣੀ ਇਸ ਦੁਨੀਆਂ ਨੂੰ ਸਦਾ ਲਈ ਅਲਵਿਦਾ ਆਖ ਗਈ ਪਰ ਮਰਨ ਤੋਂ ਕੁਝ ਦਿਨ ਪਹਿਲਾਂ ਰਾਣੀ ਨੇ ਆਪਣੀ ਆਖਰੀ ਖਵਾਹਿਸ਼ ਆਪਣੀ ਇਕਲੌਤੀ ਧੀ ਦਾ ਵਿਆਹ ਕਰਕੇ ਪੂਰੀ ਕੀਤੀ।

# ਧਰਤੀ ਦੀ ਨਾਯਾਬ ਛਬੀਲੀ ਅਮਾਨਤ : ਕਸ਼ਮੀਰ (ਸ਼੍ਰੀਨਗਰ)

ਬਲਵਿੰਦਰ 'ਬਾਲਮ' ਗੁਰਦਾਸਪੁਰ
ਉਂਕਾਰ ਨਗਰ, ਗੁਰਦਾਸਪੁਰ (ਪੰਜਾਬ)
ਮੋ. : 98156-25409
(Punjab Mail USA)



ਹੈਲ ਬਾਂਕਾ ਹਿਰਦੇਗਾਮੀ ਅਤੇ ਲੌਕਿਕਤਾ ਵਿਚ ਅਲੌਕਿਕਤਾ ਦਾ ਸਰੂਪ ਹੈ, ਧਰਤੀ ਦੀ ਨਾਯਾਬ ਛਬੀਲੀ ਅਮਾਨਤ ਕਸ਼ਮੀਰ (ਸ੍ਰੀਨਗਰ)। ਸੁੰਦਰਤਾ ਕੁਦਰਤ ਨਾਲ ਕੀਕਲੀ ਪਾਉਂਦੀ ਹੋਈ ਕਸ਼ਮੀਰ ਸੱਭਿਆਚਾਰ ਦੀ ਖ਼ੁਸ਼ਬੂ ਨੂੰ ਬੁਲੰਦੀ ਦੇ ਜਾਂਦੀ ਹੈ। ਜਿੱਥੇ ਖ਼ੂਬਸੂਰਤੀਆਂ ਦੇ ਹਕੀਕੀ, ਪ੍ਰਯੋਗੀ ਪ੍ਰਤੀਕਾਤਮਿਕ, ਮੂਰਤ ਅਤੇ ਅਮੂਰਤ ਬਿੰਬਾਂ ਦੇ ਦਿਲ ਖਿੱਚਵੇਂ ਦ੍ਰਿਸ਼ ਮਨੁੱਖ ਨੂੰ ਜੰਨਤ ਦਾ ਅਹਿਸਾਸ ਕਰਵਾਉਣ ਦੇ ਅਰਥ ਬਖ਼ਸ਼ ਜਾਂਦੇ ਹਨ।

ਬਟਾਲਾ ਤੋਂ ਪ੍ਰਸਿੱਧ ਸਾਹਿਤਕਾਰ ਅਤੇ ਸਾਹਿਤਕ ਫ਼ੋਟੋਗ੍ਰਾਫਰ ਜਨਾਬ ਹਰਭਜਨ ਸਿੰਘ ਬਾਜਵਾ ਦਾ ਫ਼ੋਨ ਆਇਆ ਕਿ ਕਸ਼ਮੀਰ ਚੱਲਨਾ ਏ'। ਮੈਂ ਝੱਟ ਦੀ ਹਾਂ ਕਰ ਦਿੱਤੀ। ਸਾਡੇ ਨਾਲ ਪ੍ਰਸਿੱਧ ਸ਼ਾਇਰ ਜਨਾਬ ਜਸਵੰਤ ਹਾਂਸ, ਸੁੱਚਾ ਸਿੰਘ ਰੰਧਾਵਾ, ਸੁਖਦੇਵ ਸਿੰਘ ਕਾਹਲੋਂ, ਸੰਤੋਖ ਸਿੰਘ ਸਮਰਾ ਤੇ ਅਮਰਜੀਤ ਸਿੰਘ ਵੀ ਤਿਆਰ ਹੋ ਗਏ।

ਲੰਬੇ ਸਫ਼ਰ 'ਤੇ ਮਹਿੰਗੇ ਸ਼ਹਿਰ ਜਾਣਾ ਹੋਵੇ, ਤਾਂ ਇਕ ਗਰੁੱਪ ਜ਼ਰੂਰ ਚਾਹੀਦਾ ਹੈ। ਇਸ ਨਾਲ ਪੈਸਾ ਵੀ ਬਚਦਾ ਹੈ ਅਤੇ ਮਨੋਰੰਜਨ ਵੀ ਚੋਖਾ ਹੁੰਦਾ ਹੈ ਕਿਉਂਕਿ ਟੈਕਸੀ ਵਿਚ ਲਗਭਗ 7 ਬੰਦੇ ਹੀ ਬੈਠ ਸਕਦੇ ਹਨ।

ਅਸੀਂ ਸਵੇਰੇ 9 ਵਜੇ ਦੇ ਕਰੀਬ ਸਾਰੇ ਦੋਸਤ ਗੁਰਦਾਸਪੁਰ ਦੇ ਬੱਸ ਸਟੈਂਡ ਤੋਂ ਬੱਸ ਲੈ ਕੇ ਜੰਮੂ ਵੱਲ ਰਵਾਨਾ ਹੋ ਗਏ।

ਮੈਂ ਦੱਸਣਾ ਚਾਹੁੰਦਾ ਹਾਂ ਕਿ ਗੁਰਦਾਸਪੁਰ ਸ਼ਹਿਰ ਦਾ ਨਾਂ ਬਾਬਾ ਗੁਰੀਆ ਤੋਂ ਪ੍ਰਚਲਿਤ ਹੋਇਆ। ਬਾਬਾ ਗੁਰੀਆ ਜੀ ਦਾ ਪਰਿਵਾਰ ਹੀ ਗੁਰਦਾਸਪੁਰ ਦੇ ਪਹਿਲੇ ਨਿਵਾਸੀਆਂ 'ਚੋਂ ਸੀ। ਗੁਰਦਾਸਪੁਰ ਦੀ ਹੱਦ ਪਾਕਿਸਤਾਨ ਦੀ ਹੱਦ ਨਾਲ ਲੱਗਦੀ ਹੈ। ਗੁਰਦਾਸਪੁਰ ਦੇ ਆਸ-ਪਾਸ ਅਨੇਕਾਂ ਇਤਿਹਾਸਿਕ ਤੇ ਧਾਰਮਿਕ ਸਥਾਨ ਵੇਖਣਯੋਗ ਹਨ।

ਗੁਰਦਾਸਪੁਰ ਤੋਂ ਅਸੀਂ ਸਰਨੇ ਅਤੇ ਮਾਧੋਪੁਰ 'ਚੋਂ ਲੰਘਦੇ ਹੋਏ ਜੰਮੂ ਵੱਲ ਵਧਦੇ ਗਏ। ਕਸਬਾ ਸਰਨਾ ਇਕ ਐਸਾ ਸਥਾਨ ਹੈ, ਜਿੱਥੇ ਹਿਮਾਚਲ ਪ੍ਰਦੇਸ਼ ਅਤੇ ਜੰਮੂ ਦੇ ਵਾਹਨਾਂ ਦਾ ਸੰਗਮ ਹੁੰਦਾ ਹੈ। ਸਰਨਾ ਤੋਂ ਹੋ ਕੇ ਹੀ ਵਾਹਨ ਜੰਮੂ-ਕਸ਼ਮੀਰ ਤੋਂ ਹਿਮਾਚਲ ਜਾਂਦੇ ਹਨ। ਤੁਸੀਂ ਪਠਾਨਕੋਟ ਤੋਂ ਵੀ ਜੰਮੂ-ਕਸ਼ਮੀਰ ਜਾਂ ਹਿਮਾਚਲ ਜਾ ਸਕਦੇ ਹੋ।

ਮਾਧੋਪੁਰ ਕਸਬੇ ਦੇ ਬਾਗ ਅਤੇ ਨਹਿਰ ਦੇ ਨਜ਼ਾਰੇ ਵੇਖਣ ਵਾਲੇ ਹਨ। ਨਹਿਰ ਦੇ ਕਿਨਾਰੇ ਸਰਕਾਰੀ ਹੋਟਲ ਹੈ ਅਤੇ ਪ੍ਰਾਈਵੇਟ ਹੋਟਲ ਵੀ ਹਨ। ਮਾਧੋਪੁਰ ਦੇ ਨਾਲ ਰਾਵੀ ਦਰਿਆ ਵਹਿੰਦਾ ਹੈ। ਰਾਵੀ ਦਰਿਆ ਦੇ ਏਧਰ ਪੰਜਾਬ ਦੀ ਹੱਦ ਹੈ ਤੇ ਪਾਰ ਉਧਰ ਜੰਮੂ-ਕਸ਼ਮੀਰ ਦੀ ਹੱਦ ਹੈ। ਮਾਧੋਪੁਰ ਟੱਪਦੇ ਹੀ ਮੋਬਾਇਲ ਬੰਦ ਹੋ ਜਾਂਦੇ ਹਨ। ਕੁਝ ਹੀ ਮੋਬਾਈਲ ਚਲਦੇ ਹਨ।

ਰਾਵੀ ਦਰਿਆ ਪਾਰ ਕਰਦਿਆਂ ਹੀ ਕੁਝ ਮਿੰਟਾਂ ਤੋਂ ਬਾਅਦ ਲਖਣਪੁਰ ਅਤੇ ਸਾਂਭਾ ਕਸਬੇ ਆ ਜਾਂਦੇ ਹਨ। ਲਖਣਪੁਰ ਵਿਖੇ ਜੰਮੂ ਦਾ ਬੈਰੀਅਰ ਹੈ। ਬੈਰੀਅਰ ਪਾਰ ਕਰਦੇ ਹੀ ਇਥੇ ਬੱਸਾਂ ਤੇ ਹੋਰ ਵਾਹਨ ਖੜ੍ਹੇ ਹੁੰਦੇ ਹਨ, ਜਿਥੇ ਲੋਕ ਚਾਹ-ਪਾਣੀ, ਨਾਸ਼ਤਾ, ਭੋਜਨ ਆਦਿ ਕਰ ਸਕਦੇ ਹਨ। ਇਸ ਸਥਾਨ ਦੇ ਵੜੇ-ਭੱਲੇ, ਪਕੌੜੇ ਬਹੁਤ ਸਵਾਦੀ ਤੇ ਮਸ਼ਹੂਰ ਹਨ। ਖੱਟੀ ਮਿੱਠੀ ਚਟਨੀ, ਮੂਲਕਸ਼ ਕੀਤੀ ਮੂਲੀ, ਮਸਾਲੇਦਾਰ ਝਟਪਟੀ ਮਿਸ਼ਰਤ ਚੱਟਨੀ ਮੂੰਹ ਸਵਾਦ-ਸਵਾਦ ਕਰ ਜਾਂਦੀ। ਅਨੇਕਾਂ ਹੀ ਪਰਿਵਾਰ ਇਸ ਧੰਦੇ 'ਚੋਂ ਆਪਣੇ ਪਰਿਵਾਰ ਪਾਲ ਰਹੇ ਹਨ।


ਇਸ ਤੋਂ ਬਾਅਦ ਅਨੇਕਾਂ ਹੀ ਪੁੱਲ ਪਾਰ ਕਰਦੇ ਹੋਏ ਅਸੀਂ ਲਗਭਗ ਤਿੰਨ ਘੰਟਿਆਂ ਤੋਂ ਬਾਅਦ ਜੰਮੂ ਪਹੁੰਚ ਗਏ। ਜੰਮੂ ਬੱਸ ਸਟੈਂਡ ਦੇ ਬਾਹਰ ਅਨੇਕਾਂ ਹੀ ਟੈਕਸੀਆਂ ਵਾਲੇ ਮਿਲ ਜਾਂਦੇ ਹਨ। ਅਸੀਂ ਟੈਕਸੀ ਡਰਾਈਵਰਾਂ ਨਾਲ ਗੱਲਬਾਤ ਕੀਤੀ। ਜੰਮੂ ਤੋਂ ਕਸ਼ਮੀਰ ਦਾ ਰੇਟ ਤੈਅ ਕਰਨ ਲੱਗ ਪਏ। ਇਸ ਸਥਾਨ ਤੋਂ ਟੈਕਸੀ ਸਸਤੀ ਮਿਲ ਜਾਂਦੇ ਹੈ ਕਿਉਂਕਿ ਜੋ ਡਰਾਈਵਰ ਕਸ਼ਮੀਰ (ਸ਼੍ਰੀਨਗਰ) ਤੋਂ ਸਵਾਰੀ ਲੈ ਕੇ ਆਉਂਦੇ ਹਨ, ਉਹ ਫਿਰ ਖਾਲੀ ਨਹੀਂ ਜਾਂਦੇ, ਸਵਾਰੀ ਲੈ ਕੇ ਹੀ ਜਾਂਦੇ ਹਨ। ਇਸ ਕਰਕੇ ਟੈਕਸੀ ਸਸਤੀ ਪੈਂਦੀ ਹੈ। ਲਗਭਗ ਤਿੰਨ ਹਜ਼ਾਰ ਵਿਚ 7 ਸੀਟਾਂ ਵਾਲੀ ਟੈਕਸੀ ਕਰ ਲਈ। ਨੀਮ ਪਹਾੜੀ ਇਲਾਕੇ ਦਾ ਨਜ਼ਾਰਾ ਵੇਖਦੇ ਹੋਏ ਟੈਕਸੀ ਸਰਪਟ ਦੌੜਣ ਲੱਗੀ। ਕਈ ਸੁਰੰਗਾਂ ਲੰਘਦੇ ਹੋਏ ਟੈਕਸੀ ਹਵਾ ਨਾਲ ਗੱਲਾਂ ਕਰਦੀ ਜਾ ਰਹੀ ਸੀ।

ਪਟਨੀ ਟਾਪ ਦੀ ਸਭ ਤੋਂ ਵੱਡੀ ਸੁਰੰਗ ਲਗਭਗ 9 ਕਿਲੋਮੀਟਰ ਲੰਬੀ ਸੁਰੰਗ ਦਾ ਨਜ਼ਾਰਾ ਕਮਾਲ ਦਾ ਹੈ। ਇਸ ਸੁਰੰਗ ਨੂੰ ਪਾਰ ਕਰਦਿਆਂ ਲਗਭਗ 6 ਮਿੰਟ ਲੱਗਦੇ ਹਨ।

ਅਸੀਂ ਰਸਤੇ 'ਚੋਂ ਕਿਸੇ ਹੋਟਲ ਤੋਂ ਖ਼ਾਣਾ ਭੋਜਨ ਖਾ ਕੇ ਰਾਤ ਨੂੰ ਲਗਭਗ 8 ਵਜੇ ਦੇ ਕਰੀਬ ਡੱਲ ਝੀਲ ਸਾਹਮਣੇ ਤੁਲੀ ਹੋਟਲ ਵਿਚ ਪਹੁੰਚ ਗਏ।

ਜਦੋਂ ਵੀ ਕਸ਼ਮੀਰ ਜਾਓ, ਕੋਸ਼ਿਸ਼ ਕਰੋ ਕਿ ਕਮਰਾ ਡੱਲ ਝੀਲ ਦੇ ਸਾਹਮਣੇ ਵਾਲੇ ਹੋਟਲਾਂ ਵਿਚ ਹੀ ਲਿਆ ਜਾਏ। ਡੱਲ ਝੀਲ ਦੇ ਨਾਲ ਲੰਗਦੀ ਸੜਕ ਦੇ ਨਾਲ-ਨਾਲ ਹੋਟਲ ਹੀ ਹੋਟਲ ਹਨ। ਤੁਲੀ ਹੋਟਲ ਵਿਚ ਸਾਨੂੰ ਇਕ ਕਮਰਾ ਲਗਭਗ ਨੌ ਸੌ ਰੁਪਏ ਵਿਚ ਮਿਲ ਗਿਆ। ਅਸੀਂ ਤਿੰਨ ਕਮਰੇ ਲੈ ਲਏ।

ਰਾਤ ਖ਼ਾਣਾ ਖ਼ਾਣ ਤੋਂ ਬਾਅਦ ਗੱਪ-ਛੱਪ ਮਾਰ ਕੇ ਸਵੇਰੇ ਤੜਕੇ ਅਸੀਂ ਡੱਲ ਝੀਲ ਦੀਆਂ ਮਨਮੋਹਕ ਤਸਵੀਰਾਂ ਕੈਮਰੇ ਵਿਚ ਕੈਦ ਕੀਤੀਆਂ।





ਅਸੀਂ ਘੁੰਮਣ-ਫ਼ਿਰਨ ਦਾ ਸਾਰਾ ਪ੍ਰੋਗਰਾਮ ਬਣਾ ਲਿਆ। ਡੱਲ ਝੀਲ ਵਿਚ ਸ਼ਿਕਾਰੇ ਦੇ ਜ਼ਰੀਏ ਘੁੰਮਣ ਦਾ ਪ੍ਰੋਗਰਾਮ ਆਪਸ ਵਿਚ ਤੈਅ ਕਰ ਲਿਆ।

ਅਸੀਂ ਕਸ਼ਮੀਰ ਵਿਚ ਲਗਭਗ ਇਕ ਹਫ਼ਤਾ ਠਹਿਰੇ। ਅਸੀਂ ਕਸ਼ਮੀਰ ਦੇ ਪਾਸ-ਪਾਸ ਜਾ ਦੂਰ-ਦੁਰਾਡੇ ਦੇ ਸ਼ਹਿਰ ਵੇਖਣ ਲਈ ਜਾਂਦੇ, ਤਾਂ ਕਿਰਾਏ 'ਤੇ ਟੈਕਸੀ ਲੈ ਲੈਂਦੇ। ਇਕ ਟੈਕਸੀ ਲਗਭਗ ਦੋ-ਢਾਈ ਹਜ਼ਾਰ ਰੁਪਏ ਵਿਚ ਪੈਂਦੀ ਸੀ।

ਕਸ਼ਮੀਰ ਦੇ ਸਾਰੇ ਮੁਗਲ-ਬਾਗ, ਪਹਿਲਗਾਮ, ਪ੍ਰਸਿੱਧ ਸ਼ੰਕਰਚਾਰਿਆ ਮੰਦਿਰ, ਗੁਰਦੁਆਰੇ, ਗੁਲ ਮਰਗ, ਸੋਨ ਮਰਗ ਅਤੇ ਕਈ ਹੋਰ ਖ਼ੂਬਸੂਰਤ ਸਥਾਨਾਂ ਨੂੰ ਆਪਣੇ ਕੈਮਰੇ ਵਿਚ ਕੈਦ ਕੀਤਾ।

ਛੈਲ ਛਬੀਲਾ, ਰੰਗ-ਰੰਗੀਲਾ ਅਤੇ ਸੁੰਦਰਤਾ ਦਾ ਇਨਸਾਈਕਲੋਪੀਡੀਆ ਹੈ ਕਸ਼ਮੀਰ! ਕਸ਼ਮੀਰ ਦੀ ਵਿਸ਼ਵ ਪ੍ਰਸਿੱਧ ਡੱਲ ਝੀਲ ਰੁਜ਼ਗਾਰਦਾਤੀ ਹੈ। ਵੈਕੁੰਠ ਦੀ ਪਰਿਭਾਸ਼ਾ, ਅਦਭੁੱਤ ਕਰਿਸ਼ਮਾ, ਧਾਰਮਿਕ ਸਥਾਨਾਂ ਦਾ ਦੇਵ ਲੋਕ। ਕਸ਼ਮੀਰ ਦੀ ਧਰਤੀ ਨੂੰ ਕੁਦਰਤ ਨੇ ਦੁਲਹਨ ਵਾਂਗ ਸ਼ਿੰਗਾਰਿਆ ਹੈ। ਸੰਪੂਰਨ ਆਨੰਦ, ਖ਼ੁਸ਼ੀ ਦਾ ਖਜ਼ਾਨਾ। ਕੁਦਰਤ ਇਥੇ ਸਾਹਿਤ ਬਖ਼ਸ਼ਦੀ ਹੈ। ਸੁੰਦਰਤਾ ਦੇ ਵੱਖ-ਵੱਖ ਗਹਿਣਿਆਂ ਨਾਲ ਮਾਲਾ ਮਾਲ। ਕੁਦਰਤ ਇਥੇ ਹਜ਼ਾਰਾਂ ਦੀ ਖ਼ੂਬਸੂਰਤ ਰੰਗਾਂ ਨੂੰ ਧਰਤੀ 'ਤੇ ਅਲੰਕਾਰ ਕਰਦੀ ਹੋਈ ਵਸੀਅਤ ਲਿਖਦੀ ਹੈ। ਪ੍ਰਤੀਕ ਬਿੰਬ, ਤਸਬੀਹਾਂ, ਉਪਮਾ ਆਦਿ ਕੁਦਰਤ ਦੀ ਰਚਨਾ ਦਾ ਹੀ ਸਰੂਪ ਹਨ। ਕਸ਼ਮੀਰ ਦੀ ਧਰਤੀ ਅਦਭੁੱਤ ਕੀਮਤੀ ਫ਼ਸਲਾਂ ਦੀ ਜਨਮਦਾਤੀ ਹੈ। ਆਯੁਰਵੈਦ ਦੀ ਮੂਲ ਜੜ੍ਹ ਹੈ ਇਸ ਧਰਤੀ ਦੀ ਬਨਸਪਤੀ। ਕੁਦਰਤ ਦੀ ਕੋਈ ਭਾਸ਼ਾ ਨਹੀਂ ਹੁੰਦੀ ਪਰ ਇਸ ਨੂੰ ਹਰ ਪ੍ਰਾਣੀ ਮਹਿਸੂਸ ਕਰ ਸਕਦਾ ਹੈ। ਕਸ਼ਮੀਰ ਵਿਖੇ ਜਦ ਕੁਦਰਤ ਸੁੰਦਰ ਬਰਫੀਲੀ ਪਹਾੜੀਆਂ ਦੇ ਨਗਨ ਤਨ ਉਪਰ ਦਸਤਖਤ ਕਰਦੀ ਹੈ, ਤਾਂ ਵਾਤਾਵਰਣ ਵਿਚ ਠੰਢਕ ਆਪਣੇ ਜਲਵੇ ਦਾ ਮਜ਼ਾ ਦੇ ਦਿੰਦੀ ਹੈ।

ਕਸ਼ਮੀਰ (ਸ੍ਰੀਨਗਰ) ਵਿਖੇ ਡੱਲ ਝੀਲ ਸਭ ਤੋਂ ਖ਼ੂਬਸੂਰਤ ਵਿਸ਼ਵ ਪ੍ਰਸਿੱਧ ਦੇਖਣ ਵਾਲਾ ਸਥਾਨ ਮੰਨਿਆ ਜਾਂਦਾ ਹੈ, ਜਿਥੇ ਕੁਦਰਤ ਨੇ ਹਰ ਸ਼ੈਅ ਵਿਚ ਸੁੰਦਰਤਾ ਭਰਕੇ ਪ੍ਰਮਾਤਮਾ ਦੇ ਰੂਪ ਦਾ ਇਕ ਹਿੱਸਾ ਅਲੰਕਾਰ ਕਰ ਦਿੱਤਾ ਹੈ। ਖ਼ੂਬਸੂਰਤੀ ਦਾ ਇਨਸਾਨੀਅਤ ਸਥਾਨ। ਕੁਦਰਤ ਆਪਣੇ ਗੁਲਫਾਮ ਅਭਿਵਾਦਨ ਵਿਚ ਜੀ ਆਇਆਂ ਕਹਿੰਦੀ ਪ੍ਰਤੀਤ ਹੁੰਦੀ ਹੈ।


ਡੱਲ ਝੀਲ ਦਾ ਪਾਣੀ ਕਈ ਰੰਗਾਂ ਵਿਚ ਆਪਣੇ ਰੂਪ ਬਦਲਦਾ ਹੈ। ਕੁਦਰਤ ਦਾ ਅਦਭੁੱਤ ਰੁਪਮਾਨ ਅਨੁਪਮ ਨਜ਼ਾਰਾ। ਕੁਦਰਤ ਜਿਵੇਂ ਖ਼ੂਬਸੂਰਤ ਮਰਮਸਪਰਸ਼ੀ ਵੱਖ-ਵੱਖ ਵਿਧਾਵਾਂ ਵਿਚ ਦ੍ਰਿਸ਼ਾਵਲੀਆਂ ਦਾ ਸਾਹਿਤ ਲਿਖ ਰਹੀ ਹੋਵੇ।

ਸਾਫ਼ ਪਾਣੀ ਦੀ ਇਹ ਭਾਰਤ ਦੀ ਸਭ ਤੋਂ ਵੱਡੀ ਝੀਲ ਹੈ ਅਤੇ ਵਿਸ਼ਵ ਪ੍ਰਸਿੱਧ ਹੈ। ਇਸਦੀ ਕੁੱਲ ਲੰਬਾਈ 8 ਕਿਲੋਮੀਟਰ ਅਤੇ ਚੌੜਾਈ 4 ਕਿਲੋਮੀਟਰ ਹੈ। ਡੱਲ ਝੀਲ ਨੂੰ ਸ਼੍ਰੀਨਗਰ ਸ਼ਹਿਰ ਦਾ ਦਿਲ ਵੀ ਕਿਹਾ ਜਾਂਦਾ ਹੈ। ਇਸੇ ਝੀਲ ਦੇ ਉਪਰ, ਝੀਲ ਦੇ ਨਾਲ-ਨਾਲ ਮੁਗਲ ਬਾਗ ਸ਼ੋਭਨੀਏ ਹਨ। ਜਿਸ ਤਰ੍ਹਾਂ ਚਸ਼ਮੇਸ਼ਾਹੀ, ਨਹਿਰੂ ਪਾਰਕ, ਪਰੀ ਮਹਿਲ, ਨਿਸ਼ਾਤ ਬਾਗ ਅਤੇ ਸ਼ਾਲੀਮਾਰ ਬਾਗ਼। ਡੱਲ ਦੇ ਚਾਰੇ ਪਾਸੇ ਉਚੇ-ਉਚੇ ਹਰਿਆਲੀ ਭਰੇ ਪਹਾੜ ਜਿਵੇਂ ਲੋਕਾਂ ਨੂੰ ਸ਼ੁਭ ਕਾਮਨਾ, ਆਸ਼ੀਰਵਾਦ ਦੇ ਰਹੇ ਹੋਣ। ਇਹ ਪ੍ਰਾਚੀਨ ਡੱਲ ਝੀਲ ਅੱਜ ਦੀ ਆਧੁਨਿਕਤਾ ਦੇ ਪਹਿਰਾਵੇ ਵਿਚ ਕਸ਼ਮੀਰ ਦੀ ਸੱਭਿਅਤਾ ਨੂੰ ਅਮੀਰ ਕਰਨ ਵਿਚ ਹਮੇਸ਼ਾਂ ਤੱਤਪਰ ਰਹਿੰਦੀ ਹੈ।

ਸਵੇਰੇ ਸ਼ਾਮ ਹਵਾ ਵਿਚ ਹਲਕੀ ਸੁਰਸੁਰੀ ਜਿਸਮ ਵਿਚ ਇਕ ਅਲੌਕਿਕ ਅਨੰਦ ਦਾ ਅਹਿਸਾਸ ਦਿੰਦੀ ਹੋਈ ਪ੍ਰਤੀਤ ਹੁੰਦੀ ਹੈ। ਸੁੰਦਰ ਦ੍ਰਿਸ਼ਾਵਲੀਆ ਨਾਲ ਮਾਲਾਮਾਲ ਕਸ਼ਮੀਰ।

ਰਾਤ ਦੇ ਸਮੇਂ ਸ਼ਿਕਾਰੇ (ਬੇੜੀ) ਵਿਚ ਬੈਠ ਕੇ ਘੁੰਮਣ ਦਾ ਆਪਣਾ ਹੀ ਨਜ਼ਾਰਾ ਹੁੰਦਾ ਹੈ।

ਰਾਤ ਦੇ ਸਮੇਂ ਚਮਚਮਾਤੀ ਰੌਸ਼ਨੀ ਵਿਚ, ਚੰਦਰਮੇ ਦੀ ਠੰਢੀ ਲੋਅ ਵਿਚ ਸਾਰੀ ਝੀਲ ਦੁਲਹਨ ਵਾਂਗੂ ਸਜੀ ਲੱਗਦੀ ਹੈ। ਰਾਤ ਸਮੇਂ ਜਗਦੀ ਝੀਲ ਨੂੰ ਗੋਲਡਨ ਝੀਲ



ਦੇ ਨਾਂ ਨਾਲ ਪੁਕਾਰਿਆ ਜਾਂਦਾ ਹੈ। ਰਾਤ ਨੂੰ ਝੀਲ ਵਿਚ ਪੈਂਦੀ ਰੌਸ਼ਨੀ ਇੰਝ ਪ੍ਰਤੀਤ ਹੁੰਦੀ ਹੈ, ਜਿਵੇਂ ਸਾਰਾ ਪਾਣੀ ਹੀ ਜਗ-ਮਗ, ਜਗ-ਮਗ ਰੌਸ਼ਨੀ ਦੇ ਰਿਹਾ ਹੋਵੇ।

ਇਸ ਝੀਲ ਦੇ ਨਾਲ ਹੋਰ ਕਈ ਝੀਲਾਂ ਪੈਂਦੀਆਂ ਹਨ, ਜੋ ਇਸ ਦਾ ਇਕ ਹਿੱਸਾ ਬਣੀਆਂ ਹਨ, ਜਿਸ ਤਰ੍ਹਾਂ ਲੈਟਸ ਲੇਕ, ਗੁਲਫਾਮ ਲੇਕ ਅਤੇ ਹੋਰ ਝੀਲਾਂ।

ਝੀਲ ਦੇ ਵਿਚ ਥੋੜ੍ਹੀ ਦੂਰ ਸੱਜੇ-ਖੱਬੇ ਬਹੁਤ ਵੱਡੀ ਮਾਰਕੀਟ ਬਣੀ ਹੋਈ ਹੈ। ਸਾਰੀ ਬੇੜੀ ਸਥਿਰ ਮਾਰਕੀਟ ਹੈ। ਵੱਡੇ ਆਕਾਰ ਦੀਆਂ ਬੇੜੀਆਂ ਵਿਚ ਆਪਣਾ ਹੀ ਮਜ਼ਾ ਹੁੰਦਾ ਹੈ, ਜਿਵੇਂ ਮਨੁੱਖ ਜੰਨਤ ਵਿਚ ਉਤਰ ਆਇਆ ਹੋਵੇ।

ਝੀਲ ਦੇ ਪਾਣੀ ਵਿਚ ਹੀ ਕਈ ਤਰ੍ਹਾਂ ਦੀਆਂ ਸਬਜ਼ੀਆਂ ਵੀ ਪੈਦਾ ਕੀਤੀਆਂ ਜਾਂਦੀਆਂ ਹਨ। ਇਸ ਨੂੰ ਵੈਜੀਟੇਬਲ ਲੈਂਡ ਕਹਿੰਦੇ ਹਨ। ਝੀਲ ਵਿਚਲੇ ਬਾਜ਼ਾਰ ਨੂੰ ਮੀਨਾ ਬਾਜ਼ਾਰ ਕਹਿੰਦੇ ਹਨ। ਇਹ ਲਗਭਗ 25 ਕਿਲੋਮੀਟਰ ਲੰਬਾ ਹੈ। ਇਸ ਝੀਲ ਵਿਚ ਵੈਜੀਟੇਬਲ ਲੈਂਡ ਵਿਚ ਟਮਾਟਰ, ਕੱਦੂ, ਖੀਰਾ, ਖਰਬੂਜਾ ਆਦਿ ਸਬਜ਼ੀਆਂ ਪੈਦਾ ਕੀਤੀਆਂ ਜਾਂਦੀਆਂ ਹਨ। ਇਸ ਸਾਰੀ ਝੀਲ ਨੂੰ ਵੇਖਣ ਲਈ ਲਗਭਗ ਦੋ ਦਿਨ ਲੱਗਦੇ ਹਨ।

ਇਸ ਝੀਲ ਦੇ ਨਜ਼ਦੀਕ ਹੀ ਜਬਰਵਾਨ ਅਤੇ ਮਹਾਂਦੇਵ ਪਰਬਤ ਹਨ ਅਤੇ ਪਹਾੜਾਂ ਦੀਆਂ ਚੋਟੀਆਂ ਉਪਰ ਸਾਰਾ ਸਾਲ ਬਰਫ਼ ਪਈ ਰਹਿੰਦੀ ਹੈ।

ਡੱਲ ਝੀਲ ਦੇ ਨਜ਼ਦੀਕ ਪਰੀ ਮਹਿਲ ਅਤੇ ਸੈਂਟਰ ਹੋਟਲ ਸਾਫ਼ ਨਜ਼ਰ ਆਉਂਦੇ ਹਨ। ਝੀਲ ਦੇ ਠੀਕ ਵਿਚਕਾਰ ਚਾਰ ਚਿਨਾਰ ਦਾ ਛੋਟਾ ਜਿਹਾ ਟਾਪੂ ਆਪਣੀ ਸੁੰਦਰਤਾ ਦਾ ਪਰਿਚੇ ਦਿੰਦਾ ਨਜ਼ਰ ਆਉਂਦਾ ਹੈ, ਜਿਸ ਵਿਚ ਖ਼ੂਬਸੂਰਤ ਬਾਗ਼ ਆਪਣੀ ਪ੍ਰਤਿਭਾ ਦਰਸਾਉਂਦਾ ਨਜ਼ਰ ਆਉਂਦਾ ਹੈ। ਚਾਰ ਚਿਨਾਰ ਨੂੰ ਵੇਖਣ ਲਈ ਕੇਵਲ ਸ਼ਿਕਾਰੇ ਉਪਰ ਹੀ ਜਾਇਆ ਜਾ ਸਕਦਾ ਹੈ। ਨਹਿਰੂ ਪਾਰਕ ਜਾਣ ਲਈ ਵੀ ਸ਼ਿਕਾਰੇ ਦੀ ਜ਼ਰੂਰਤ ਪੈਂਦੀ ਹੈ। ਲਾਲ ਚੌਂਕ ਤੋਂ ਇਹ ਝੀਲ ਲਗਭਗ ਢਾਈ ਕਿਲੋਮੀਟਰ ਦੂਰ ਪੈਂਦੀ ਹੈ ਅਤੇ ਡੱਲ ਗੇਟ ਤੋਂ ਸ਼ੁਰੂ ਹੁੰਦੀ ਹੈ।

ਹਾਊਸ ਬੋਟਸ ਤਾਂ ਇਸ ਝੀਲ ਦੀ ਸੁੰਦਰਤਾ ਨੂੰ ਜੰਨਤ ਦਾ ਦਰਜ਼ਾ ਦੇਣ ਦੀ ਗਵਾਹੀ ਭਰਦੇ ਹਨ। ਖ਼ੂਬਸੂਰਤ, ਸਾਜ ਸੱਜਾ ਲਾਲ ਸੰਵਰੇ, ਖ਼ੂਬਸੂਰਤ ਰੰਗ ਬਰੰਗੇ, ਦਿਲਕਸ਼ ਆਧੁਨਿਕ ਨਿਰਮਾਣਸ਼ੈਲੀ ਵਿਚ ਬਣੇ ਹਾਊਸ ਬੋਟਸ ਵਾਕਈ ਜੰਨਤ ਦਾ ਪਰਾਏਵਾਚੀ ਹਨ। ਇਹ ਖ਼ੂਬਸੂਰਤ ਹਾਊਸ ਬੋਟਸ ਝੀਲ ਦੇ ਕਿਨਾਰੇ-ਕਿਨਾਰੇ ਇਕ ਲੰਬੀ ਲਾਈਨ ਵਿਚ ਖੜ੍ਹੇ ਯਾਤਰੀਆਂ ਦਾ ਸੈਲਾਨੀਆਂ ਦਾ ਖਾਮੋਸ਼ ਅਭਿਵਾਨ ਕਰਦੇ ਮਹਿਸੂਸ ਹੁੰਦੇ ਹਨ। ਕਮਰੇ ਅਤੇ ਸਹੂਲਤਾਂ ਹਾਊਸ ਬੋਟ ਦੇ ਆਕਾਰ ਤੇ ਬਣਾਵਟ ਉਪਰ ਨਿਰਭਰ ਕਰਦੇ ਹਨ। ਇਕ ਹਾਊਸ ਬੋਟ ਵਿਚ ਦਸ ਤੋਂ ਬਾਰਾਂ ਵਿਅਕਤੀ ਰਹਿ ਸਕਦੇ ਹਨ। ਹਾਊਸ ਬੋਟ ਤੱਕ ਜਾਣ ਲਈ ਮਾਲਿਕ ਸ਼ਿਕਾਰਾ ਭੇਜਦੇ ਹਨ, ਜਿਸ ਦਾ ਕਿਰਾਇਆ ਹਾਊਸ ਬੋਟ ਵਿਚ ਸ਼ਾਮਲ ਹੁੰਦਾ ਹੈ। ਸ਼ਾਮ ਨੂੰ ਹਾਊਸ ਬੋਟ ਦੀ ਬਾਲਕਾਨੀ ਜਾਂ ਛੱਤ ਉਪਰ ਬੈਠ ਕੇ ਡੱਲ ਝੀਲ ਦਾ ਨਜ਼ਾਰਾ ਲਿਆ ਜਾ ਸਕਦਾ ਹੈ, ਜੋ ਤੁਹਾਡੇ ਮਸਤਕ ਵਿਚ ਹਮੇਸ਼ਾ ਲਈ ਅੰਕਿਤ ਹੋ ਜਾਂਦਾ ਹੈ। ਇਥੋ ਫੋਟੋਗ੍ਰਾਫੀ ਦਾ ਆਪਣਾ ਹੀ ਮਜ਼ਾ, ਲੁਤਫ਼, ਨਜ਼ਾਰਾ ਹੁੰਦਾ ਹੈ। ਰਾਤ ਦਾ ਨਜ਼ਾਰਾ ਤਾਂ ਕਮਾਲ ਦਾ ਹੁੰਦਾ ਹੈ। ਕਿਸੇ ਜੰਨਤ (ਦੇਵ ਲੋਕ) ਦਾ ਅਹਿਸਾਸ ਪ੍ਰਤੀਤ ਹੁੰਦਾ ਹੈ। ਕੁਝ ਘਰ ਵੀ ਹਾਊਸ ਬੋਟ ਵਿਚ ਲੋਕਾਂ ਨੇ ਬਣਾਏ ਹੋਏ ਹਨ, ਜਿਨ੍ਹਾਂ ਦਾ ਸਾਰਾ ਜੀਵਨ ਇਨ੍ਹਾਂ ਵਿਚ ਹੀ ਨਿਕਲ ਜਾਂਦਾ ਹੈ।

ਝੀਲ ਵਿਚ ਬੋਟਨੁਮਾ ਦੁਕਾਨਾਂ ਤੋਂ ਹਰ ਚੀਜ਼ ਮਿਲ ਜਾਂਦੀ ਹੈ, ਜਿਸ ਤਰ੍ਹਾਂ ਕਸ਼ਮੀਰ ਕਲਾ ਦੀਆਂ ਚੀਜ਼ਾਂ, ਕਸ਼ਮੀਰੀ ਸ਼ਾਲ, ਕਾਲੀਨ, ਕੇਸਰ ਅਤੇ ਪੇਪਰਕਾਸ਼ੀ ਦਾ ਸਾਮਾਨ ਦੁਕਾਨਦਾਰ ਸ਼ਿਕਾਰੇ ਵਿਚ ਭਰਕੇ ਤੁਹਾਡੇ ਹਾਊਸ ਬੋਟ ਵਿਚ ਹੀ ਆ ਜਾਂਦੇ ਹਨ। ਸ਼ਿਕਾਰਿਆਂ ਵਿਚ ਹੀ ਸਾਮਾਨ ਮਿਲਦਾ ਹੈ, ਜੋ ਤੈਰਦੇ ਸ਼ਿਕਾਰਿਆਂ ਵਿਚ ਵੇਚਿਆ ਜਾਂਦਾ ਹੈ।

ਡੱਲ ਝੀਲ ਵਿਚ ਲਗਭਗ 300 ਕੁਦਰਤੀ ਝਰਨੇ ਫੁੱਟਦੇ ਹਨ, ਜੋ ਆਪਣੇ ਆਪ ਜ਼ਮੀਨ ਵਿਚੋਂ ਫੁੱਟਦੇ ਹਨ। ਝੀਲ ਵਿਚ ਅਨੇਕਾਂ ਹੀ ਤਰਤੀਬਮਈ ਦਿਲਕਸ਼ ਫੁਆਰਿਆਂ ਦਾ ਨਜ਼ਾਰਾ ਵੀ ਵੇਖਣਯੋਗ ਹੁੰਦਾ ਹੈ, ਜੋ ਡੱਲ ਝੀਲ ਦੇ ਆਸ-ਪਾਸ ਅਤੇ ਇਸ ਅੰਦਰ ਸੁੰਦਰ ਦ੍ਰਿਸ਼ਵਾਲੀਆਂ ਦਾ ਅਦਭੁੱਤ ਨਜ਼ਾਰਾ ਇੰਝ ਪ੍ਰਤੀਤ ਹੁੰਦਾ ਹੈ, ਜਿਵੇਂ ਜੰਨਤ ਦੇ ਮਾਲਿਕ ਨੇ ਕਿਸੇ ਹਰਕਾਰੇ ਦੇ ਹੱਥ ਜੰਨਤ ਕਸ਼ਮੀਰ ਵਿਖੇ ਭੇਜ ਦਿੱਤੀ ਜਾਵੇ।

ਕਸ਼ਮੀਰ (ਸ਼੍ਰੀਨਗਰ) ਵਿਖੇ ਅਨੇਕਾਂ ਸਥਾਨ ਵੇਖਣਯੋਗ ਹਨ। ਖ਼ਾਸ ਕਰਕੇ, ਮੁਗਲ ਬਾਗ, ਚਸ਼ਮੇਸ਼ਾਹੀ ਬਾਗ, ਨਿਸ਼ਾਤ ਬਾਗ, ਸ਼ਾਲੀਮਾਰ ਬਾਗ ਅਤੇ 90 ਕਿਲੋਮੀਟਰ ਪਹਿਲਗਾਮ ਚੰਦਨਵਾੜੀ, ਗੁਲ ਮਰਗ, ਸੋਨ ਮਰਗ, ਅੱਲਾ ਪਤਰੀ ਬੇਤਾਬ ਵੈਲੀ ਪਹਾੜ, ਆੜੂ ਵੈਲੀ, ਟੂਲਿਪ ਬਾਗ ਅਤੇ ਕਈ ਵੈਲੀਆਂ ਵੇਖਣਯੋਗ ਹਨ।

ਇਸਦੇ ਆਸ-ਪਾਸ ਦੇ ਕੁਝ ਦੂਰੀ ਉਪਰ ਵੇਖਣ ਵਾਲੇ ਅਨੇਕਾਂ ਹੀ ਸਥਾਨ ਹਨ : ਹਜ਼ਰਤ ਮਸਜਿਦ, ਸ਼ੰਕਰਚਾਰਿਆ ਮੰਦਿਰ, ਹਰੀ ਪਰਬਤ ਕਿਲਾ, ਹਾਰਵਨ ਬਾਗ, ਪਰੀ ਮਹਿਲ, ਜਾਮਾ ਮਸਜਿਦ, ਹਨੂਮਾਨ ਮੰਦਿਰ, ਪਾਮਪਰ (ਕੇਸਰ ਵਾਲੀ ਜ਼ਮੀਨ), ਮਟਨ, ਜੇਸ਼ਠ ਮਾਤਾ ਮੰਦਿਰ, ਖੀਰ ਭਵਦੀ ਮੰਦਿਰ, ਅੱਛਾਬਲ, ਯੂਸਮਰਗ, ਤੰਗ ਮਰਗ, ਅਵੰਤਪੁਰ, ਨੂਨ-ਕੂਨ, ਸੋਨਾ ਮਾਰਗ ਦੇ ਇਲਾਵਾ ਅਨੇਕਾਂ ਧਾਰਮਿਕ ਸਥਾਨ ਵੇਖਣਯੋਗ ਹਨ।

ਕਸ਼ਮੀਰ ਵਿਖੇ ਇਕ ਬਹੁਤ ਵੱਡਾ ਗੁਰਦੁਆਰਾ ਹੈ ਬਰਜਲਾ ਬਾਗਾ, ਸ਼ਹੀਦ ਬੂੰਗਾ ਗੁਰਦੁਆਰਾ (ਹੋਲੀ ਸਿਟੀ ਰਾਮ ਤੀਰਥ ਰੋਡ) ਵਿਖੇ। ਇਸ ਗੁਰਦੁਆਰੇ ਵਿਚ ਯਾਤਰੀ ਸੈਲਾਨੀ ਤਿੰਨ ਦਿਨਾਂ ਤੱਕ ਮੁਫ਼ਤ ਰਹਿ ਸਕਦੇ ਹਨ। ਇਥੇ ਰਹਿਣ ਲਈ ਕਮਰੇ ਹਨ। ਰਹਿਣ ਦਾ ਪੂਰਾ ਪ੍ਰਬੰਧ ਹੈ। ਲੰਗਰ ਦੀ ਵਿਵਸਥਾ ਵੀ ਹੈ।

ਕਸ਼ਮੀਰ (ਸ੍ਰੀਨਗਰ) ਵਿਖੇ ਅਨੇਕਾਂ ਹੀ ਸਥਾਨ 'ਨਾਗ' ਦੇ ਨਾਮ ਨਾਲ ਪ੍ਰਸਿੱਧ ਹਨ। ਜਿਸ ਤਰ੍ਹਾਂ ਵੈਰੀ ਨਾਗ, ਅਨੰਤ ਨਾਗ ਆਦਿ। ਇਤਿਹਾਸ ਵਿਚ ਨਾਗਵੰਸ਼ੀਆਂ ਬਾਰੇ ਲਿਖਿਆ ਗਿਆ ਹੈ ਕਿ ਟਾਂਕ ਕਸ਼ਤਰੀਏ ਨਾਗਵੰਸ਼ੀ ਰਾਜਾ ਤਕਸ਼ਕ ਦੀ ਕੁਲ ਵਿਚੋਂ ਸੀ। ਨਾਗਵੰਸ਼ੀ ਜਾਤੀ ਨੇ ਈਸਾ ਪੂਰਵ ਛੇਵੀਂ ਸਤਾਬਦੀ ਵਿਚ ਭਾਰਤ ਉਪਰ ਹਮਲਾ ਕਰਕੇ ਕਬਜ਼ਾ ਕਰ ਲਿਆ ਸੀ। ਇਸ ਕੁਲ ਦੇ ਰਾਜਾ ਤਕਸ਼ਕ ਕਰਕੇ ਟਾਂਕ ਰਾਜ ਕੁਲ ਪ੍ਰਸਿੱਧ ਹੋਈ, ਜੋ ਰਾਜਸਥਾਨ ਦੇ 36 ਪ੍ਰਮਾਣਿਕ ਰਾਜ ਘਰਾਣਿਆਂ ਵਿਚੋਂ 23ਵੇਂ ਸਥਾਨ ਉਪਰ ਹੈ। ਸੂਰਜਵੰਸ਼ੀ ਰਾਜਾ ਰਾਮ ਚੰਦਰ ਨੇ ਪੰਜਵੀਂ ਜਗ੍ਹਾ ਤਕਸ਼ਕ ਨਾਮ ਦਾ ਰਾਜਾ ਹੋਇਆ ਹੈ, ਜਿਸ ਦੇ ਵੰਸ਼ ਨੇ ਅਯੋਧਿਆ, ਸੌਰਾਸ਼ਟਰ ਅਤੇ ਮੇਵਾੜ ਉਪਰ ਰਾਜ ਕੀਤਾ। ਟਾਂਕ ਕਸ਼ਤਰੀਏ ਦੀ ਮੂਹੀ ਨਾਗਵੰਸ਼ ਹੈ, ਜੋ ਕਸ਼ਯਪ ਰਿਸ਼ੀ ਦੇ ਪੁੱਤਰ ਸੂਰਜ ਤੋਂ ਸ਼ੁਰੂ ਹੋਇਆ। ਕਸ਼ਯਪ ਦੀਆਂ ਦੋ ਰਾਣੀਆਂ ਸਨ-ਕਦਰੂ ਅਤੇ ਵਿਨੀਤਾ। ਕਦਰੂ ਦੇ ਪੁੱਤਰ ਨੀਲ, ਪਦਮ ਅਤੇ ਸਾਂਖ ਸਨ। ਵਿਨੀਤਾ ਦੇ ਪੁੱਤਰ ਸੂਰਜ, ਧਰਮ ਰਾਜ, ਗਰੁੜ ਅਤੇ ਪੁੱਤਰੀ ਯਮੁਨਾ ਸੀ। ਕਸ਼ਯਪ ਦੇ ਬਾਅਦ ਸੂਰਜ ਗੱਦੀ ਉਪਰ ਬੈਠਾ। ਇਸਦੇ ਭਰਾ ਆਪਣੇ ਸੌਤੇਲੇ ਭਰਾਵਾਂ-ਨੀਲ, ਪਦਮ ਅਤੇ ਸਾਂਖ ਨੂੰ ਕਰੋਧੀ ਸੁਭਾਅ ਹੋਣ ਦੇ ਕਾਰਣ ਨਾਗ ਕਹਿਕੇ ਬੁਲਾਵਣ ਲੱਗੇ ਅਤੇ ਇਸਨੂੰ ਸਤੀ ਸਰਸ (ਕਸ਼ਮੀਰ) ਦਾ ਇਲਾਕਾ ਦੇ ਕੇ ਅਲੱਗ ਕਰ ਦਿੱਤਾ। ਅੱਜ ਵੀ ਕਸ਼ਮੀਰ ਦੇ ਚਸ਼ਮਿਆਂ ਦਾ ਨਾਮ ਇਨ੍ਹਾਂ ਦੇ ਨਾਂ ਉਪਰ ਪ੍ਰਸਿੱਧ ਹਨ, ਜਿਸ ਤਰ੍ਹਾਂ ਵੈਲੀ ਨਾਗ, ਅਨੰਤ ਨਾਗ ਆਦਿ।

ਭਾਰਤ ਦਾ ਤਾਜ ਕਿਹਾ ਜਾਣ ਵਾਲਾ ਕਸ਼ਮੀਰ ਰਾਜ ਆਪਣੇ ਗੌਰਵਪੂਰਨ ਇਤਿਹਾਸ ਅਤੇ ਕੁਦਰਤੀ ਖ਼ੂਬਸੂਰਤੀ ਨਾਲ ਖੈਰ ਖਵਾਹੀ ਦਿੰਦਾ ਹੋਇਆ ਵਿਸ਼ਵ ਭਰ ਵਿਚ ਸੈਲਾਨੀਆਂ ਦਾ ਪਸੰਦੀਦਾ ਗੁਲਫ਼ਾਮ ਸਥਾਨ ਹੈ।

ਈਸਾ ਪੂਰਵ ਤੀਜੀ ਸ਼ਤਾਬਦੀ ਵਿਚ ਸਮਰਾਟ ਅਸ਼ੋਕ ਨੇ ਕਸ਼ਮੀਰ ਵਿਚ ਬੁੱਧ ਧਰਮ ਦਾ ਪ੍ਰਚਾਰ ਕੀਤਾ। ਬਾਅਦ ਵਿਚ ਮਹਾਰਾਜਾ ਕਨਿਸ਼ਕ ਨੇ ਇਸ ਦੀਆਂ ਜੜ੍ਹਾਂ ਹੋਰ ਮਜ਼ਬੂਤ ਕੀਤੀਆਂ। ਤੇਰਵੀਂ ਸ਼ਤਾਬਦੀ ਵਿਚ ਕਸ਼ਮੀਰ ਉਤੋਂ 'ਹੁਣੋ' ਦਾ ਅਧਿਕਾਰ ਰਿਹਾ। ਕਸ਼ਮੀਰ ਦੇ ਹਿੰਦੂ ਰਾਜਿਆਂ ਵਿਚ ਲਲਿਤਾ ਦਿਤਯ ਸਭ ਤੋਂ ਪ੍ਰਸਿੱਧ ਰਾਜਾ ਹੋਇਆ। ਇੱਥੇ ਇਸਲਾਮ ਦਾ ਆਗਮਨ 13ਵੀਂ ਅਤੇ 14ਵੀਂ ਸਦੀ ਵਿਚ ਹੋਇਆ ਅਤੇ 63 ਸਾਲਾਂ ਤੱਕ ਇਸ ਰਾਜ ਉਤੇ ਪਠਾਨਾਂ ਦਾ ਸ਼ਾਸਨ ਰਿਹਾ।

ਬਾਅਦ ਵਿਚ ਡੋਗਰਾ ਸ਼ਾਸਕ ਰਾਜਾ ਮਾਲਦੇਵ ਨੇ ਕਈ ਇਲਾਕੇ ਜਿੱਤ ਕੇ ਆਪਣੇ ਵਿਸ਼ਾਲ ਰਾਜ ਦੀ ਸਥਾਪਨਾ ਕੀਤੀ। ਇਸਦੇ ਬਾਅਦ ਪੰਜਾਬ ਦੇ ਸ਼ਾਸਕ ਮਹਾਰਾਜਾ ਰਣਜੀਤ ਸਿੰਘ ਨੇ ਇਸਨੂੰ ਆਪਣੇ ਰਾਜ ਵਿਚ ਮਿਲਾ ਲਿਆ। ਇਸ ਦੇ ਬਾਅਦ ਮਹਾਰਾਜਾ ਹਰੀ ਸਿੰਘ ਨੇ 26 ਅਕਤੂਬਰ, 1947 ਦੀ ਭਾਰਤੀ ਸੰਘ ਦੇ ਇਕ ਸਮੂਹ ਉਪਰ ਦਸਤਖ਼ਤ ਕੀਤੇ।

ਜੰਮੂ-ਕਸ਼ਮੀਰ ਰਾਜ ਦੀ ਲਗਭਗ 80 ਪ੍ਰਤੀਸ਼ਤ ਜਨਸੰਖਿਆ ਖੇਤੀਬਾੜੀ/ਬਾਗਬਾਨੀ (ਕਾਸ਼ਤਕਾਰੀ) ਉਪਰ ਨਿਰਭਰ ਹੈ। ਇਥੇ ਬੋਲੀ ਜਾਣ ਵਾਲੀ ਪ੍ਰਮੁੱਖ ਭਾਸ਼ਾ ਉਰਦੂ ਹੈ ਅਤੇ ਕਸ਼ਮੀਰੀ, ਡੋਗਰੀ, ਹਿੰਦੀ, ਪੰਜਾਬੀ, ਲੱਦਾਖੀ ਆਦਿ ਭਾਸ਼ਾਵਾਂ ਵੀ ਬੋਲੀਆਂ ਜਾਂਦੀਆਂ ਹਨ।

ਲਗਭਗ 101387 ਵਰਗ ਕਿਲੋਮੀਟਰ ਖੇਤਰਫ਼ਲ 'ਚ ਫੈਲਿਆ ਇਹ ਰਾਜ ਸੈਲਾਨੀਆਂ ਦੀ ਦ੍ਰਿਸ਼ਟੀ ਵਿਚ ਬੇਹੱਦ ਮਹੱਤਵਪੂਰ, ਅਦਭੁੱਤ ਸਥਾਨ ਹੈ। ਇੱਥੇ ਮੁਗਲ ਬਾਦਸ਼ਾਹਾਂ ਦੁਆਰਾ ਨਿਰਮਿਤ ਬਾਗ਼ ਬਗੀਚੇ ਆਪਣੀ ਅਦਭੁੱਤ ਅਤਿ ਸੁੰਦਰਤਾ ਲਈ ਵਿਸ਼ਵ ਪ੍ਰਸਿੱਧ ਹਨ। ਇਸ ਕਰਕੇ ਲੱਦਾਖ ਸਥਿਤ ਬੁੱਧ ਮੰਦਿਰ ਅਤੇ ਮਠ ਸਥਾਪਤ ਕਲਾ ਦੀ ਮਨੋਰਮ ਵੈਕੁੰਠ ਭਰੀ ਮਿਸਾਲ ਹੈ।

ਕੁਦਰਤੀ ਖ਼ੂਬਸੂਰਤੀ ਨਾਲ ਮਾਲਾਮਾਲ ਇਥੋਂ ਦੀਆਂ ਮਨੋਹਰ ਵਾਦੀਆਂ ਨੂੰ ਵੇਖਕੇ ਮੁਗਲ ਬਾਦਸ਼ਾਹ ਜਹਾਂਗੀਰ ਨੇ ਇਸੇ ਧਰਤੀ ਉਪਰ ਸਵਰਗ ਨਾਮ ਦਿੱਤਾ ਹੈ। ਦੁਧੀਆ ਦ੍ਰਿਸ਼ਾਵਲੀਆਂ, ਅਦਭੁੱਤ ਮਨਮੋਹਣੀਆਂ ਵਾਦੀਆਂ ਵਿਚ ਆ ਕੇ ਕਿਸੇ ਦਾ ਵੀ ਮਨ-ਤਨ ਭਾਵ-ਵਿਭੋਰ ਹੋਏ ਬਿਨਾਂ ਨਹੀਂ ਰਹਿੰਦਾ।

ਬਰਫ਼ ਨਾਲ ਲੱਥ-ਪੱਥ ਪਹਾੜੀਆਂ, ਝਰਨੇ, ਹਰੇ-ਭਰੇ ਬਾਗ਼, ਚਮਕਦੀਆਂ ਝੀਲਾਂ, ਚਿਨਾਰ ਦੇ ਰੁੱਖ ਅਤੇ ਅਨੇਕਾਂ ਪ੍ਰਕਾਰ ਦੇ ਫ਼ਲ, ਫੁੱਲ, ਚਾਰ ਸੌ ਸਾਲ ਪੁਰਾਣੇ ਰੁੱਖ, ਨਾਗਿਨ ਝੀਲ ਇਸ ਦੀ ਸੁੰਦਰਤਾ ਨੂੰ ਚਾਰ ਚੰਨ ਲਗਾ ਰਹੇ ਹਨ।

ਸੂਫੀ ਸੰਤਾਂ ਦੀਆਂ ਅਨੇਕਾਂ ਪਵਿੱਤਰ ਦਰਗਾਹਾਂ, ਜੈਣ ਓਲਦੀਨ ਸ਼ਾਹ ਜੈਰਤ (ਰਿਸ਼ੀ ਸੀ), ਮਹਿਜੂਰ ਦਾ ਕਬਰਿਸਤਾਨ, ਜਾਮੀਆ ਮਸਜਿਦ, ਹਜਰਤ ਬਲ, ਹਿੰਦੂਆਂ ਤੇ ਸਿੱਖਾਂ ਦੇ ਤੀਰਥ ਸਥਾਨ ਆਦਿ ਇਸ ਧਰਤੀ ਨੂੰ ਪਵਿੱਤਰਤਾ ਦਿੰਦੇ ਹੋਏ ਅਸ਼ੀਰਵਾਦ ਦੇ ਰਹੇ ਹਨ। ਸ੍ਰੀਨਗਰ ਸ਼ਹਿਰ ਜਿਹਲਮ ਨਦੀ ਦੇ ਦੋਵਾਂ ਕਿਨਾਰਿਆਂ ਉਪਰ ਵਸਿਆ ਹੋਇਆ ਹੈ।

ਕਸ਼ਮੀਰ (ਸ਼੍ਰੀਨਗਰ) ਨੂੰ ਵਿਸ਼ੇਸ ਤੌਰ 'ਤੇ ਫਲ ਫੁੱਲਾਂ ਦੀ ਧਰਤੀ ਵੀ ਕਿਹਾ ਜਾਂਦਾ ਹੈ। ਇਸ ਧਰਤੀ ਉਪਰ ਕੁਦਰਤ ਦੀ ਏਨੀ ਬਖ਼ਸ਼ਿਸ਼ ਹੈ ਕਿ ਅਨੇਕਾਂ ਬਾਗ ਇਸ ਧਰਤੀ ਦੇ ਹਿੱਸੇ ਆਏ ਹਨ। ਖ਼ਾਸ ਕਰਕੇ ਸੇਬਾਂ ਦੇ ਕਈ-ਕਈ ਮੀਲ ਲੰਬੇ ਬਾਗ਼ ਵਿਸ਼ੇਸ ਤੌਰ 'ਤੇ ਕਈ ਮੀਲ ਲੰਬੀ ਐਪਲ ਵੈਲੀ (ਸੇਬ ਵੈਲੀ) ਕਸਬਾ ਕਲਿਆਣ ਵਿਖੇ ਹੈ, ਜਿਥੇ ਸਾਰੀ ਧਰਤੀ ਬਾਗ਼ਾਂ ਨੇ ਜੰਨਤ ਬਣਾ ਰੱਖੀ ਹੈ। ਹੋਰ ਅਖਰੋਟ ਦੇ ਵੱਡੇ ਰੁੱਖ ਬਾਗ਼। ਹਰ ਤਰ੍ਹਾਂ ਦਾ ਫ਼ਰੂਟ ਹੁੰਦਾ ਹੈ।

ਖ਼ਾਸ ਕਰਕੇ ਪਾਮ ਕਸਬੇ ਵਿਖੇ ਕੇਸਰ ਦੀ ਖੇਤੀ ਹੁੰਦੀ ਹੈ। ਦੁਨੀਆਂ ਵਿਚ ਇਸ ਸਥਾਨ ਦੀ ਮਹੱਤਤਾ ਹੈ। ਇਹ ਕੇਸਰ ਦੇਸ਼-ਵਿਦੇਸ਼ ਤੱਕ ਜਾਂਦਾ ਹੈ। ਇਸ ਧਰਤੀ ਨੂੰ ਮਾਲਾਮਾਲ ਕੀਤਾ ਹੈ ਕੁਦਰਤ ਨੇ। ਸਾਰਾ ਇਲਾਕਾ ਬਿਲਕੁਲ ਪੱਧਰਾ ਹੈ।

ਕਸ਼ਮੀਰ ਜਿੱਥੇ ਆਪਣੀ ਅਦਭੁੱਤ ਸੁੰਦਰਤਾ ਨਾਲ ਮਾਲਾਮਾਲ ਹੈ। ਕਿਸੇ ਸਮੇਂ ਭਾਰਤ ਦਾ ਸਭ ਤੋਂ ਕਮਾਊ ਸ਼ਹਿਰ ਸੀ। ਦੇਸ਼-ਵਿਦੇਸ਼ ਦੇ ਲੋਕਾਂ ਦਾ ਤਾਂਤਾ ਲੱਗਾ ਰਹਿੰਦਾ ਸੀ। ਇੱਥੇ ਅੱਜਕੱਲ੍ਹ ਲੋਕ ਮਾਹੌਲ ਨੂੰ ਵੇਖਦੇ ਹੋਏ ਡਰਦੇ ਹੀ ਨਹੀਂ ਜਾਂਦੇ। ਇੱਥੋਂ ਦੇ ਲੋਕਾਂ ਦਾ ਵਪਾਰ ਮੱਧਮ ਪੈ ਗਿਆ ਹੈ। ਖ਼ਾਸ ਕਰਕੇ ਡੱਲ ਝੀਲ ਦੇ ਸ਼ਿਕਾਰੇ, ਹਾਊਸ ਬੋਟ ਦੀ ਤਰਸਯੋਗ ਹਾਲਤ ਹੋ ਗਈ ਹੈ। ਫਾਈਵ ਸਟਾਰ ਵਰਗੇ ਹਾਊਸ ਬੋਟਸ ਦਾ ਮਾੜਾ ਹਾਲ ਹੈ। ਟਾਵੇਂ-ਟਾਵੇਂ ਲੋਕ ਹੀ ਇੱਥੇ ਆਉਂਦੇ ਹਨ। ਬੇਸ਼ੱਕ ਪ੍ਰਸ਼ਾਸਨ ਦੁਆਰਾ ਸੁਰੱਖਿਆ ਦੇ ਕੜੇ ਪ੍ਰਬੰਧ ਹਨ ਪਰ ਮਾਹੌਲ ਤੋਂ ਡਰਕੇ ਲੋਕ ਘੱਟ ਜਾਂਦੇ ਹਨ। ਆਮ ਜਨਤਾ ਜਾਂ ਸੈਲਾਨੀਆਂ ਦੀ ਪੂਰੀ ਇੱਜ਼ਤ ਹੁੰਦੀ ਹੈ। ਫਿਰ ਵੀ ਕਸ਼ਮੀਰ ਕਸ਼ਮੀਰ ਹੀ ਹੈ। ਇਕ ਅਦਭੁੱਤ ਧਰਤੀ ਦਾ ਵੈਕੁੰਠ।

## ਭਲਾ ਸਰਬੱਤ ਦਾ ਮੰਗਦੇ ਹਾਂ

ਇੱਕੋ ਜੋਤ ਇਨਸਾਨ ਦੀ ਜਾਣਦੇ ਹਾਂ, ਹਾਮੀ
ਅਮਨ ਦੇ ਹਾਂ ਵੈਰੀ ਜੰਗ ਦੇ ਹਾਂ।
ਆਪਣੇ ਦੇਸ਼ ਦੀ ਅਣਖ਼ ਤੇ ਆਣ ਬਦਲੇ,
ਸੀਸ ਆਪਣੇ ਸੂਲੀ 'ਤੇ ਟੰਗਦੇ ਹਾਂ।
ਦੇਸ਼ ਧਰਮ 'ਤੇ ਚੁੱਕੇ ਹੱਥ ਕੋਈ, ਹੱਥ ਉਸਦੇ
ਖ਼ੂਨ ਵਿਚ ਰੰਗਦੇ ਹਾਂ।
ਜਾਵੇ ਗਲ਼ ਪਰ ਗੱਲ ਨਾ ਮੂਲ ਜਾਵੇ, ਆਖੀ
ਗੱਲ ਨਾ ਕਦੀ ਉਲੰਘ ਦੇ ਹਾਂ।
ਪਹਿਰਾ ਦੇਂਦੇ ਹਾਂ ਹੱਕ ਤੇ ਸੱਚ ਉਤੇ, ਇਹ ਗੱਲ
ਆਖਣੋਂ ਕਦੇ ਨਾ ਸੰਗਦੇ ਹਾਂ।
ਬੰਦ ਬੰਦ ਕਰ ਕੱਟਿਆ ਜਿਸਮ ਜਾਵੇ, ਤਾਂ ਵੀ
ਭਲਾ ਸਰਬੱਤ ਦਾ ਮੰਗਦੇ ਹਾਂ।

ਅਸੀਂ ਲਾਲ ਹਾਂ ਗੁਰੂ ਗੋਬਿੰਦ ਸਿੰਘ ਦੇ, ਪੈਦਾ
ਹੋਏ ਹਾਂ ਖੰਡੇ ਦੀ ਧਾਰ ਵਿਚੋਂ।
ਸਿੱਖੀ ਲਈ ਹੈ ਸੀਸ ਦੀ ਭੇਟ ਦੇ ਕੇ, ਗੁਝੀ
ਗੱਲ ਨਹੀਂ ਸਾਰੇ ਸੰਸਾਰ ਵਿਚੋਂ।
ਸਾਰੇ ਜੱਗ ਤੋਂ ਵੱਖ ਪਹਿਚਾਣ ਸਾਡੀ, ਸਾਫ
ਦਿਸ ਰਿਹਾ ਪੰਜ ਕਾਕਾਰ ਵਿਚੋਂ।
ਪਾਸ ਹੋਏ ਹਾਂ ਗੜ੍ਹੀ ਚਮਕੌਰ ਦੀ 'ਚੋਂ,
ਫਤਹਿਗੜ੍ਹ ਦੀ ਖ਼ੂਨੀ ਦੀਵਾਰ ਵਿਚੋਂ।
ਸੀਸ ਤਲੀ ਧਰ ਯਾਰ ਦੀ ਗੱਲੀ ਜਾਣਾ,
ਆਸ਼ਕ ਮੁਢ ਤੋਂ ਏਸ ਉਮੰਗ ਦੇ ਹਾਂ।
ਨੋਚੇ ਨਾਲ ਜੰਬੂਰਾਂ ਦੇ ਮਾਸ ਕੋਈ, ਤਾਂ ਵੀ
ਭਲਾ ਸਰਬੱਤ ਦਾ ਮੰਗਦੇ ਹਾਂ।

ਹਾਕਮ ਕੋਈ ਹਕੂਮਤ ਦੇ ਨਸ਼ੇ ਅੰਦਰ, ਸਾਡੇ
ਧਰਮ ਅਸਥਾਨ ਨੂੰ ਸਾੜ ਦੇਵੇ।
ਬੱਚੇ, ਬੀਬੀਆਂ, ਬੁੱਢਿਆਂ ਸੰਗਤਾਂ 'ਤੇ, ਫੌਜਾਂ
ਬੇਮੁਹਾਰੀਆਂ ਚਾੜ੍ਹ ਦੇਵੇ।
ਅੱਤਵਾਦੀ ਵੱਖ ਵਾਦੀ ਦੇ ਨਾਮ ਦੇ ਕੇ, ਘਰ
ਬਾਰ ਸਭ ਸਾਡੇ ਉਜਾੜ ਦੇਵੇ।
ਸ਼ਾਨ ਕੌਮ ਦੀ ਫੜ ਕੇ ਜਵਾਨ ਮੁੰਡੇ, ਗੋਲੀ
ਮਾਰ ਦੇਵੇ ਜਿਹਲੀਂ ਤਾੜ ਦੇਵੇ।
ਵੀਹ-ਵੀਹ ਲੱਖ ਕੋਈ ਸਿਰਾਂ ਦਾ ਮੁੱਲ ਪਾਵੇ,
ਹਸ ਹਸ ਮਰਨ ਲਈ ਰੂਪ ਪਤੰਗ ਦੇ ਹਾਂ।
ਸਾੜ ਦੇਣ ਚਾਹੇ ਗਲ਼ਾਂ ਵਿਚ ਟਾਇਰ ਪਾ ਕੇ,
ਤਾਂ ਵੀ ਭਲਾ ਸਰਬੱਤ ਦਾ ਮੰਗਦੇ ਹਾਂ।

ਲਏ ਬਹੁਤ ਵਾਰੀ ਇਮਤਹਾਨ ਸਾਡੇ,
ਰਾਜਨੀਤੀ ਅਸੂਲਾਂ ਦੇ ਗੰਦਿਆਂ ਨੇ।
ਦੇਗਾਂ ਵਿਚ ਉਬਾਲੇ ਸਰੀਰ ਸਾਡੇ, ਭਰੇ ਮਜ਼੍ਹਬੀ
ਜਨੂੰਨ ਦੇ ਬੰਦਿਆਂ ਨੇ।
ਸਾਨੂੰ ਪਰਖਿਆ ਹੈ ਘੱਲੂਘਾਰਿਆਂ ਨੇ, ਸਾਨੂੰ
ਪਰਖਿਆ ਫਾਂਸੀ ਦੇ ਫੰਦਿਆਂ ਨੇ।
ਲਿਖਿਆ ਖ਼ੂਨ ਦੇ ਨਾਲ ਇਤਿਹਾਸ ਸਾਡਾ,
ਖ਼ੂਨ ਲਿਬੜੇ ਆਰੇ ਦੇ ਦੰਦਿਆਂ ਨੇ।
ਚਾਹੇ ਮੁਗ਼ਲ ਫਰੰਗੀ ਜਾ ਹੋਣ ਗਾਂਧੀ, ਅਸੀਂ
ਸਾਰਿਆਂ ਲਈ ਇੱਕੋ ਰੰਗਦੇ ਹਾਂ।
ਜੇਲ੍ਹਾਂ ਵਿਚ ਸੜ ਕੇ ਚੜ੍ਹ ਕੇ ਫਾਂਸੀਆਂ 'ਤੇ,
ਫਿਰ ਵੀ ਭਲਾ ਸਰਬੱਤ ਦਾ ਮੰਗਦੇ ਹਾਂ।

ਤੋਪਾਂ ਗੋਲੀਆਂ ਆਰਿਆਂ ਰੰਬੀਆ ਨੇ, ਸਾਨੂੰ
ਹਰ ਹਥਿਆਰ ਨੇ ਪਰਖਿਆ ਹੈ।
ਮੁਗ਼ਲਾਂ ਅਤੇ ਫ਼ਰੰਗੀਆਂ ਪਰਖਿਆ ਹੈ, ਸਾਨੂੰ
ਕੌਮੀ ਸਰਕਾਰ ਨੇ ਪਰਖਿਆ ਹੈ।
ਪਿੱਛੋਂ ਮਿਲੀ ਏ ਸਿੱਖੀ ਦੀ ਦਾਤ ਸਾਨੂੰ, ਪਹਿਲਾਂ
ਤੇਗ਼ ਦੀ ਧਾਰ ਨੇ ਪਰਖਿਆ ਹੈ।
ਜਿਸ ਦੀ ਜੱਗ ਦੇ ਵਿਚ ਮਿਸਾਲ ਕੋਈ ਨਈਂ,
ਅਸੀਂ ਨਾਇਕ ਇਕ ਐਸੇ ਪ੍ਰਸੰਗ ਦੇ ਹਾਂ।
ਝੋਲੀ ਵਿਚ ਸੰਸਾਰ ਦੇ ਦੁੱਖ ਪਾ ਕੇ, ਫਿਰ ਵੀ
ਭਲਾ ਸਰਬੱਤ ਦਾ ਮੰਗਦੇ ਹਾਂ।



-ਸਤਨਾਮ ਸਿੰਘ ਦਰਦੀ
ਚਾਨੀਆਂ, ਜਲੰਧਰ
92569-73526
(Punjab Mail USA)

## ਇਨ੍ਹਾਂ ਬੱਚਿਆਂ ਨਾਲ ਮੇਰਾ ਨਾਤਾ



ਅਜੀਬ ਰਿਸ਼ਤਾ ਹੈ
ਇਨ੍ਹਾਂ ਪਿਆਰੇ ਸਕੂਲੀ ਬੱਚਿਆਂ ਨਾਲ ਮੇਰਾ,
ਹੱਸਦੇ, ਖਿੜ-ਖਿੜਾਉਂਦੇ
ਰੌਣਕਾਂ ਲਗਾਉਂਦੇ ਨੇ ਇਹ।
ਤੋਤਲੀਆਂ ਗੱਲਾਂ ਕਰਕੇ
ਤੇ ਕਦੇ ਕੋਈ ਨਵੀਂ ਗੱਲ ਸੁਣਾ ਕੇ,
ਮੇਰੇ ਦਿਨ ਦੀ ਸ਼ੁਰੂਆਤ ਕਰਦੇ ਨੇ ਇਹ।
ਕੋਈ ਸ਼ਿਕਾਇਤਾਂ ਲਗਾਉਂਦਾ ,
ਕੋਈ ਖਾਣ-ਪੀਣ ਦੀਆਂ ਚੀਜ਼ਾਂ ਵੰਡਾਉਂਦਾ।
ਇਹ ਬੱਚੇ ਕਦੇ ਖੱਟੀਆਂ-ਮਿੱਠੀਆਂ ਗੱਲਾਂ ਕਰਦੇ
ਤੇ ਕਦੇ ਰੌਂਦੇ ਵੀ,
ਅਜੀਬ ਰਿਸ਼ਤਾ ਹੈ ਮੇਰਾ ਇਨ੍ਹਾਂ ਨੰਨੇ-ਮੁੰਨਿਆਂ ਨਾਲ਼।
ਰੱਬ ਦਾ ਰੂਪ, ਪਿਆਰ ਦੀ ਮੂਰਤ ਤੇ
ਮਮਤਾ ਮਈ ਚਿਹਰੇ,
ਮੇਰੇ ਲਈ ਤੇ ਆਪਣੀ ਮਾਂ ਲਈ ਤੇ
ਸਭ ਲਈ ਬਹੁਤ ਪਿਆਰੇ ਨੇ ਇਹ ਬੱਚੇ।
ਖੇਡਦੇ, ਕੁੱਦਦੇ ਤੇ ਜਿੱਤਦੇ-ਹਾਰਦੇ
ਤੇ ਬਹੁਤ ਕੁਝ ਨਵਾਂ ਸਿੱਖਦੇ ਵੀ,
ਇਹ ਪਿਆਰੇ ਬੱਚੇ।
ਬਹੁਤ ਵਾਰ ਸੋਚਦਾ ਹਾਂ
ਕਿ ਸ਼ਾਇਦ ਬਹੁਤ ਡੂੰਘਾ ਰਿਸ਼ਤਾ ਹੈ ਮੇਰਾ ,
ਇਨ੍ਹਾਂ ਪਿਆਰੇ ਬੱਚਿਆਂ ਨਾਲ਼।
ਪਰਮਾਤਮਾ ਜ਼ਿੰਦਗੀ ਦੀ ਹਰ ਖ਼ੁਸ਼ੀ
ਦੇਵੇ ਇਨ੍ਹਾਂ ਪਿਆਰੇ ਬੱਚਿਆਂ ਨੂੰ;
ਤੰਦਰੁਸਤੀ, ਵਿੱਦਿਆ ਤੇ ਬੁੱਧੀ,
ਮਿਲ਼ੇ ਇਨ੍ਹਾਂ ਪਿਆਰੇ ਬੱਚਿਆਂ ਨੂੰ।
ਮੇਰੇ ਸਕੂਲ ਦੇ ਪਿਆਰੇ ਬੱਚੇ....



-ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ
ਸ੍ਰੀ ਅਨੰਦਪੁਰ ਸਾਹਿਬ
94785-61356
(ਇੰਡੀਆ ਬੁੱਕ ਆੱਫ਼ ਰਿਕਾਰਡਜ਼ ਹੋਲਡਰ )
(Punjab Mail USA)

## ਐ ਮਨੁੱਖ ਤੂੰ ਇਨਸਾਨ ਬਣ

ਇੱਕ ਸਿਰ, ਇੱਕ ਮੂੰਹ, ਇੱਕ ਨੱਕ, ਦੋ ਅੱਖਾਂ, ਦੋ ਹੱਥ,
ਦੋ ਲੱਤਾਂ, ਦੋ ਪੈਰ ਅਤੇ ਦੋ ਬਾਹਵਾਂ
ਵਾਲੀ ਸ਼ਕਲ ਮਨੁੱਖ ਨਹੀਂ ਹੁੰਦੀ
ਮਨੁੱਖ ਉਹ ਹੁੰਦਾ ਹੈ, ਜਿਹੜਾ ਕਾਮ, ਕ੍ਰੋਧ,
ਲੋਭ, ਮੋਹ, ਅਹੰਕਾਰ ਤੇ ਈਰਖਾ ਤੋਂ ਰਹਿਤ ਹੋਵੇ
ਜਿਸ ਵਿਚ ਹਮਦਰਦੀ, ਦਇਆ, ਪਿਆਰ,
ਸਤਿਕਾਰ, ਸਹਿਣਸ਼ੀਲਤਾ, ਨਿਮਰਤਾ,
ਭਾਵਨਾਵਾਂ, ਜਜ਼ਬਾਤ, ਅਹਿਸਾਸ,
ਅਣਖ, ਜ਼ਮੀਰ ਤੇ ਨੈਤਿਕਤਾ ਹੋਵੇ
ਸਿੱਖ ਧਰਮ ਵਿਚ ਸਿੱਖਣ ਦੀ ਬਹੁਤ ਮਹਾਨਤਾ ਹੈ।
ਜਿਵੇਂ ਗੁਰੂ ਜੀ ਆਖਦੇ ਹਨ ਕਿ ਸਿੱਖੀ ਸਿੱਖਿਆ ਗੁਰ ਵੀਚਾਰੁ॥
ਪਰ ਮਨੁੱਖ ਨੇ ਹੁਣ ਤੱਕ ਕੁੱਝ ਨਹੀਂ ਸਿੱਖਿਆ
ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ:
"ਕਰਤੂਤਿ ਪਸੂ ਕੀ ਮਾਨਸ ਜਾਤਿ॥"
ਸਮਾਜ ਵਿਚ ਕੀ ਕੁੱਝ ਹੋ ਰਿਹਾ ਹੈ।
ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ:
"ਐਸਾ ਕੰਮ ਮੂਲੇ ਨਾ ਕੀਚੈ ਜਿਤੁ ਅੰਤਿ ਪਛੋਤਾਈਐ॥"
ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:
"ਸ਼ੁਭ ਅਮਲਾਂ 'ਤੇ ਹੋਣੇਂ ਨੇ ਨਿਬੇੜੇ
ਤੇ ਜਾਤਿ ਕਿਸੇ ਪੁਛਣੀ ਨਹੀਂ॥"
ਬੰਦਾ ਬੰਦੇ ਦਾ ਬੁਰਾ ਨਾ ਕਰੇ
ਕਿਸੇ ਦਾ ਦਿਲ ਨਾ ਦੁਖਾਉ
ਕਿਸੇ ਨਾਲ ਧੋਖਾ ਨਾ ਕਰੋ
ਕਿਸੇ ਦਾ ਹੱਕ ਨਾ ਖਾਉ
ਜਿਵੇਂ ਗੁਰੂ ਜੀ ਫੁਰਮਾਉਂਦੇ ਹਨ:
"ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ॥"
ਇਕ ਵਧੀਆ ਡਾਕਟਰ, ਲੇਖਕ, ਗੀਤਕਾਰ, ਅਧਿਆਪਕ,
ਗਾਇਕ ਹੋਣਾ ਹੋਰ ਗੱਲ ਹੈ, ਵਧੀਆ ਮਨੁੱਖ ਹੋਣਾ ਹੋਰ ਗੱਲ ਹੈ।
ਪਿਆਰ ਕਰੋ ਮਨੁੱਖਤਾ ਨੂੰ
ਇਸ ਦਾ ਹੋਰ ਹੱਲ ਇਹ ਹੈ ਕਿ ਮਨੁੱਖ
ਗੁਰਬਾਣੀ ਦੀ ਸਿੱਖਿਆ ਲੈ ਕੇ,
ਸਿਮਰਨ ਕਰਕੇ ਆਪਣੇ ਆਪ ਨੂੰ
ਪੂਰਨ ਮਨੁੱਖ ਬਣਾ ਸਕਦਾ ਏ
ਅਤੇ ਇਨ੍ਹਾਂ ਕੁਕਰਮਾਂ ਤੋਂ ਬਚ ਸਕਦਾ ਹੈ।
ਪਰ ਪੂਰਨ ਮਨੁੱਖ ਬਣਨਾ ਸੌਖਾ ਨਹੀਂ,
"ਫਰਿਸ਼ਤੋਂ ਸੇ ਬਿਹਤਰ ਹੈ ਇਨਸਾਨ ਬਣਨਾ
ਮਗਰ ਇਸ ਮੇਂ ਲਗਤੀ ਹੈ ਮਿਹਨਤ ਜ਼ਿਆਦਾ।"



-ਮਾਸਟਰ ਨਿਰਮਲ ਸਿੰਘ ਲਾਲੀ, ਯੂਬਾ ਸਿਟੀ
530-777-0955
(Punjab Mail USA)

## ਵਰਤਮਾਨ ਹਾਲਾਤ ਉਪਰ

### ਹੋਲੀ 'ਤੇ ਵਿਸ਼ੇਸ

ਨਵੇਂ ਰੰਗਾਂ ਨਵੇਂ ਢੰਗਾਂ ਨਵੇਂ ਨਿਯਮਾਂ ਦੀ ਹੋਲੀ ਹੈ।
ਨਵੇਂ ਪ੍ਰਯੋਗ ਪਰੀਵਰਤਨ ਦੇ ਵਿਚ ਕਸਮਾਂ ਦੀ ਹੋਲੀ ਹੈ।
ਨਵੇਂ ਭਾਵਾਂ ਦੇ ਦ੍ਰਿਸ਼ਟੀ ਕੋਣ ਦਾ ਆਗ਼ਾਜ਼ ਵਧੀਆ ਹੈ।
ਕਿ ਉਡਦੇ ਬਾਜ ਦੇ ਖੰਭਾਂ ਦੇ ਵਿਚ ਪਰਵਾਜ਼ ਵਧੀਆ ਹੈ।
ਇਹ ਸ਼ਿਸ਼ਟਾਚਾਰ ਸ਼ਰਧਾ ਪਿਆਰ ਤੇ ਕਦਰਾਂ ਦੀ ਹੋਲੀ ਹੈ।
ਨਵੇਂ ਰੰਗਾਂ ਨਵੇਂ ਢੰਗਾਂ ਨਵੇਂ ਨਿਯਮਾਂ ਦੀ ਹੋਲੀ ਹੈ।
ਨਵੇਂ ਅੰਜ਼ਾਮ ਦੇ ਸਿਰ 'ਤੇ ਨਵੀਂ ਕਲਗੀ ਸੁਸ਼ੋਭਿਤ ਹੈ।
ਉਮੀਦਾਂ ਵਿਚ ਅਨੁਸ਼ਾਸਨ ਦੀ ਪਰਿਭਾਸ਼ਾ ਨਵੋਦਿਤ ਹੈ।
ਜਗਾਓ ਦੀਪ ਰੰਗਾਂ ਦੇ ਇਹ ਸ਼ੁਭ ਕਰਮਾਂ ਦੀ ਹੋਲੀ ਹੈ।
ਨਵੇਂ ਰੰਗਾਂ ਨਵੇਂ ਢੰਗਾਂ ਨਵੇਂ ਨਿਯਮਾਂ ਦੀ ਹੋਲੀ ਹੈ।
ਖ਼ਿਆਲਾਂ ਦੇ ਨਵੇਂ ਰੰਗਾਂ ਬਿਖੇਰੇ ਖ਼ੂਬਸੂਰਤ ਫੁੱਲ।
ਕਰਾਂਤੀ ਦੀ ਹਕੀਕਤ ਵਿਚ ਖ਼ਿੜੇ ਨੇ ਖ਼ੂਬਸੂਰਤ ਫੁੱਲ।
ਖ਼ੁਸ਼ੀ ਤੇ ਸਾਂਝ ਮਿਲਵਰਤਨ ਦੇ ਵਿਚ ਰਸਮਾਂ ਦੀ ਹੋਲੀ ਹੈ।
ਨਵੇਂ ਰੰਗਾਂ ਨਵੇਂ ਢੰਗਾਂ ਨਵੇਂ ਨਿਯਮਾਂ ਦੀ ਹੋਲੀ ਹੈ।
ਅਜੋਕੀ ਖਾਹਿਸ਼ ਦੇ ਬੂਟੇ ਪਿਆ ਹੈ ਬੂਰ ਕਹਿਰਾਂ ਦਾ।
ਭਵਿੱਖ ਵਿਚ ਆਸ ਜੋ ਬਦਲੇਗਾ ਹੁਣ ਰੰਗ ਰੂਪ ਸ਼ਹਿਰਾਂ ਦਾ।
ਕਿਤੇ ਤਕਸੀਮ ਕਰਨੀ ਹੈ ਕਿਤੇ ਜ਼ਰਬਾਂ ਦੀ ਹੋਲੀ ਹੈ।
ਨਵੇਂ ਰੰਗਾਂ ਨਵੇਂ ਢੰਗਾਂ ਨਵੇਂ ਨਿਯਮਾਂ ਦੀ ਹੋਲੀ ਹੈ।
ਜਦੋਂ ਵੀ ਭੀੜ ਦੇ ਵਿਚ ਸਾਂਝ, ਏਕਾ, ਰੱਬ ਬਣ ਜਾਵੇ।
ਉਦੋਂ ਫਿਰ ਸੱਚ ਬਣ ਕੇ ਢਾਲ ਸੀਨਿਆਂ ਵਿਚ ਤਣ ਜਾਵੇ।
ਭੁਲਾ ਕੇ ਰੰਗ ਭੇਦਾਂ ਨੂੰ ਸਿਰਫ਼ ਕਰਮਾਂ ਦੀ ਹੋਲੀ ਹੈ।
ਨਵੇਂ ਰੰਗਾਂ ਨਵੇਂ ਢੰਗਾਂ ਨਵੇਂ ਨਿਯਮਾਂ ਦੀ ਹੋਲੀ ਹੈ।
ਨਵੇਂ ਸੂਰਜ ਦੀ ਆਮਦ 'ਚੋਂ ਲਈ ਆਸਾਂ ਨੇ ਅੰਗੜਾਈ।
ਨਵੇਂ ਸੂਰਜ ਦੀ ਸਿਰਜਨਾਂ ਅੰਦਰ ਨਵੀਂ ਗੂੰਜੇਗੀ ਸ਼ਹਿਨਾਈ।
ਜਿਨ੍ਹਾਂ ਇਤਿਹਾਸ ਰਚਿਆ ਹੈ ਉਨ੍ਹਾਂ ਅਰਬਾਂ ਦੀ ਹੋਲੀ ਹੈ।
ਨਵੇਂ ਰੰਗਾਂ ਨਵੇਂ ਢੰਗਾਂ ਨਵੇਂ ਨਿਯਮਾਂ ਦੀ ਹੋਲੀ ਹੈ।
ਖ਼ੁਸ਼ੀ ਭੰਗੜੇ ਤੇ ਸੱਚਾਈ ਸੁਨਹਿਰਾ ਭਵਿੱਖ ਸਿਰਜਨਗੇ।
ਕਿ ਸੱਭਿਆਚਾਰ ਦੇ ਅੰਦਰ ਨਵੇਂ ਇਤਿਹਾਸ ਪਰਤਣਗੇ।
ਕਿ ਵਖੋ-ਵੱਖ ਜਜ਼ਬੇ ਵਿਚ ਸੱਚੇ ਧਰਮਾਂ ਦੀ ਹੋਲੀ ਹੈ।
ਨਵੇਂ ਰੰਗਾਂ ਨਵੇਂ ਢੰਗਾਂ ਨਿਯਮਾਂ ਦੀ ਹੋਲੀ ਹੈ।
ਇਨ੍ਹਾਂ ਕਰਕੇ ਹੀ ਤਬਦੀਲੀ ਦੇ ਵਿਚ ਇਕ ਜਾਨ ਆਈ ਹੈ।
ਪੂਰੇ ਪੰਜਾਬ ਦੀ ਸ਼ਕਤੀ ਦੇ ਵਿਚ ਪਹਿਚਾਣ ਆਈ ਹੈ।
ਕਲਮ ਦੇ ਸਾਰਥਿਕ ਹੋਏ ਨਵੇਂ ਅੱਖਰਾਂ ਦੀ ਹੋਲੀ ਹੈ।
ਨਵੇਂ ਰੰਗਾਂ ਨਵੇਂ ਢੰਗਾਂ ਨਵੇਂ ਨਿਯਮਾਂ ਦੀ ਹੋਲੀ ਹੈ।
ਜੀਉ ਯੁਗ-ਯੁਗ ਤੁਹਾਡੀ ਸੋਚ ਛੂਹੇ ਇਕ ਬੁਲੰਦੀ ਨੂੰ।
ਗੁਲਾਬੀ ਖ਼ੂਬਸੂਰਤ ਫੁੱਲ ਪੈਵਣ ਅਕਲ ਮੰਦੀ ਨੂੰ।
ਗਲੇ ਮਿਲਣੇਂ, ਬਿਗਾਨੇ ਗੈਰ ਤੇ ਸੱਜਣਾਂ ਦੀ ਹੋਲੀ ਹੈ।
ਨਵੇਂ ਰੰਗਾਂ ਨਵੇਂ ਢੰਗਾਂ ਨਵੇਂ ਨਿਯਮਾਂ ਦੀ ਹੋਲੀ ਹੈ।
ਤਪੱਸਿਆ ਵਿਵਧ ਅਰਥਾਂ ਵਿਚ ਹੀ ਆਤਮਤੋਸ਼ ਦਿੰਦੀ ਹੈ।
ਮਿਆਰੀ ਸੋਚ ਹੀ 'ਬਾਲਮ' ਤੇਜ਼ਸਵੀ ਜੋਸ਼ ਦਿੰਦੀ ਹੈ।
ਗਤੀਵਿਧੀਆਂ 'ਚ ਬੁੱਧੀ ਆਤਮਾ ਮਿਹਰਾਂ ਦੀ ਹੋਲੀ ਹੈ।
ਨਵੇਂ ਰੰਗਾਂ ਨਵੇਂ ਢੰਗਾਂ ਨਵੇਂ ਨਿਯਮਾਂ ਦੀ ਹੋਲੀ ਹੈ।



-ਬਲਵਿੰਦਰ 'ਬਾਲਮ' ਗੁਰਦਾਸਪੁਰ
ਓਂਕਾਰ ਨਗਰ ਗੁਰਦਾਸਪੁਰ (ਪੰਜਾਬ)
ਮੋ. 98156-25409
(Punjab Mail USA)

## ਔਰਤ ਦੇ ਦਿਲ ਦੀ ਗੱਲ

### ਅੰਤਰਰਾਸ਼ਟਰੀ ਔਰਤ ਦਿਵਸ (8 ਮਾਰਚ) 'ਤੇ ਵਿਸ਼ੇਸ਼

ਹੱਸਦੇ ਰਹਿਣਾ ਹਾਸੇ ਵੰਡਣਾ, ਹੈ ਇਹ ਮੇਰੀ ਖ਼ਸਲਤ,
ਸਿਰ ਸੁੱਟ ਕੇ ਚੱਲਦੇ ਜਾਣਾ, ਮੇਰੀ ਹੈ ਇਹ ਫ਼ਿਤਰਤ।

ਹਾਸਾ ਦੇਖ ਕਿਸੇ ਦਾ ਦੁਨੀਆ, ਲਾਵੇ ਗ਼ਲਤ ਅੰਦਾਜ਼ੇ,
ਚਿਹਰੇ ਪਿੱਛੇ ਕੋਈ ਨਾ ਦੇਖੇ, ਦਿਲ ਦੇ ਘੋਰ ਅਜ਼ਾਬੇ।

ਔਖੇ ਪਲ 'ਤੇ ਬਿਖੜੇ ਪੈਂਡੇ, ਬਣਦੇ ਰਹੇ ਮੇਰੇ ਸਾਥੀ,
ਯਾਦਾਂ ਨੇ ਸਭ ਮੇਰਾ ਵਿਰਸਾ, ਕੀ ਖ਼ੁਸ਼ੀ ਤੇ ਕੀ ਉਦਾਸੀ।

ਉੱਠ ਕੇ ਡਿੱਗਣਾ ਡਿੱਗ ਕੇ ਉੱਠਣਾ, ਰਿਹਾ ਚਲ਼ਣ ਹੈ ਮੇਰਾ,
ਸਾਥੀ ਮੇਰਾ ਘੱਟ ਚਾਨਣ ਬਣਿਆ, ਬਹੁਤਾ ਘੁੱਪ ਹਨੇਰਾ।

ਇਸ ਦੁਨੀਆਂ ਵਿਚ ਆਉਣਾ ਸੌਖਾ, ਪਰ ਨਾ ਜੀਣਾ ਸੌਖਾ,
ਨਿੱਤ ਦਿਨ ਹੱਲ ਕਰਨਾ ਪੈਂਦਾ, ਹਰ ਇੱਕ ਮਸਲਾ ਔਖਾ।

ਰਿਸ਼ਤੇ ਨਾਤੇ ਸਹੁਰੇ ਮਾਪੇ, ਦੇ ਨਾ ਸਕੇ ਹੱਕ ਮੈਨੂੰ,
ਦਰਦ ਵੰਡਾਇਆ ਸਭ ਦਾ ਪਰ, ਦਰਦ ਮਿਲੇ ਬੱਸ ਮੈਨੂੰ।

ਪਿੱਛੇ ਮੁੜ ਕੇ ਤੱਕਣਾ ਮੈਨੂੰ, ਪਰ ਜ਼ਰਾ ਨਹੀਂ ਭਾਉਂਦਾ,
ਔਕੜਾਂ ਦਰੜ ਕੇ ਪੈਰਾਂ ਥੱਲੇ, ਸਵਾਦ ਅਨੋਖਾ ਆਉਂਦਾ।

ਬਹੁਤੀ ਤਾਂ ਹੁਣ ਲੰਘ ਗਈ, ਭਾਵੇਂ ਥੋੜ੍ਹੀ ਰਹਿ ਗਈ,
ਪਰ ਮੁੜ ਜੀਵਣ ਦੀ ਸੱਧਰ, ਚੁੱਪੀ ਵਿਚ ਕੁੱਛ ਕਹਿ ਗਈ।

ਆ ਜਿੰਦੇ ਲੱਗ ਮੇਰੇ ਸੀਨੇ, ਦੇ ਜਾਹ ਕੋਈ ਦਿਲਾਸਾ,
ਹੋਰ ਨਹੀਂ ਜੇ ਸਰਦਾ ਤੈਥੋਂ, ਹੱਸ ਜਾਹ ਝੂਠਾ ਹਾਸਾ।

ਸੁਣਾ ਮੈਨੂੰ ਜਾਂ ਸੁਣ ਜਾਹ ਮੈਥੋਂ, ਗੱਲ ਕੋਈ ਧੁਰ ਦਿਲ ਦੀ,
ਜੋ ਅੱਜ ਤੱਕ ਨਾ ਲਬ 'ਤੇ ਆਈ, ਰਹੀ ਅੰਦਰ ਮੇਰਾ ਛਿੱਲਦੀ।



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
ਟੈਲੀਫੋਨ: 07748772308
(Punjab Mail USA)

## ਨਾਨਕ ਦਾ ਉਪਦੇਸ਼

ਗੁਰੂ ਨਾਨਕ ਦਾ ਉਪਦੇਸ਼
ਦੁਨੀਆਂ 'ਤੇ ਹੈ ਨਿਆਰਾ।
ਸੰਦੇਸ਼ ਗੁਰੂ ਦੀ ਬਾਣੀ ਦਾ
ਲੱਗਦਾ ਬੜਾ ਪਿਆਰਾ।

ਰੱਬ ਤੋਂ ਸੋਹਣੀ ਤਸਵੀਰ
ਜੋ ਸੀ ਨਾਨਕੀ ਦਾ ਵੀਰ।
ਮਹਿਤਾ ਕਾਲੂ ਨਾ ਸਮਝੇ
ਕਿਉਂ ਰਹਿੰਦਾ ਦਿਲਗੀਰ।

ਤ੍ਰਿਪਤਾ ਮਾਂ ਭੋਲੀ-ਭਾਲੀ
ਘਰ 'ਚ ਹੋਵੇ ਖੁਸ਼ਹਾਲੀ।
ਜੋ ਦਰ ਉਹਦੇ ਆਇਆ
ਜਾਵੇ ਕਦੇ ਵੀ ਨਾ ਖਾਲੀ।

ਨਾਨਕ ਦੀ ਸੂਰਤ ਸੋਹਣੀ
ਮੰਨ ਨੂੰ ਲੱਗੇ ਮਨਮੋਹਣੀ।
ਸੂਰਜ ਦੇ ਵਾਂਗ ਮੁੱਖੜਾ
ਕਿਸੇ ਨਾ ਨਜ਼ਰ ਲਾਉਣੀ।

ਜੋ ਸੱਚਾ ਸੀ ਸੌਦਾ ਕਰਦੇ
ਭੁੱਖੇ ਦਾ ਢਿੱਡ ਸੀ ਭਰਦੇ।
ਬਾਬਰ ਦੀ ਚੱਕੀ ਪੀਂਹਦੇ
ਜ਼ੁਲਮ ਤੋਂ ਨਾ ਉਹ ਡਰਦੇ।

ਮੱਝਾਂ ਸੀ ਚਾਰਨ ਤੁਰਿਆ
ਜੱਗ ਨੂੰ ਸਵਾਰਨ ਤੁਰਿਆ।
ਅਰਸ਼ਾਂ ਤੋਂ ਉੱਤਰ ਆਈ
ਬਾਣੀ ਉਚਾਰਨ ਤੁਰਿਆ।

ਪੈਂਡਾ ਕੀਤਾ ਸੀ ਕੋਹਾਂ ਦੂਰ
ਬਾਣੀ ਹੈ ਅਪਰ- ਅਪਾਰ
ਮਨੁੱਖਤਾ ਦਾ ਕਰੇ ਸੁਧਾਰ
ਨਾਨਕ ਹੈ ਸੱਚਾ ਅਵਤਾਰ
ਸਤਿਗੁਰ ਦੇ ਹੋਣ ਦੀਦਾਰ।

ਕ੍ਰਿਤ ਕਰਨੀ, ਵੰਡ ਛਕਣਾਂ
ਪ੍ਰਮੇਸ਼ਰ ਦਾ ਨਾਮ ਜੱਪਣਾ।
ਖੇਤੀ ਵੀ ਕਰਦੇ-ਕਰਦੇ
ਬਾਣੀ ਨਾ ਪੜ੍ਹਦੇ ਥੱਕਣਾ।

'ਸੁਹਲ' ਸਭ ਸੀਸ ਝੁਕਾਉ
ਗੁਰਬਾਣੀ ਨੂੰ ਮਨ ਵਸਾਉ।
ਬਾਣੀ ਨੂੰ ਸਮਝਣ ਖਾਤਰ
ਆਪਣਾ ਵੀ ਮਨ ਬਣਾਉ।



ਮਲਕੀਅਤ 'ਸੁਹਲ', ਨੋਸ਼ਹਿਰਾ
ਬਹਾਦਰ (ਤਿੱਬੜੀ) ਗੁਰਦਾਸਪੁਰ
ਮੋ : 9872848610
(Punjab Mail USA)

## ਮਿੱਟੀ ਨਾ ਫਰੋਲ ਬਾਵਿਆ

ਰਾਜ਼ ਜਾਨਣੇ ਲਈ ਉਹ ਮਿੱਟੀ ਫਰੋਲ ਰਿਹਾ ਹੈ,
ਦੇਖੋ ਮਿੱਟੀ ਦਾ ਬਾਵਾ ਵਿਚੋਂ ਕੀ ਟੋਹਲ ਰਿਹਾ ਹੈ ?
ਜ਼ਿੰਦਗੀ ਦੀ ਦਲਦਲ ਵਿਚੋਂ ਚਾਹਵੇ ਸੁੱਚੇ ਮੋਤੀ,
ਪਰ ਸਰਦਲ 'ਤੇ ਆਪੇ ਉਹ ਹੰਝੂ ਡੋਲ੍ਹ ਰਿਹਾ ਹੈ।

ਸੁਬਾਹ ਤੋਂ ਸ਼ਾਮ ਤੱਕ ਉਲਝਿਆ ਵਿਚ ਜੰਜਾਲ,
ਭੁੱਲ ਗਿਆ ਹੈ ਨਿਸ਼ਾਨਾ ਜੀਵਨ ਦਾ ਖਿਆਲ।
ਦੌੜ ਜਿੱਤਣ ਦੀ ਕੋਸ਼ਿਸ਼ ਕਰਦੈ ਤਾਅ ਜ਼ਿੰਦਗੀ,
ਸਾਗਰ ਕੁੱਖੇ ਸੁਨਾਮੀ ਵਾਂਗੂੰ ਹੁੰਦੀ ਨਹੀਂ ਸੰਭਾਲ਼।

ਹਾਰਿਆ ਹੰਭਿਆ ਮਗਰ ਸਿਰੜੀ ਪੱਕਾ ਜਾਪਦੈ,
ਰਾਹ ਨ-ਕਾਮਯਾਬੀਆਂ ਦੇ ਵਾਰ 2 ਉਹ ਮਾਪਦੈ।
ਸ਼ਾਇਦ ਰਾਜਾ ਬਰੂਸ ਜਾਂ ਨੈਪੋਲੀਅਨ ਨੂੰ ਪੜ੍ਹਦੈ,
ਜੋ ਮੰਜ਼ਿਲ ਦਾ ਰਾਸਤਾ ਇੱਕ ਵਾਰ ਫਿਰ ਨਾਪਦੈ।



-ਸੇਵਾ ਸਿੰਘ "ਨੂਰਪੁਰੀ"
(Punjab Mail USA)

# REALTY ONE GROUP

## FOR SALE & PURCHASE OF ANY KIND OF PROPERTY

## *Recently Sold Properties*



Caravaggio, Sacramento | Stroman, Sacramento | Mason Ct, Tracy | Windsong Dr, Tracy
Oak Valley Way, Stockton | Van Eych, Sacramento | Valenda Ct, Elk Grove | Rodfo Ct, Sacramento
Masters St, Elk Grove | Little Harbor Ct, Elk Grove | Bond Road, Elk Grove | Bond Road, Elk Grove



**Gurjatinder S. Randhawa**
REALTOR CA DRE licence # 01490567

## *New Listings*




Bradshaw Road, Elk Grove | Neutra Way, Elk Grove | Pawcatuck Way, Rancho Cordova

**Gurjatinder S. Randhawa**
web: www.RealtorRandhawa.com
916-320-9444
garysingh123@yahoo.com